New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 18 April, 2025 C ੬ ਵੈਸਾਖ ਨਾਨਕਸ਼ਾਹੀ ਸੰਮਤ ੫੫੭ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

## ਫੈਡਰਲ ਲੀਡਰਾਂ ਦੀ ਹੋਈ ਬਹਿਸ ਦੌਰਾਨ ਟੈਰਿਫ਼ ਅਤੇ ਰਿਹਾਇਸ਼ੀ ਸੰਕਟ ਦਾ ਮੁੱਦਾ ਰਿਹਾ ਭਾਰੂ

**ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਨੂੰ ਮਿਲੇਗੀ ਜੀ.ਐਸ.ਟੀ. 'ਚ ਛੋਟ : ਮਾਰਕ ਕਾਰਨੀ**

**ਤਿੰਨ ਵਾਰ ਅਪਰਾਧ ਕਰਨ ਵਾਲਿਆਂ ਨੂੰ ਹੋਵੇਗੀ ਉਮਰ ਕੈਦ : ਪੀਅਰ ਪੌਲੀਐਵ**

**ਵੱਡੀਆਂ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਲਾਭਖੋਰੀ ਰੋਕਾਂਗੇ : ਜਗਮੀਤ ਸਿੰਘ**

ਸਰੀ, (ਅਮਰਪਾਲ ਸਿੰਘ): ਕੈਨੇਡਾ ਵਿੱਚ 2025 ਦੀਆਂ ਫੈਡਰਲ ਚੋਣਾਂ ਲਈ ਹੁਣ ਸਿਰਫ਼ 10 ਦਿਨ ਬਾਕੀ ਹਨ ਅਤੇ ਕੈਨੇਡਾ 'ਚ ਹਰ ਪਾਸੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਵੀਰਵਾਰ ਰਾਤ ਮਾਂਟਰੀਅਲ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਹੋਈ ਵੱਖ ਵੱਖ ਪਾਰਟੀਆਂ ਦੇ ਲੀਡਰਾਂ ਦੀ ਦੂਜੀ ਬਹਿਸ ਨੇ ਚੋਣਾਂ ਦੇ ਮਾਹੌਲ ਨੂੰ ਨਵੇਂ ਪੜਾਅ 'ਤੇ ਪਹੁੰਚਾ ਦਿੱਤਾ। ਇਸ ਡਿਬੇਟ ਵਿੱਚ ਚਾਰ ਮੁੱਖ ਪਾਰਟੀਆਂ ਦੇ ਆਗੂ – ਲਿਬਰਲ ਪਾਰਟੀ ਦੇ ਮਾਰਕ ਕਾਰਨੀ, ਕੰਜ਼ਰਵੇਟਿਵ ਪਾਰਟੀ ਦੇ ਪੀਅਰ ਪੌਲੀਐਵ, ਬਲੌਕ ਕਿਊਬੇਕੁਆ ☛ ਬਾਕੀ ਸਫ਼ਾ 10 'ਤੇ




## ਪਲਾਸਟਿਕ ਦੇ ਭਾਂਡਿਆਂ ਵਿੱਚ ਖਾਣਾ ਸਿਹਤ ਲਈ ਬੇਹੱਦ ਹਾਨੀਕਾਰਕ

### ਗੁਰੂ ਕਾ ਲੰਗਰ ਪਲਾਸਟਿਕ ਦੇ ਭਾਂਡਿਆਂ 'ਚ ਨਾ ਵਰਤਾਉਣ ਦੀ ਅਪੀਲ

ਸਰੀ : ਵਾਤਾਵਰਣ ਵਿਗਿਆਨੀਆਂ ਅਤੇ ਸਿਹਤ ਸੰਸਥਾਵਾਂ ਵਲੋਂ ਕੀਤੇ ਗਏ ਤਾਜ਼ਾ ਸਰਵੇਖਣਾਂ ਮੁਤਾਬਕ, ਪਲਾਸਟਿਕ ਦੇ ਭਾਂਡਿਆਂ ਵਿੱਚ ਭੋਜਨ ਕਰਨਾ ਸਿਰਫ਼ ਸਿਹਤ ਲਈ ਹੀ ਨਹੀਂ, ਸਗੋਂ ਵਾਤਾਵਰਨ ਲਈ ਵੀ ਬੇਹੱਦ ਹਾਨੀਕਾਰਕ ਹੈ। ਇਹ ਭਾਂਡੇ ਨਾ ਤਾਂ ਆਸਾਨੀ ਨਾਲ ਨਸ਼ਟ ਹੁੰਦੇ ਹਨ, ਨਾ ਹੀ ਇਹ ਰੀਸਾਈਕਲ ਹੋ ਸਕਦੇ ਹਨ। ਇਸ ਕਰਕੇ ਇਹ ਧਰਤੀ 'ਤੇ ਕਈ ਸਾਲਾਂ ਤੱਕ ਪਏ ਰਹਿ ਜਾਂਦੇ ਹਨ ਅਤੇ ਹੌਲੀ ਹੌਲੀ ਇਨਾਂ ਵਿੱਚ ਜ਼ਹਿਰੀਲੇ ਤੱਤ ਇਕੱਠੇ ਹੋ ਜਾਂਦੇ ਹਨ ।

ਪਲਾਸਟਿਕ ਦੇ ਭਾਂਡਿਆਂ ਤੋਂ ਖਾਸ ਤੌਰ 'ਤੇ ਗਰਮ ਭੋਜਨ ਜਾਂ ਚਾਹ ਆਦਿ ਪੀਣ ਸਮੇਂ ਬਿਸਫਿਨੋਲ-ਏ (BPA)



ਅਤੇ ਫਥਲੇਟਸ (Phthalates) ਵਰਗੇ ਰਸਾਇਣ ਰਿਲੀਜ਼ ਹੁੰਦੇ ਹਨ। ਇਹ ਰਸਾਇਣ ਹਾਰਮੋਨਲ ਗੜਬੜ, ਥਾਇਰਾਇਡ ਸਮੱਸਿਆਵਾਂ, ਪੇਟ ਸੰਬੰਧੀ ਬਿਮਾਰੀਆਂ, ਲਿਵਰ ਤੇ ਕਿਡਨੀ ਨੂੰ ਨੁਕਸਾਨ ਪਹੁੰਚਾਉਣ, ਇਮਿਊਨ ਸਿਸਟਮ ਦੀ ਕਮਜ਼ੋਰ ਅਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦੇ ਵਧਣ ਦੇ ਕਾਰਨ ਬਣ ਰਹੇ ਹਨ।

ਗੁਰੂ ਕਾ ਲੰਗਰ ਸਿੱਖ ਧਰਮ ਦਾ ਅਨਮੋਲ ਰੂਪ ਹੈ, ਜੋ ਸਮਾਨਤਾ, ਭਾਈਚਾਰੇ ਅਤੇ ਪਵਿੱਤਰਤਾ ਦੀ ਮਿਸਾਲ ਹੈ। ਪਰ ਜਦੋਂ ਗੁਰੂ ਕਾ ਲੰਗਰ ਪਲਾਸਟਿਕ ਦੇ ਭਾਂਡਿਆਂ ਵਿੱਚ ਵਰਤਾਇਆ ਜਾਂਦਾ ਹੈ ਤਾਂ ਇਹ ਸਿੱਖੀ ਦੇ ਆਦਰਸ਼ਾਂ ਨਾਲ ਉਲਟ ਜਾਂਦਾ ☛ ਬਾਕੀ ਸਫ਼ਾ 10 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

ELECT

# GREGOR ROBERTSON

# ਗਰੈਗਰ ਰੌਬਰਟਸਨ

Vancouver Fraserview- South Burnaby

www.gregorrobertson.ca
2010 48th Avenue E, Vancouver BC
604-321-4884

Liberal

Authorized by the Official Agent of Gregor Robertson



## EXPERIENCED, TRUSTED, BRIDGE BUILDER

**ਮਜ਼ਬੂਤ ਲੀਡਰਸ਼ਿਪ**

- 2008-2018: ਵੈਨਕੂਵਰ ਦੇ ਮੇਅਰ
- 2005-2008: ਬੀ.ਸੀ. ਐਨ.ਡੀ.ਪੀ. ਐਮ.ਐਲ.ਏ. (ਵੈਨਕੂਵਰ-ਫੇਅਰਵਿਊ)

**ਸਾਡੇ ਭਾਈਚਾਰੇ ਵਿੱਚ ਨਿਵੇਸ਼**

- ਕਿਲਾਰਨੀ ਅਤੇ ਸਨਸੈੱਟ ਸੀਨੀਅਰਜ਼ ਸੈਂਟਰ
- ਰਿਵਰ ਡਿਸਟ੍ਰਿਕਟ ਹਾਊਸਿੰਗ
- ਫਾਇਰ-ਹਾਲ ਨੰਬਰ 5 ਅਤੇ ਫਾਇਰ-ਹਾਲ ਨੰਬਰ 17

**ਕਾਰੋਬਾਰੀ ਤਜਰਬਾ**


- ਹੈਪੀ ਪਲੈਨਟ ਫੂਡਜ਼ ਦੇ ਸੰਸਥਾਪਕ ਅਤੇ ਸਾਬਕਾ ਸੀ.ਈ.ਓ.

On April 28th, 2025

## Vote for Gregor Robertson

Liberal Candidate for Vancouver Fraserview - South Burnaby

AUTHORIZED BY THE OFFICIAL AGENT FOR GREGOR ROBERTSON


ਖਾਲਸਾ ਸਾਜਨਾ ਦਿਵਸ ਅਤੇ
ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ
ACME
TRANSPORT LTD
P: 604-593-5409 | F: 604-593-5408 | Toll Free : 1-855-888-2263 (ACME)
E-mail : dispatch@acmetransport.ca
10170 Grace Road,Surrey, BC, V3V 3V6


HAPPY VAISAKHI
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
SARABHA
DRIVING SCHOOL
SARABHA
TRUCK REPAIR SERVICE LTD.
SARABHA
DRIVING SCHOOL
TRUCK REPAIR
TRANSPORT
604 600 5835, 604 916 5835
SARABHA TRUCK REPAIR
Govt. Approved Facility
GOVERNMENT APPROVED FACILITY.
CLASS 1, 2, 3, 4, 5, 6 & 7 AIR BRAKE COURSE
WE OFFER ICBC APPROVED MELT DRIVING COURSES
ਅਸੀਂ ਆਈ.ਸੀ.ਬੀ.ਸੀ. ਤੋਂ ਮਨਜ਼ੂਰਸ਼ੁਦਾ ਕਲਾਸ 1, 2, 3, 4, 5, 6 ਅਤੇ 7 ਏਅਰ ਬ੍ਰੇਕ ਡਰਾਈਵਿੰਗ ਕੋਰਸ ਕਰਵਾਉਂਦੇ ਹਾਂ।
AMRIT GREWAL
604-600-5835
JAS
604-916-5835
SUKH
778-241-5835
Email : sarabhadrivingschool@gmail.com | Web : sarabhatransport.com
19770 98 Ave, Langley Twp, BC V1M 2X5


BHARTI ART JEWELLERS
SINCE - 1973
ਭਾਰਤੀ ਆਰਟ ਜਿਊਲਰਜ਼
ਪਾਇਲ ਬਿਜ਼ਨਸ ਸੈਂਟਰ, ਸਰੀ
HAPPY VAISAKHI
ਭਾਰਤੀ ਆਰਟ ਜ਼ਿਊਲਰਜ਼ ਵਲੋਂ ਆਪ ਸਭ ਨੂੰ
ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
778-565-5000
346-8140 128 STREET SURREY BC
(PAYAL BUSINESS CENTRE)
604-327-8711
6612 MAIN STREET, VANCOUVER BC
INFO@BHARATIJEWELLERS.COM
Gold & Diamond Jewellery
bharti.art.jewellers

# Are you looking to Buy, Sell or Invest in Properties?

**We Can Help!** for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ
ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

**Amarpal Singh | Call : 604.338.7310**

PARALLEL
1200 W 73rd Ave Unit 828, Vancouver, BC V6P 6G5

# HOUSE FOR SALE

## 9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

## 15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.


# ਸਰੀ ਕੌਂਸਲ ਵਲੋਂ ਕਮੇਟੀਆਂ ਦਾ ਗਠਨ, ਸਿਰਫ਼ ਸਰੀ ਕਨੈਕਟ ਦੇ ਕੌਂਸਲਰਾਂ ਨੂੰ ਨਿਯੁਕਤ ਕਰਨ 'ਤੇ ਭੱਖਿਆ ਮਾਮਲਾ




ਸਰੀ,(ਪਰਜੀਤ ਸਿੰਘ): ਸਰੀ ਕੌਂਸਲ ਨੇ ਬੀਤੇ ਦਿਨੀਂ ਮੀਟਿੰਗ ਦੌਰਾਨ ਨਵੀਆਂ ਕਮੇਟੀਆਂ ਦਾ ਐਲਾਨ ਕੀਤਾ, ਪਰ ਇਹ ਫੈਸਲਾ ਉਸ ਵੇਲੇ ਵਿਵਾਦਾਂ 'ਚ ਆ ਗਿਆ ਜਦੋਂ ਪਤਾ ਲੱਗਾ ਕਿ ਸਿਰਫ਼ ਸਰੀ ਕਨੈਕਟ ਦੇ ਕੌਂਸਲ ਮੈਂਬਰਾਂ ਨੂੰ ਹੀ ਕਮੇਟੀਆਂ 'ਚ ਥਾਂ ਦਿੱਤੀ ਗਈ ਹੈ। ਸਰੀ ਫਸਟ ਅਤੇ ਸੇਫ਼ ਸਰੀ ਕੋਲੇਸ਼ਨ ਪਾਰਟੀ ਦੇ ਕੌਂਸਲਰਾਂ ਨੂੰ ਪੂਰੀ ਤਰ੍ਹਾਂ ਬਾਹਰ ਕਰ ਦਿੱਤਾ ਗਿਆ ਹੈ।

ਮੇਅਰ ਬ੍ਰੈਂਡਾ ਲੌਕ ਦੀ ਸਰੀ ਕਨੈਕਟ ਟੀਮ ਦੇ ਹਰੇਕ ਮੈਂਬਰ ਨੂੰ ਘੱਟੋ-ਘੱਟ ਇੱਕ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ। ਕੌਂਸਲਰ ਪਰਦੀਪ ਕੂਨਰ ਨੂੰ ਤਿੰਨ ਕਮੇਟੀਆਂ ਵਿੱਚ, ਹੈਰੀ ਬੈਂਸ ਨੂੰ ਦੋ ਵਿੱਚ, ਜਦਕਿ ਰੌਬ ਸਟਫ ਅਤੇ ਗੋਰਡਨ ਹੈਪਨਰ ਨੂੰ ਇੱਕ-ਇੱਕ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ। ਇਸ ਦੇ ਉਲਟ, ਲਿੰਡਾ ਐਨਿਸ, ਮਾਈਕ ਬੋਸ, ਮੰਦੀਪ ਨਾਗਰ ਅਤੇ ਡੱਗ ਐਲਫੋਰਡ ਨੂੰ ਕਿਸੇ ਵੀ ਕਮੇਟੀ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ।

ਕੌਂਸਲ ਨੇ ਲਾਈਵਬਿਲਿਟੀ ਐਂਡ ਸੋਸ਼ਲ ਇਕਵਿਟੀ ਕਮੇਟੀ ਅਤੇ ਪਬਲਿਕ ਸੇਫਟੀ ਕਮੇਟੀਆਂ ਨੂੰ ਰੱਦ ਕਰਕੇ ਇਕ ਨਵੀਂ ਕਮੇਟੀ "ਲਾਈਵਬਿਲਿਟੀ, ਸੋਸ਼ਲ ਇਕਵਿਟੀ ਅਤੇ ਪਬਲਿਕ ਸੇਫਟੀ ਕਮੇਟੀ" ਦਾ ਗਠਨ ਕੀਤਾ ਗਿਆ ਹੈ। ਇਸ ਨਵੀਂ ਕਮੇਟੀ ਦੇ ਚੇਅਰਮੈਨ ਰੌਬ ਸਟਫ ਹੋਣਗੇ ਜਦਕਿ ਪਰਦੀਪ ਕੂਨਰ ਵਾਈਸ-ਚੇਅਰਵੂਮਨ ਹੋਣਗੀਆਂ। ਹੈਰੀ ਬੈਂਸ ਨੂੰ "ਐਗਰੀਕਲਚਰ ਐਂਡ ਫੂਡ ਪਾਲਿਸੀ ਕਮੇਟੀ" ਦਾ ਚੇਅਰਮੈਨ, "ਇਨਵੈਸਟਮੈਂਟ, ਇਨੋਵੇਸ਼ਨ ਐਂਡ ਬਿਜ਼ਨਸ ਕਮੇਟੀ" ਦਾ ਵੀ ਚੇਅਰਮੈਨ ਬਣਾਇਆ ਗਿਆ। ਪਰਦੀਪ ਕੂਨਰ ਨੂੰ "ਆਰਟਸ ਐਂਡ ਕਲਚਰ ਐਡਵਾਇਜ਼ਰੀ ਕਮੇਟੀ" ਦੀ ਚੇਅਰਵੂਮਨ ਅਤੇ "ਪਾਰਕਸ, ਰਿਕਰੇਸ਼ਨ ਐਂਡ ਸਪੋਰਟ ਟੂਰਿਜ਼ਮ ਕਮੇਟੀ" ਦੀ ਵਾਈਸ-ਚੇਅਰਵੂਮਨ ਨਿਯੁਕਤ ਕੀਤਾ ਗਿਆ। ਇਸ ਕਮੇਟੀ ਦੇ ਚੇਅਰਮੈਨ ਗੋਰਡਨ ਹੈਪਨਰ ਹੋਣਗੇ।

ਸਰੀ ਫਸਟ ਦੀ ਕੌਂਸਲਰ ਲਿੰਡਾ ਐਨਿਸ ਨੇ ਵਿਰੋਧ ਜਤਾਉਂਦੇ ਹੋਏ ਪੁੱਛਿਆ ਕਿ ਇੰਵਾਇਰਨਮੈਂਟਲ ਐਂਡ ਕਲਾਈਮੇਟ ਚੇਂਜ ਕਮੇਟੀ ਦੀ ਗੈਰਹਾਜ਼ਰੀ ਦਾ ਕੀ ਕਾਰਣ ਹੈ। ਜਵਾਬ ਵਿੱਚ ਮੇਅਰ ਨੇ ਕਿਹਾ, "ਉਹ ਹਜੇ ਤਿਆਰ ਨਹੀਂ। ਇਹ ਜਾਂ ਅਗਲੀ ਮੀਟਿੰਗ ਵਿੱਚ, ਜਾਂ ਉਸ ਤੋਂ ਅਗਲੀ ਵਿੱਚ ਲਿਆਂਦੀ ਜਾਵੇਗੀ। ਹਜੇ ਮੈਂ ਉਸ ਲਈ ਤਿਆਰ ਨਹੀਂ ਸੀ।"

ਐਨਿਸ ਨੇ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਦੱਸਿਆ ਕਿ ਇਹ "ਪੂਰੀ ਤਰ੍ਹਾਂ ਇਕ-ਪੱਖੀ ਅਤੇ ਮਨਮਰਜੀ ਦੀ ਸਿਆਸਤ ਹੈ।" ਉਨ੍ਹਾਂ ਨੇ ਕਿਹਾ ਕਿ "ਕੌਂਸਲਰ ਲੋਕਲ ਪ੍ਰਤੀਬੱਧਤਾ ਅਤੇ ਤਜਰਬੇ ਦੇ ਆਧਾਰ 'ਤੇ ਕਮੇਟੀਆਂ ਵਿੱਚ ਹੋਣੇ ਚਾਹੀਦੇ ਹਨ — ਨਾ ਕਿ ਸਿਰਫ਼ ਇੱਕ ਸਲੇਟ ਦੇ ਮੈਂਬਰ।"

ਕੌਂਸਲਰ ਮਾਈਕ ਬੋਸ ਨੇ ਵੀ ਨਿਰਾਸ਼ਾ ਜਤਾਉਂਦੇ ਹੋਏ ਕਿਹਾ ਕਿ ਕਮੇਟੀਆਂ ਵਿੱਚ ਵੱਖ-ਵੱਖ ਅਵਾਜ਼ਾਂ ਅਤੇ ਵਿਚਾਰਧਾਰਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਵਿਆਪਕ ਪੱਧਰ 'ਤੇ ਨੀਤੀਆਂ ਤੈਅ ਕੀਤੀਆਂ ਜਾ ਸਕਣ। "ਇਹ ਦਿਖਾਉਂਦਾ ਹੈ ਕਿ ਸਰੀ ਕੋਨੈਕਟ ਸਿਰਫ਼ ਆਪਣੇ ਹੀ ਲੋਕਾਂ ਨੂੰ ਅੱਗੇ ਵਧਾਉਣ ਦੀ ਨੀਤੀ ਰੱਖਦੀ ਹੈ।"


# GURTAJ SAMRA

PERSONAL REAL ESTATE CORPORATION



ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?

ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

RESIDENTIAL, COMMERCIAL SALES&LEASING

**GURTAJ SAMRA** 778-869-0607
ASSOCIATE 778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

# FAST COMPUTER REPAIR

New Web Designing & Hosting Services



Onsite Service Available
Computer Repair & Upgrade
Spyware & Virus Removal

Same Day Service



Your Personal Tech, A Phone Call Away...

HARMEET SINGH

www.fastcomputerrepair.ca E-mail : harmeet@fastcomputerrepair.ca

778-928-4444

# ਸੈਕੰਡਰੀ ਵਿਦਿਆਰਥੀਆਂ ਲਈ ਹਾਈਬ੍ਰਿਡ ਲਰਨਿੰਗ ਮੁੜ ਸ਼ੁਰੂ ਕਰਨ ਦਾ ਸਰੀ ਦੇ ਮਾਪਿਆਂ ਵਲੋਂ ਵਿਰੋਧ

## ਅਗਲੇ ਹਫ਼ਤੇ ਸਿੱਖਿਆ ਮੰਤਰੀ ਨਾਲ ਲੀਸਾ ਬੀਅਰ ਹੋਵੇਗੀ ਮਾਪਿਆਂ ਅਤੇ ਟਰੱਸਟ ਬੋਰਡ ਦੇ ਮੈਂਬਰਾਂ ਦੀ ਮੀਟਿੰਗ

ਸਰੀ, (ਪਰਮਜੀਤ ਸਿੰਘ): ਸਰੀ ਸਕੂਲ ਡਿਸਟ੍ਰਿਕਟ ਵੱਲੋਂ ਗਰੇਡ 10 ਤੋਂ 12 ਤੱਕ ਦੇ ਸੈਕੰਡਰੀ ਵਿਦਿਆਰਥੀਆਂ ਲਈ ਅਗਲੇ ਸਾਲ ਤੋਂ ਹਾਈਬ੍ਰਿਡ ਲਰਨਿੰਗ ਦੀ ਨਵੀਂ ਪਾਇਲਟ ਯੋਜਨਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਦੇ ਖਿਲਾਫ ਮਾਪੇ ਚਿੰਤਾ ਜਤਾਉਂਦੇ ਹੋਏ ਵਿਰੋਧ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਹ ਮਾਡਲ, ਜੋ ਕਿ ਇਨ-ਪਰਸਨ ਅਤੇ ਆਨਲਾਈਨ ਦਾ ਮਿਲਿਆ-ਝੁਲਿਆ ਰੂਪ ਹੈ, ਪਹਿਲਾਂ ਕੋਵਿਡ ਦੌਰਾਨ ਅਸਥਾਈ ਤੌਰ 'ਤੇ ਵਰਤਿਆ ਗਿਆ ਸੀ, ਪਰ ਹੁਣ ਇਸ ਨੂੰ ਅਧਿਕਾਰਕ ਤੌਰ 'ਤੇ ਦੁਬਾਰਾ ਪੇਸ਼ ਕੀਤਾ ਜਾ ਰਿਹਾ ਹੈ। 9 ਅਪਰੈਲ ਨੂੰ ਹੋਈ ਸਕੂਲ ਬੋਰਡ ਮੀਟਿੰਗ ਦੌਰਾਨ ਕਈ ਮਾਪਿਆਂ ਨੇ ਚੇਤਾਵਨੀ ਦਿੱਤੀ ਕਿ ਇਹ ਮਾਡਲ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ, ਮਨੋਵਿਗਿਆਨਕ ਸਿਹਤ ਅਤੇ ਸਮਾਜਿਕ ਸੰਪਰਕ 'ਤੇ ਨਕਾਰਾਤਮਕ ਅਸਰ ਪਾ ਸਕਦਾ ਹੈ। ਮਾਪਿਆਂ ਨੇ ਮੀਟਿੰਗ ਦੌਰਾਨ ਦਲੀਲ ਦਿੱਤੀ ਕਿ, "ਜਦੋਂ ਕਿ ਅਸੀਂ ਸਹੂਲਤਾਂ ਦੀ ਘਾਟ ਅਤੇ ਵਿੱਤੀ ਪਾਬੰਦੀਆਂ ਨੂੰ ਸਮਝਦੇ ਹਾਂ, ਪਰ ਹਾਈਬ੍ਰਿਡ ਮਾਡਲ ਨਾਲ ਗੰਭੀਰ ਤੇ ਲੰਬੇ ਸਮੇਂ ਵਾਲੇ ਨੁਕਸਾਨ ਹੋ ਸਕਦੇ ਹਨ।"




ਉਨ੍ਹਾਂ ਦੱਸਿਆ ਕਿ ਕੋਵਿਡ ਦੌਰਾਨ ਜਦ ਵਿਦਿਆਰਥੀਆਂ ਨੇ ਇਹ ਮਾਡਲ ਅਨੁਭਵ ਕੀਤਾ ਸੀ, ਤਾਂ ਉਨ੍ਹਾਂ ਨੂੰ ਗਣਿਤ ਅਤੇ ਵਿਗਿਆਨ ਵਿੱਚ ਵਿਸ਼ੇਸ਼ ਕਰਕੇ ਬਹੁਤ ਮੁਸ਼ਕਲਾਂ ਆਈਆਂ। ਮਾਪਿਆਂ ਨੇ ਕਿਹਾ, "ਜਿਹੜੇ ਵਿਦਿਆਰਥੀ ਇਨ-ਪਰਸਨ ਸਮਰਥਨ ਜਾਂ ਨਿਯਮਤ ਸਰਚਨਾ 'ਤੇ ਨਿਰਭਰ ਹਨ, ਉਹ ਇਸ ਮਾਡਲ ਦੇ ਕਾਰਨ ਸਭ ਤੋਂ ਵੱਧ ਪ੍ਰਭਾਵਤ ਹੋਣਗੇ।" ਉਨ੍ਹਾਂ ਨੇ ਇਸ ਗੱਲ ਦੀ ਵੀ ਚਿੰਤਾ ਜਤਾਈ ਕਿ ਹਰ ਵਿਦਿਆਰਥੀ ਕੋਲ ਇੰਟਰਨੈੱਟ, ਡਿਵਾਈਸ ਜਾਂ ਘਰ ਵਿੱਚ ਸ਼ਾਂਤ ਸਟੱਡੀ ਸਪੇਸ ਨਹੀਂ ਹੁੰਦੀ। ਡਿਸਟ੍ਰਿਕਟ ਵੱਲੋਂ ਜਵਾਬ ਦਿੱਤਾ ਗਿਆ ਕਿ ਟੈਕਨੋਲੋਜੀ ਦੀ ਲੋੜ ਹੋਣ 'ਤੇ ਵਿਦਿਆਰਥੀਆਂ ਨੂੰ ਇੱਕ ਗ੍ਰਾਂਟ ਰਾਹੀਂ ਲੈਪਟਾਪ ਜਾਂ ਡਿਵਾਈਸ ਦਿੱਤਾ ਜਾਵੇਗਾ ਤਾਂ ਜੋ ਲਰਨਿੰਗ ਨੂੰ ਵਧੇਰੇ ਵਰਤੋਂਯੋਗ ਬਣਾਇਆ ਜਾ ਸਕੇ।

ਮਾਪਿਆਂ ਨੇ ਅੱਗੇ ਦੂਜਾ ਪੱਖ ਪੇਸ਼ ਕਰਦੇ ਹੋਏ ਇਹ ਵੀ ਕਿਹਾ ਕਿ ਅਧਿਆਪਕ ਵੀ ਦੋਹਾਂ ਮਾਡਲਾਂ (ਆਨਲਾਈਨ ਅਤੇ ਇਨ-ਪਰਸਨ) ਨੂੰ ਇਕੱਠੇ ਸੰਭਾਲਣ ਵਿੱਚ ਤਣਾਅ ਮਹਿਸੂਸ ਕਰ ਰਹੇ ਹਨ। "ਉਨ੍ਹਾਂ ਕੋਲ ਨਾ ਪੂਰੀ ਟ੍ਰੇਨਿੰਗ ਹੈ, ਨਾ ਹੀ ਉਚਿਤ ਸਹਿਯੋਗ। ਅਨੇਕ ਅਧਿਆਪਕ ਥੱਕੇ ਹੋਏ ਅਤੇ ਨਿਰਾਸ਼ ਹਨ। ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਮੁਸ਼ਕਲ ਹੋ ਰਹੀ ਹੈ। ਟਰੱਸਟ ਬੋਰਡ ਦੇ ਮੈਬਰ ਗੈਰੀ ਥਿੰਦ ਨੇ ਕਿਹਾ ਕਿ ਉਹ ਵੀ ਹਾਈਬ੍ਰਿਡ ਮਾਡਲ ਨਾਲ ਖੁਸ਼ ਨਹੀਂ ਹਨ, ਭਾਵੇਂ ਉਨ੍ਹਾਂ ਦੇ ਗ੍ਰੇਡ-9 ਦੇ ਪੁੱਤ ਨੂੰ ਇਹ ਮਾਡਲ ਪਸੰਦ ਆ ਰਿਹਾ ਹੈ। ਉਨ੍ਹਾਂ ਕਿਹਾ "ਮੇਰਾ ਪੁੱਤਰ ਘਰ ਬੈਠ ਕੇ ਕਲਾਸਾਂ ਲੈਣ ਲਈ ਤਿਆਰ ਹੈ, ਪਰ ਜੇ ਤੁਸੀਂ ਮੈਨੂੰ ਪੁੱਛੋ ਕਿ ਮੈਨੂੰ ਖੁਸ਼ੀ ਹੈ, ਤਾਂ ਜਵਾਬ ਹੈ ਨਹੀਂ।" ਸਕੂਲ ਡਿਸਟ੍ਰਿਕਟ ਨੂੰ ਅਗਲੇ ਸਾਲ ਲਈ $16 ਮਿਲੀਅਨ ਦਾ ਬਜਟ ਘਾਟ ਵਿੱਚ ਹੈ ਅਤੇ ਇਸ ਸਮੇਂ 315 ਪੋਰਟੇਬਲ ਕਲਾਸਰੂਮ ਵਰਤੇ ਜਾ ਰਹੇ ਹਨ। ਬੋਰਡ ਨੇ ਸਿਫ਼ਾਰਸ਼ ਕੀਤੀ ਕਿ ਸਾਰੇ ਮਾਪੇ ਆਪਣੇ ਇਲਾਕੇ ਦੇ ਵਿਧਾਇਕਾਂ ਨਾਲ ਗੱਲ ਕਰਨ, ਤਾਂ ਜੋ ਇਹ ਮੁੱਦੇ ਸੂਬਾਈ ਸਰਕਾਰ ਤੱਕ ਪਹੁੰਚ ਸਕਣ। ਟਰੱਸਟੀਜ਼ ਨੇ ਕਿਹਾ ਕਿ ਉਹ ਜਲਦ ਸਿੱਖਿਆ ਮੰਤਰੀ ਲੀਸਾ ਬੀਅਰ ਨਾਲ ਮਿਲਣ ਵਾਲੇ ਹਨ, ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਇੱਕ ਦਿਨ ਵਿੱਚ ਹੋਣ ਵਾਲਾ ਹੱਲ ਨਹੀਂ ਹੈ, ਕਿਉਂਕਿ ਇਹ ਮੁੱਦੇ ਸਾਲਾਂ ਤੋਂ ਚੱਲ ਰਹੇ ਹਨ।

# ਸਰੀ ਵਿਚ ਨਵੇਂ ਐਲਿਮੈਂਟਰੀ ਸਕੂਲ ਨੂੰ ਮਿਲੀ ਮਨਜ਼ੂਰੀ, ਸਕੂਲ ਦਾ ਨਾਮ 'ਰੇਡਵੁੱਡ ਪਾਰਕ ਐਲਿਮੈਂਟਰੀ' ਰੱਖਿਆ ਨਾਮ

ਸਰੀ, (ਪਰਮਜੀਤ ਸਿੰਘ): ਬੀ.ਸੀ. ਸਰਕਾਰ ਵਲੋਂ ਸਰੀ ਵਿੱਚ ਇਕ ਨਵੇਂ ਐਲਿਮੈਂਟਰੀ ਸਕੂਲ ਦੀ ਮਨਜ਼ੂਰੀ ਮਿਲ ਗਈ ਹੈ, ਜਿਸ ਦਾ ਨਾਮ ਹੁਣ ਆਧਿਕਾਰਿਕ ਤੌਰ 'ਤੇ 'ਰੇਡਵੁੱਡ ਪਾਰਕ ਐਲਿਮੈਂਟਰੀ' ਰੱਖ ਦਿੱਤਾ ਗਿਆ ਹੈ। ਇਹ ਨਵਾਂ ਸਕੂਲ 17390 20 ਐਵਿਨਿਊ 'ਤੇ ਬਣਾਇਆ ਜਾਵੇਗਾ, ਜੋ ਕਿ ਰੇਡਵੁੱਡ ਪਾਰਕ ਦੇ ਨੇੜੇ ਸਥਿਤ ਹੈ। ਨਾਂ ਚੁਣਨ ਲਈ ਜਦੋਂ ਸਕੂਲ ਭਾਈਚਾਰੇ ਵੱਲੋਂ ਸੁਝਾਅ ਮੰਗੇ ਗਏ ਤਾਂ ਕੁੱਲ 213 ਲੋਕਾਂ ਦੀ ਰਾਏ ਲਈ ਗਈ। ਉਨ੍ਹਾਂ ਵਿੱਚੋਂ ਸਭ ਤੋਂ ਵੱਧ ਵਾਰੀ ਆਉਣ ਵਾਲਾ ਸੁਝਾਅ "ਰੇਡਵੁੱਡ ਪਾਰਕ ਐਲਿਮੈਂਟਰੀ" ਹੀ ਸੀ ਜਿਸ ਤੋਂ ਬਾਅਦ ਇਸ ਨੂੰ ਅਧਿਕਾਰਿਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਗਈ।




ਡਿਪਟੀ ਸੁਪਰਿੰਟੈਂਡੈਂਟ ਐਂਡਰੂ ਹੋਲੈਂਡ ਨੇ 9 ਅਪ੍ਰੈਲ ਨੂੰ ਹੋਈ ਸਕੂਲ ਬੋਰਡ ਮੀਟਿੰਗ ਦੌਰਾਨ ਕਿਹਾ, "ਰੇਡਵੁੱਡ ਪਾਰਕ ਕਮਿਊਨਿਟੀ ਲਈ ਇਕ ਮਹੱਤਵਪੂਰਨ ਨਿਸ਼ਾਨੀ ਹੈ, ਜੋ ਆਪਣੀ ਸੁੰਦਰ ਜੰਗਲਾਤੀ ਖੂਬਸੂਰਤੀ ਲਈ ਜਾਣਿਆ ਜਾਂਦਾ ਹੈ।"

ਸਰੀ ਸਕੂਲ ਜ਼ਿਲ੍ਹੇ ਵੈੱਬਸਾਈਟ ਅਨੁਸਾਰ, ਇਸ ਨਵੇਂ ਸਕੂਲ ਲਈ ਨਾਂ ਦੀ ਪ੍ਰਕਿਰਿਆ 2021 ਵਿੱਚ ਸ਼ੁਰੂ ਕੀਤੀ ਗਈ ਸੀ। "ਰੇਡਵੁੱਡ ਪਾਰਕ ਐਲਿਮੈਂਟਰੀ" ਉਸ ਵੇਲੇ ਵੀ ਚੁਣੇ ਗਏ ਨਾਂਵਾਂ ਵਿੱਚੋਂ ਇੱਕ ਸੀ।

ਸਾਬਕਾ ਸਿੱਖਿਆ ਮੰਤਰੀ ਰਚਨਾ ਸਿੰਘ ਨੇ ਮਾਰਚ 2024 ਵਿਚ ਸੂਬਾਈ ਚੋਣਾਂ ਤੋਂ ਪਹਿਲਾਂ ਦੱਸਿਆ ਸੀ ਕਿ ਲੰਬੇ ਸਮੇਂ ਦੀ ਯੋਜਨਾ ਬਣਾਉਣ ਤੋਂ ਬਾਅਦ ਹੁਣ ਇਹ ਪ੍ਰੋਜੈਕਟ ਅੱਗੇ ਵਧ ਰਿਹਾ ਹੈ। ਸਕੂਲ ਡਿਸਟ੍ਰਿਕਟ ਦੀ ਵੈੱਬਸਾਈਟ ਅਨੁਸਾਰ, ਇਹ ਸਕੂਲ 37 ਕਲਾਸਰੂਮਾਂ ਵਾਲਾ ਹੋਵੇਗਾ ਅਤੇ ਇਸ ਦਾ ਨਕਸ਼ਾ ਤੇ ਤਿਆਰੀ ਦੀ ਪ੍ਰਕਿਰਿਆ ਹਾਲੇ ਚੱਲ ਰਹੀ ਹੈ।

ਜ਼ਿਕਰਯੋਗ ਹੈ ਕਿ ਸਕੂਲ ਦੇ ਬਣਨ ਅਤੇ ਵਿਦਿਆਰਥੀਆਂ ਵਾਸਤੇ ਖੋਲ੍ਹੇ ਜਾਣ ਦੀ ਅੰਤਿਮ ਮਿਤੀ ਹਾਲੇ ਵੀ ਨਿਰਧਾਰਤ ਨਹੀਂ ਕੀਤੀ ਗਈ। ਨਵੇਂ ਨਾਂ ਦੀ ਮਨਜ਼ੂਰੀ ਸੰਬੰਧੀ ਮੋਸ਼ਨ ਪਾਸ ਕਰ ਦਿੱਤਾ ਗਿਆ।

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ

604-512-5001

SHINE PRO CLEANING

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY BACK LIFE INSURANCE



- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ

Punjab Insurance Agency Inc.

15 YEARS EXPERIENCE

ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

• Brar Bhagta Bhai Ka
604-751-1113

• Karamjit Singh Buttar
Journalist

• Simranjit Singh
Journalist

• Dr. Puran Singh
Writer

• Gora Sandhu Khurd
News Reporter (Punjab)

• Paramjit Singh
Graphic Designer

Contact for Advertisement
604-338-7310

ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

The Canadian Punjab Times is not responsible or legally liable for any news, articles, advertisements or typing mistakes in the news or articles.

Canadian Punjab Times Inc.

(Punjabi Newspaper)

Website :
www.thepunjabtimes.ca

E-mail :
canadianpunjabtimes@gmail.com

Please Note:

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਕੈਨੇਡਾ ਦੀ ਖੇਤੀਬਾੜੀ 'ਤੇ ਨਜ਼ਰ ਮਾਰਦਿਆਂ...

**ਲੇਖਕ : ਡਾ. ਨਿਰਮਲ ਸਿੰਘ ਹਰੀ**



ਕੈਨੇਡਾ ਦੀ ਗੱਲ ਕਰਦਿਆਂ ਟੋਰਾਂਟੋ, ਵੈਨਕੂਵਰ ਵਰਗੇ ਮਹਾਂਨਗਰਾਂ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਨਜ਼ਰ ਆਉਂਦੀਆਂ ਨੇ ਜਾਂ ਫਿਰ ਬਰਫ਼ ਦੀ ਚਿੱਟੀ ਚਿੱਟੀ ਚਾਦਰ, ਪਰ ਇਹਨਾਂ ਵੱਡੇ ਮਹਾਂਨਗਰਾਂ ਦਰਮਿਆਨ ਕੈਨੇਡਾ ਦੀ ਵਿਸ਼ਾਲ ਧਰਤੀ ਪਈ ਹੈ ਅਤੇ ਇਸਦੇ ਕੁਝ ਹਿੱਸਿਆਂ 'ਤੇ ਖੇਤੀ ਵੀ ਹੁੰਦੀ ਹੈ। ਕੱਚੇ ਰਾਹਾਂ, ਵੱਡੇ-ਵੱਡੇ ਖੇਤਾਂ ਵਾਲਾ ਕੈਨੇਡਾ ਘੱਟ ਹੀ ਉਜਾਗਰ ਹੋਇਆ ਹੈ।

ਚਲੋ ਖੇਤੀਬਾੜੀ ਦੀ ਇਹ ਕਹਾਣੀ ਇਤਿਹਾਸ ਦੇ ਪੰਨਿਆਂ ਵਿੱਚੋਂ ਸ਼ੁਰੂ ਕਰਦੇ ਹਾਂ। ਕਨੇਡਾ ਦੀ ਖੇਤੀਬਾੜੀ ਦਾ ਇਤਿਹਾਸ 200 ਕੁ ਸਾਲ ਪੁਰਾਣਾ ਹੈ। ਇਸ ਤੋਂ ਪਹਿਲਾਂ ਇੱਥੋਂ ਦੇ ਮੂਲ ਨਿਵਾਸੀ ਬਹੁਤ ਛੋਟੇ ਪੱਧਰ 'ਤੇ ਕੁਝ ਫਸਲਾਂ ਉਗਾਉਂਦੇ ਸਨ। ਪਰ ਬਾਅਦ ਵਿੱਚ ਯੂਰਪੀਅਨ ਲੋਕਾਂ ਦੇ ਆਉਣ ਨਾਲ ਬੇਅਬਾਦ ਧਰਤੀ ਖੇਤੀਯੋਗ ਬਣਾਈ ਜਾਣ ਲੱਗੀ। ਕਨੇਡਾ ਬਣਨ ਤੋਂ ਬਾਅਦ 1872 ਵਿੱਚ ਇੱਕ ਕਾਨੂੰਨ ਬਣਾਇਆ ਗਿਆ, ਜਿਸ ਤਹਿਤ ਬਾਹਰੋਂ ਲੋਕ ਆ ਕੇ ਜ਼ਮੀਨ ਅਬਾਦ ਕਰ ਸਕਦੇ ਸਨ।

ਬੱਸ ਫਿਰ ਕੀ ਸੀ, ਯੂਰਪ ਦੇ ਕਈ ਦੇਸਾਂ (ਸਕਾਟਲੈਂਡ, ਯੂਕਰੇਨ, ਆਈਸਲੈਂਡ, ਰੂਸ, ਪੋਲੈਂਡ, ਜਰਮਨੀ, ਫਰਾਂਸ ਖਾਸ ਤੌਰ 'ਤੇ) ਦੇ ਵਾਹੀਵਾਨਾਂ ਨੇ ਮੂੰਹ ਕਨੇਡਾ ਵੱਲ ਕਰ ਲਿਆ। ਸਮੁੰਦਰੀ ਜਹਾਜ਼ਾਂ ਅਤੇ ਫਿਰ ਰੇਲ ਗੱਡੀਆਂ ਰਾਹੀਂ ਇਹ ਲੋਕ ਦੱਖਣੀ ਓਂਟਾਰੀਓ ਅਤੇ ਪ੍ਰੇਰੀਜ਼ ਦੇ ਮੈਦਾਨਾਂ (ਮੈਨੀਟੋਬਾ, ਸਸਕੈਚਵਨ ਅਤੇ ਅਲਬਰਟਾ ਸੂਬੇ) ਵਿੱਚ ਪਹੁੰਚ ਗਏ। ਰੇਲਵੇ ਸਟੇਸ਼ਨਾਂ ਦੇ ਬਾਹਰ ਤੰਬੂਆਂ ਵਿੱਚ ਆਉਣ ਵਾਲਿਆਂ ਦੀ ਇੰਮੀਗ੍ਰੇਸ਼ਨ ਹੁੰਦੀ ਤੇ ਫਿਰ ਉਹਨਾਂ ਨੂੰ ਜ਼ਮੀਨ ਅਲਾਟ ਹੋ ਜਾਂਦੀ। ਇਹ ਗੱਲ 1896 ਤੋਂ 1914 ਦਰਮਿਆਨ ਦੀ ਹੈ। ਯੂਰਪ ਵਿੱਚ ਕੰਪਨੀਆਂ ਨੇ ਇਸ਼ਤਿਹਾਰ ਦਿੱਤੇ ਕਿ ਕਨੇਡਾ ਵਿੱਚ ਬੇਅੰਤ ਬੇਅਬਾਦ ਧਰਤੀ ਪਈ ਹੈ ਤੇ ਕੋਈ ਵੀ ਦਸ ਡਾਲਰ ਵਿੱਚ 160 ਏਕੜ ਪੈਲੀ ਲੈ ਕੇ ਉਸ ਨੂੰ ਅਬਾਦ ਕਰ ਸਕਦਾ ਹੈ। ਇਹਨਾਂ ਇਸ਼ਤਿਹਾਰਾਂ ਦਾ ਇਹ ਅਸਰ ਹੋਇਆ ਕਿ ਸਿਰਫ 18 ਸਾਲਾਂ ਦੌਰਾਨ ਕਨੇਡਾ ਵਿੱਚ 20 ਲੱਖ ਤੋਂ ਵੱਧ ਗੋਰੇ ਆਪਣੀ ਕਿਸਮਤ ਅਜ਼ਮਾਉਣ ਆ ਗਏ। ਇਹ ਇਸ਼ਤਿਹਾਰ ਸਿਰਫ਼ ਯੂਰਪ ਵਿੱਚ ਹੀ ਵੰਡੇ ਗਏ ਸਨ। ਨਸਲਵਾਦ ਤਹਿਤ ਗ਼ੈਰ-ਗੋਰੇ ਲੋਕਾਂ ਨੂੰ ਉਸ ਸਮੇਂ ਕਨੇਡਾ ਵਿੱਚ ਵੜਨ ਤੋਂ ਰੋਕਿਆ ਜਾਂਦਾ ਸੀ। ਸੰਨ 1914 ਵਿੱਚ ਕਾਮਾਗਾਟਾਮਾਰੂ ਜਹਾਜ਼ ਨੂੰ ਮੋੜਨਾ ਇਸੇ ਨੀਤੀ ਦਾ ਹਿੱਸਾ ਸੀ।

ਖੈਰ! ਇਹਨਾਂ ਯੂਰਪੀਅਨ ਮੁਲਕਾਂ ਵਿੱਚੋਂ ਜ਼ਿਮੀਦਾਰਾਂ ਨੂੰ ਕਨੇਡਾ ਵਿੱਚ ਵਸਾਉਣ ਪਿੱਛੇ ਇੱਕ ਤਰਕ ਵੀ ਸੀ। ਇਹ ਠੰਢੇ ਮੁਲਕ ਸਨ ਅਤੇ ਇੱਥੇ ਵੀ ਕਨੇਡਾ ਵਾਂਗ ਸਿਆਲ ਰੁੱਤੇ ਬਰਫ਼ ਪੈਂਦੀ ਸੀ। 1900ਵੇਂ ਦੇ ਸ਼ੁਰੂਆਤ ਵਿੱਚ ਕਨੇਡਾ ਦੀ ਬੇਅਬਾਦ ਧਰਤੀ ਨੂੰ ਵਾਹੀਯੋਗ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਚਾਰ-ਪੰਜ ਮਹੀਨੇ ਮੌਸਮ ਚੰਗਾ ਤੇ ਬਾਕੀ ਸਾਰਾ ਸਾਲ ਠੰਢ ਵਾਲਾ ਮੌਸਮ। ਦਰਖ਼ਤਾਂ, ਬੂਟੀਆਂ, ਸਰਕੰਡਿਆਂ ਦੇ ਬੀਆਬਾਨ ਨੂੰ ਖੇਤੀਯੋਗ ਬਣਾਉਣਾ ਮੁਸ਼ਕਿਲ ਕੰਮ ਸੀ। ਜਿਵੇਂ ਆਪਣੇ ਬਲਦਾਂ, ਊਠਾਂ ਨਾਲ ਖੇਤੀ ਹੁੰਦੀ ਸੀ, ਇਹ ਨਵੇਂ-ਨਵੇਂ ਕਨੇਡੀਅਨ ਵਾਹੀਵਾਨ ਘੋੜਿਆਂ ਪਿੱਛੇ ਹੱਲ ਪਾ ਕੇ ਆਪਣੀ ਕਿਸਮਤ ਲਿਖਣ ਦੀ ਕੋਸ਼ਿਸ਼ ਕਰ ਰਹੇ ਸਨ। ਬਿਜਲੀ ਅਤੇ ਖੇਤੀ ਮਸ਼ੀਨਰੀ ਤੋਂ ਬਿਨਾਂ ਇਹ ਵੱਡਾ ਕੰਮ ਸੀ। 160 ਏਕੜ ਦੇ ਮੁਰੱਬੇ ਵਿੱਚ ਇੱਕ ਨੁੱਕਰ ਵਿੱਚ ਛੋਟਾ ਮੋਟਾ ਘਰ ਬਣਾਉਣ ਤੋਂ ਬਾਅਦ ਇਹ ਲੋਕ ਜ਼ਮੀਨ ਸਾਫ ਕਰਨ ਦੇ ਕੰਮ ਵਿੱਚ ਵਿਅਸਤ ਹੋ ਜਾਂਦੇ।

ਖੈਰ! ਇਸ ਸਮੇਂ ਕਨੇਡਾ ਸਰਕਾਰ ਨੇ ਇੱਕ ਵਧੀਆ ਕੰਮ ਕੀਤਾ। ਇਹਨਾਂ ਨਵੇਂ ਆ ਰਹੇ ਲੋਕਾਂ ਨੂੰ ਵਸਾਉਣ ਵਾਸਤੇ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀਯੋਗ ਜ਼ਮੀਨ ਨੂੰ ਮੀਲ ਲੰਮੇ ਤੇ ਮੀਲ ਚੌੜੇ ਵਰਗਾਕਾਰ ਮੁਰੱਬਿਆਂ ਵਿੱਚ ਵੰਡ ਦਿੱਤਾ। ਇੱਕ ਮੀਲ ਦੇ ਮੁਰੱਬੇ ਵਿੱਚ 640 ਏਕੜ ਜ਼ਮੀਨ ਹੁੰਦੀ ਹੈ। ਇਹਨਾਂ ਮੁਰੱਬਿਆਂ ਦੇ ਚਾਰੇ ਬੰਨੇ ਜੰਗਲ-ਬੀਆਬਾਨ ਸਾਫ਼ ਕਰਕੇ ਕੱਚੀਆਂ ਪਹੀਆਂ ਬਣਾ ਦਿੱਤੀਆਂ ਗਈਆਂ। ਇਹਨਾਂ ਰਸਤਿਆਂ ਨਾਲ ਨਵੇਂ ਵਾਹੀਵਾਨ ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਤਕ ਪਹੁੰਚ ਗਏ। ਐਨੀ ਵੱਡੀ ਧਰਤੀ ਨੂੰ ਮੀਲ ਮੀਲ ਦੇ ਵਰਗਾਕਾਰ ਟੁਕੜਿਆਂ ਵਿੱਚ ਕੱਟਣਾ ਤੇ ਆਸੇ ਪਾਸੇ ਰਾਹ ਉਸਾਰਨੇ ਕੋਈ ਸੁਖਾਲਾ ਕੰਮ ਨਹੀਂ ਸੀ ਅਤੇ ਇਸ ਕੰਮ ਨੂੰ ਸੰਪੂਰਨ ਹੋਣ ਵਿੱਚ ਲਗਭਗ 50 ਸਾਲ ਲੱਗੇ। ਲਗਭਗ 14 ਪੰਜਾਬਾਂ ਜਿੰਨੀ ਜ਼ਮੀਨ ਦੀ ਮੁਰੱਬਾਬੰਦੀ ਹੋਈ।

ਸੰਨ 1920 ਦੇ ਆਸ-ਪਾਸ ਖੇਤਾਂ ਵਿੱਚ ਘੋੜਿਆਂ ਦੀ ਜਗ੍ਹਾ ਲੋਹੇ ਦੇ ਟਾਇਰਾਂ ਵਾਲੇ ਟਰੈਕਟਰ ਆ ਗਏ। ਬੱਸ ਫਿਰ ਕੀ ਸੀ, ਖੇਤੀਬਾੜੀ ਵਿੱਚ ਕ੍ਰਾਂਤੀ ਆ ਗਈ ਤੇ ਬੇਅਬਾਦ ਜ਼ਮੀਨ ਨੂੰ ਖੇਤੀਯੋਗ ਵਿੱਚ ਬਦਲਣ ਲਈ ਮੁਸ਼ੱਕਤ ਘਟ ਗਈ।

ਅੱਜ ਕਨੇਡਾ ਦੇ ਵਾਹੀਵਾਨਾਂ ਦੀ ਚੌਥੀ-ਪੰਜਵੀਂ ਪੀੜ੍ਹੀ ਵੱਡੇ-ਵੱਡੇ ਟਰੈਕਟਰਾਂ 'ਤੇ ਸਵਾਰ ਖੇਤੀ ਕਰ ਰਹੀ ਹੈ। ਕਨੇਡਾ ਦੀ ਸਾਰੀ ਧਰਤੀ ਵਿੱਚੋਂ ਸਿਰਫ਼ 6.2 ਪ੍ਰਤੀਸ਼ਤ ਇਲਾਕਾ ਹੀ ਵਾਹੀਯੋਗ ਹੈ ਅਤੇ ਉੱਤਰ ਦਾ ਵਧੇਰੇ ਇਲਾਕਾ ਜੰਗਲਾਂ ਅਤੇ ਠੰਢ ਵਾਲੇ ਖੇਤਰਾਂ ਦਾ ਹੈ, ਜਿੱਥੇ ਖੇਤੀ ਨਹੀਂ ਕੀਤੀ ਜਾ ਸਕਦੀ। ਸਾਰੇ ਦੇਸ਼ ਵਿੱਚ ਲਗਭਗ 1 ਲੱਖ 90 ਹਜ਼ਾਰ ਫਾਰਮ ਹਨ ਅਤੇ ਇਹਨਾਂ ਵਿੱਚੋਂ ਬਹੁਤੇ ਫਾਰਮ ਪ੍ਰੇਰੀਜ਼ ਦੇ ਮੈਦਾਨਾਂ, ਕਿਊਬਕ ਅਤੇ ਓਂਟਾਰੀਓ ਸੂਬਿਆਂ ਵਿੱਚ ਹਨ।

ਕਨੇਡਾ ਦੀ ਖੇਤੀ 10-20 ਏਕੜਾਂ ਵਾਲੇ ਫਾਰਮਾਂ ਦੀ ਖੇਤੀ ਨਹੀਂ ਹੈ, ਸਗੋਂ ਵੱਡੇ ਵੱਡੇ ਫਾਰਮਾਂ ਵਾਲੀ ਖੇਤੀ ਹੈ। ਦੇਸ਼ ਵਿੱਚ ਔਸਤਨ ਫਾਰਮ 800 ਏਕੜਾਂ ਦਾ ਹੈ। ਥੋੜ੍ਹੇ ਏਕੜਾਂ ਵਾਲੀ ਖੇਤੀ ਵਾਰਾ ਹੀ ਨਹੀਂ ਖਾਂਦੀ। ਵਿਸ਼ਾਲ ਫਾਰਮ 'ਤੇ ਖੇਤੀ ਸੰਦ ਵੀ ਉਸੇ ਹਿਸਾਬ ਨਾਲ ਵੱਡੇ ਵੱਡੇ ਹਨ।

ਮੋਟੇ ਰੂਪ ਵਿੱਚ ਕਨੇਡਾ ਦੀ ਖੇਤੀ ਤਿੰਨ ਤਰ੍ਹਾਂ ਦੀ ਹੈ। ਬਾਗਬਾਨੀ, ਪਸ਼ੂ ਰੱਖਣ ਵਾਸਤੇ ਹਰੇ ਚਾਰੇ ਦੀ ਬੀਜਾਂਦ ਅਤੇ ਦਾਣਿਆਂ ਵਾਸਤੇ ਬੀਜੀਆਂ ਜਾਣ ਵਾਲੀਆਂ ਫਸਲਾਂ। ਬਾਗਬਾਨੀ ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਫਰੇਜ਼ਰ ਅਤੇ ਓਕਾਨੈਗਨ ਵੈਲੀਆਂ ਜਾਂ ਓਂਟਾਰੀਓ ਦੇ ਨਿਆਗਰਾ ਫਾਲਜ਼ ਇਲਾਕੇ ਵਿੱਚ ਹੁੰਦੀ ਹੈ। ਅੰਗੂਰਾਂ, ਸੇਬਾਂ, ਆੜੂਆਂ, ਖੁਰਮਾਨੀਆਂ ਤੇ ਬੈਰੀਆਂ ਦੇ ਬਾਗ। ਅੰਗੂਰਾਂ ਤੋਂ ਜ਼ਿਆਦਾਤਰ ਵਾਈਨ (ਇੱਕ ਤਰ੍ਹਾਂ ਦੀ ਸ਼ਰਾਬ) ਬਣਾਈ ਜਾਂਦੀ ਹੈ। ਇਹ ਬਾਗ ਛੋਟੇ ਹੁੰਦੇ ਨੇ, 10-20 ਕਿੱਲਿਆਂ ਦੇ ਫਾਰਮ। ਬ੍ਰਿਟਿਸ਼ ਕੋਲੰਬੀਆ ਵਿੱਚ ਬੈਰੀ ਉਗਾਉਣ ਦੇ ਕਿੱਤੇ ਵਿੱਚ ਕਈ ਪੰਜਾਬੀ ਕਿਸਾਨ ਵੀ ਹਨ। ਬੈਰੀਆਂ ਹੱਥੀਂ ਤੋੜਨੀਆਂ ਪੈਂਦੀਆਂ ਨੇ, ਇਸ ਕਰਕੇ ਸਰੀ, ਐਬਟਸਫੋਰਡ ਦੇ ਇਲਾਕਿਆਂ ਵਿੱਚ ਪੰਜਾਬੀ ਬਜ਼ੁਰਗ ਬੈਰੀਆਂ ਤੋੜ ਕੇ ਡਾਲਰ ਕਮਾ ਲੈਂਦੇ ਨੇ। ਕਲੋਨਾ ਅਤੇ ਇਸਦੇ ਦੱਖਣ ਵਿੱਚ ਵੀ ਕਈ ਬਾਗ ਪੰਜਾਬੀਆਂ ਦੇ ਹਨ।

ਕਨੇਡਾ ਵਿੱਚ ਕੁਝ ਖਿੱਤਿਆਂ ਵਿੱਚ ਜ਼ਮੀਨ ਉਪਜਾਊ ਨਾ ਹੋਣ ਕਰਕੇ ਕਈ ਵਾਰੀ ਇੱਥੇ ਦਾਣੇਦਾਰ ਫਸਲਾਂ ਬੀਜਣੀਆਂ ਲਾਹੇਵੰਦ ਨਹੀਂ ਹੁੰਦੀਆਂ। ਇਹਨਾਂ ਉੱਚੀਆਂ ਨੀਵੀਂਆਂ ਪੈਲੀਆਂ ਦੇ ਆਸੇ ਪਾਸੇ ਵਾੜ ਕਰਕੇ ਇੱਥੇ ਮੀਟ ਵਾਸਤੇ ਗਾਵਾਂ ਪਾਲੀਆਂ ਜਾਂਦੀਆਂ ਹਨ। ਫਾਰਮਾਂ ਦੁਆਲੇ ਵਾੜ ਕਰਕੇ ਪਸ਼ੂ ਖੁੱਲ੍ਹੇ ਹੀ ਛੱਡੇ ਜਾਂਦੇ ਨੇ। ਪਸ਼ੂ ਨੂੰ ਸੰਗਲ ਪਾਉਣ ਦਾ ਰਿਵਾਜ਼ ਉੱਕਾ ਹੀ ਨਹੀਂ। ਪਸ਼ੂਆਂ ਦੇ ਖਾਣ ਵਾਸਤੇ ਹਰੇ ਚਾਰੇ ਦੇ ਬੀਜ ਦਾ ਛੱਟਾ ਦੇ ਦਿੱਤਾ ਜਾਂਦਾ ਹੈ ਤੇ ਫਿਰ ਮੀਂਹ ਆਸਰੇ ਹਾਰਾ ਚਾਰਾ ਹੁੰਦਾ ਰਹਿੰਦਾ ਹੈ। ਕਿਤੇ ਕਿਤੇ ਫੁਹਾਰਿਆਂ ਰਾਹੀਂ ਪਾਣੀ ਦੇਣ ਦਾ ਪ੍ਰਬੰਧ ਵੀ ਹੁੰਦਾ ਹੈ। ਪਸ਼ੂਆਂ ਦੇ ਚਾਰੇ ਲਈ ਲੂਸਣ ਦੀ ਬੀਜਾਂਦ ਵੀ ਬਹੁਤ ਹੁੰਦੀ ਹੈ। ਪਸ਼ੂਆਂ ਵਾਲੇ ਕਿਸਾਨ ਸਾਰਾ ਸਾਲ ਹੀ ਰੁੱਝੇ ਰਹਿੰਦੇ ਨੇ। ਫਰਵਰੀ ਮਾਰਚ ਵਿੱਚ ਗਾਵਾਂ ਸੂੰਦੀਆਂ ਨੇ ਤੇ ਇਹਨਾਂ ਠੰਢ ਦੇ ਦਿਨਾਂ ਵਿੱਚ ਹਰ ਰੋਜ਼ ਗਾਵਾਂ ਤੇ ਨਵਜਨਮੇ ਵਛੜਿਆਂ ਨੂੰ ਸਾਂਭਣਾ ਸੁਖਾਲਾ ਕੰਮ ਨਹੀਂ ਹੈ।

ਯਾਦ ਰਹੇ ਜ਼ਿਆਦਾਤਰ ਫਾਰਮਾਂ 'ਤੇ ਗਾਵਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੁੰਦੀ ਹੈ। ਇਹਨਾਂ ਗਾਵਾਂ ਨੂੰ ਚਰਾਂਦਾਂ ਵਿੱਚ ਕਾਬੂ ਰੱਖਣ ਲਈ ਕਿਸਾਨ ਘੋੜਿਆਂ ਦੀ ਵਰਤੋਂ ਵੀ ਕਰਦੇ ਹਨ। 'ਕਾਉ ਬੁਆਏ' ਵਾਲਾ ਕਲਚਰ ਇਹਨਾਂ ਵੱਡੀਆਂ ਵੱਡੀਆਂ ਟੋਪੀਆਂ ਅਤੇ ਗੋਡਿਆਂ ਤਕ ਬੂਟਾਂ ਵਾਲੇ ਕਿਸਾਨਾਂ ਤੋਂ ਹੀ ਪਿਆ ਹੈ। ਕਾਉ ਬੁਆਏ ਵਜੋਂ ਸਾਨੂੰ ਘੋੜੇ 'ਤੇ ਚੜ੍ਹਿਆ, ਹੱਥ ਵਿੱਚ ਰੱਸਾ ਫੜੀ ਬੈਠਾ ਕਿਸਾਨ ਚੇਤੇ ਵਿੱਚ ਆਉਂਦਾ ਹੈ, ਕਿਉਂਕਿ ਇਸ ਤਰ੍ਹਾਂ ਇਹ ਦੂਰ ਗਈਆਂ ਗਾਵਾਂ ਨੂੰ ਵਾਪਸ ਮੋੜ ਕੇ ਲਿਆਉਂਦੇ ਨੇ।

ਖੇਤੀਬਾੜੀ ਦਾ ਤੀਜਾ ਮੁੱਖ ਪੱਖ ਦਾਣੇਦਾਰ ਫਸਲਾਂ ਬੀਜਣਾ ਹੈ। ਪੰਜਾਬ ਵਾਂਗ ਸਾਲ ਵਿੱਚ ਦੋ ਫਸਲਾਂ ਨਹੀਂ, ਸਗੋਂ ਸਿਰਫ ਇੱਕ ਫਸਲ ਹੀ ਹੁੰਦੀ ਹੈ। ਬਿਜਾਈ ਅਪਰੈਲ-ਮਈ ਵਿੱਚ ਤੇ ਵਢਾਈ ਅਗਸਤ ਤੋਂ ਅਕਤੂਬਰ ਦੌਰਾਨ। ਕਨੇਡਾ ਦੀਆਂ ਪ੍ਰਮੁੱਖ ਫਸਲਾਂ ਕਣਕ, ਕਨੋਲਾ, ਮੱਕੀ, ਜੌਂ, ਜਵੀ ਹਨ। ਠੰਢੇ ਮੁਲਕ ਵਿੱਚ ਠੰਢ ਵਾਲੀਆਂ ਫਸਲਾਂ ਜ਼ਿਆਦਾ ਕਾਮਯਾਬ ਹਨ। ਜੌਂ, ਜਵੀ ਦਾਣਿਆਂ ਲਈ ਉਗਾਈ ਜਾਂਦੀ ਹੈ। ਕਣਕ ਗਰਮੀਆਂ ਦੀ ਰੁੱਤ ਦੀ ਵੀ ਹੈ ਤੇ ਸਿਆਲੂ ਵੀ।

ਗਰਮੀਆਂ ਵਾਲੀ ਕਣਕ ਅਪਰੈਲ-ਮਈ ਵਿੱਚ ਬੀਜ ਦਿੱਤੀ ਜਾਂਦੀ ਹੈ ਤੇ ਸਿਆਲੂ ਕਣਕ ਬਰਫ ਪੈਣ ਤੋਂ ਦੋ ਕੁ ਮਹੀਨੇ ਪਹਿਲਾਂ ਅੱਧ ਸਤੰਬਰ ਵਿੱਚ। ਬਰਫ ਤੋਂ ਪਹਿਲਾਂ ਕਣਕ ਗਿੱਠ ਗਿੱਠ ਹੋ ਜਾਂਦੀ ਹੈ ਤੇ ਫਿਰ ਇਹ ਬਰਫ ਹੇਠਾਂ ਚਾਰ ਮਹੀਨੇ ਦੱਬੀ ਰਹਿੰਦੀ ਹੈ। ਅਸਲ ਵਿੱਚ ਬਰਫ ਸਿਆਲੂ ਕਣਕ ਨੂੰ ਠੰਢ ਤੋਂ ਬਚਾਉਣ ਲਈ ਰਜਾਈ ਦਾ ਕੰਮ ਕਰਦੀ ਹੈ।

ਸਸਕੈਚਵਨ ਸੂਬੇ ਦੀਆਂ ਰੇਤਲੀਆਂ ਜ਼ਮੀਨਾਂ ਵਿੱਚ ਪਕਾਵੇਂ ਮਟਰ, ਮਸਰ ਵੀ ਵਧੀਆ ਹੁੰਦੇ ਨੇ। ਅਸਲ ਵਿੱਚ ਭਾਰਤ ਦਾਲਾਂ ਕਨੇਡਾ ਤੋਂ ਵੀ ਮੰਗਵਾਉਂਦਾ ਹੈ। ਮੈਨੀਟੋਬਾ ਵਿੱਚ ਅਲਸੀ, ਸੂਰਜਮੁਖੀ ਵੀ ਥੋੜ੍ਹੀ ਬਹੁਤੀ ਹੁੰਦੀ ਹੈ। ਕਨੇਡਾ ਵਿੱਚ ਨਰਮਾ, ਝੋਨਾ ਕਿਤੇ ਨਹੀਂ ਹੁੰਦਾ ਕਿਉਂਕਿ ਇੱਥੇ ਭਾਰਤ ਵਾਂਗ ਬਹੁਤਾ ਗਰਮ ਮੌਸਮ ਨਹੀਂ ਹੈ। ਜਿਹੜੀ ਕਣਕ ਪੰਜਾਬ ਵਿੱਚ ਪੰਜ ਮਹੀਨਿਆਂ ਵਿੱਚ ਹੁੰਦੀ ਹੈ, ਉਹ ਕਨੇਡਾ ਵਿੱਚ ਸਿਰਫ ਤਿੰਨ ਮਹੀਨਿਆਂ ਵਿੱਚ ਹੀ ਪੱਕ ਜਾਂਦੀ ਹੈ। ਕਾਰਨ, ਇੱਕ ਤਾਂ ਬਹੁਤੀਆਂ ਫਸਲਾਂ ਬਰਾਨੀ ਨੇ, ਦੂਜਾ ਗਰਮੀਆਂ ਵਿੱਚ ਦਿਨ 14 ਤੋਂ 16 ਘੰਟਿਆਂ ਦੇ ਹੁੰਦੇ ਨੇ ਤੇ ਫਸਲਾਂ ਦਿਨਾਂ ਵਿੱਚ ਹੀ ਜਵਾਨ ਹੋ ਜਾਂਦੀਆਂ ਨੇ।

ਜ਼ਿਆਦਾਤਰ ਫਾਰਮਾਂ ਵਿੱਚ ਕੋਈ ਵੱਟ, ਕੋਈ ਖਾਲਾ ਨਹੀਂ ਹੈ ਕਿਉਂ ਜੋ ਪਾਣੀ ਕਿਸਾਨ ਲਾਉਂਦੇ ਹੀ ਨਹੀਂ। ਬਹੁਤੀ ਖੇਤੀ ਮੀਂਹ ਸਹਾਰੇ ਹੀ ਹੈ ਪਰ ਕਿਤੇ ਕਿਤੇ ਜ਼ਮੀਨੀ ਪਾਣੀ ਦੀ ਵਰਤੋਂ ਫੁਹਾਰਿਆਂ ਨਾਲ ਕੀਤੀ ਜਾਂਦੀ ਹੈ। ਮੁਫਤ ਕੁਝ ਵੀ ਨਹੀਂ। ਵਰਤੋਂ ਕੀਤੇ ਪਾਣੀ ਦਾ ਮੁੱਲ ਤਾਰਨਾ ਪੈਂਦਾ ਹੈ। ਬਰਾਨੀ ਖੇਤੀ ਹੋਣ ਕਰਕੇ ਔਸਤਨ ਝਾੜ ਪੰਜਾਬ ਨਾਲੋਂ ਥੋੜ੍ਹਾ ਘੱਟ ਹੁੰਦਾ ਹੈ। ਕਣਕ 40-42 ਮਣੀ ਝੜ ਜਾਂਦੀ ਹੈ।

ਫਾਰਮ ਬਹੁਤ ਵੱਡੇ ਵੱਡੇ ਨੇ। ਉਦਾਹਰਣ ਦੇ ਤੌਰ 'ਤੇ ਮੈਨੀਟੋਬਾ ਵਿੱਚ ਔਸਤਨ ਫਾਰਮ ਹਜ਼ਾਰ ਕੁ ਕਿੱਲਿਆਂ ਦਾ ਹੈ। 100-200 ਕਿੱਲਿਆਂ 'ਤੇ ਕਣਕ, ਕਨੋਲਾ ਦੀ ਖੇਤੀ ਵਾਰਾ ਨਹੀਂ ਖਾਂਦੀ। ਜ਼ਮੀਨ ਖਰੀਦਣੀ ਸਸਤੀ ਹੈ (ਪ੍ਰੇਰੀਜ਼ ਦੇ ਮੈਦਾਨਾਂ ਵਿੱਚ), ਪਰ ਮਸ਼ੀਨਰੀ ਬਹੁਤ ਮਹਿੰਗੀ ਹੈ। ਉਦਾਹਰਣ ਦੇ ਤੌਰ 'ਤੇ ਇਸ ਸਮੇਂ ਪ੍ਰੇਰੀਜ਼ ਵਿੱਚ ਇੱਕ ਕਿੱਲਾ ਜ਼ਮੀਨ 4-5 ਹਜ਼ਾਰ ਡਾਲਰ ਨੂੰ ਖਰੀਦੀ ਜਾ ਸਕਦੀ ਹੈ, ਪਰ ਇੱਕ ਆਮ ਟਰੈਕਟਰ (100 ਕੁ ਹੌਰਸ ਪਾਵਰ) ਇੱਕ ਲੱਖ ਡਾਲਰ ਦੇ ਕਰੀਬ ਹੈ। ਇਹੀ ਕਾਰਨ ਹੈ ਕਿ ਪ੍ਰੇਰੀਜ਼ ਵਿੱਚ ਬਹੁਤ ਥੋੜ੍ਹੇ ਪੰਜਾਬੀ ਖੇਤੀ ਦੇ ਧੰਦੇ ਵਿੱਚ ਹਨ। ਦੂਜੇ ਪਾਸੇ ਬੀ. ਸੀ. ਅਤੇ ਓਂਟਾਰੀਓ ਦੀ ਬਾਗਬਾਨੀ ਵਾਲੀ ਜ਼ਮੀਨ ਬਹੁਤ ਮਹਿੰਗੀ ਹੈ।

ਗਰਮੀਆਂ ਦੌਰਾਨ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀ ਦੇਖਣਯੋਗ ਹੁੰਦੀ ਹੈ, ਹਜ਼ਾਰਾਂ ਕਿੱਲਿਆਂ 'ਤੇ ਪੀਲੀ ਪੀਲੀ ਕਨੋਲਾ ਤੇ ਕਿਤੇ ਸੁਨਹਿਰੀ ਕਣਕ ਦੀ ਝਲਕ। ਕਨੇਡਾ ਦੀ ਪੈਦਾਵਾਰ ਜ਼ਿਆਦਾ ਹੈ ਤੇ ਖਪਤ ਘੱਟ, ਸੋ ਜ਼ਿਆਦਾਤਰ ਫਸਲਾਂ ਦੂਜੇ ਦੇਸ਼ਾਂ ਨੂੰ ਵੇਚੀਆਂ ਜਾਂਦੀਆਂ ਨੇ। ਖੇਤੀਬਾੜੀ ਕਨੇਡਾ ਲਈ ਬੜੀ ਅਹਿਮ ਹੈ।

# ਪੀਸ ਆਰਚ ਹਸਪਤਾਲ ਵਿੱਚ ਇੱਕ ਦਿਨ ਵਿੱਚ ਹੋਵੇਗੀ ਗੋਡਿਆਂ ਦੀ ਸਰਜਰੀ

### ਮਰੀਜ਼ਾਂ ਦੀ ਬਿਹਤਰੀ ਲਈ ਹਸਪਤਾਲ ਵਲੋਂ ਸ਼ੁਰੂ ਕੀਤਾ ਗਿਆ 'ਸੇਮ ਡੇਅ ਡਿਸਚਾਰਜ' ਪ੍ਰੋਗਰਾਮ



**ਵਾਈਟ ਰਾਕ, (ਪਰਮਜੀਤ ਸਿੰਘ):** ਵਾਈਟ ਰਾਕ ਦੇ ਪੀਸ ਆਰਚ ਹਸਪਤਾਲ ਨੇ ਗੋਡਿਆਂ ਦੀ ਸਰਜਰੀ ਕਰਵਾਉਣ ਵਾਲੇ ਮਰੀਜ਼ਾਂ ਦੀ ਬਿਹਤਰੀ ਲਈ ਇੱਕ ਨਵਾਂ 'ਸੇਮ ਡੇਅ ਡਿਸਚਾਰਜ' ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਅਧੀਨ ਚੁਣੇ ਹੋਏ ਮਰੀਜ਼ ਨੂੰ ਇੱਕੋ ਦਿਨ ਵਿੱਚ ਹਸਪਤਾਲ ਤੋਂ ਛੁੱਟੀ ਮਿਲ ਸਕੇਗੀ।

ਇਹ ਪ੍ਰੋਗਰਾਮ ਡਾ. ਵਿਕ ਬੱਬਰ, ਜੋ ਕਿ ਸਥਾਨਕ ਸਰਜਰੀ ਵਿਭਾਗ ਦੇ ਸਹਿ-ਅਧਿਕਾਰੀ ਹਨ, ਅਤੇ ਐਨ ਬਰਾਊਨਲੀ, ਜੋ ਕਿ ਕਲੀਨਿਕਲ ਓਪਰੇਸ਼ਨਜ਼ ਦੀ ਡਾਇਰੈਕਟਰ ਹਨ, ਵੱਲੋਂ ਵਿਕਸਤ ਕੀਤਾ ਗਿਆ। ਉਨ੍ਹਾਂ ਨੇ ਇਹ ਪ੍ਰੋਗਰਾਮ ਪਿਛਲੇ ਸਾਲ ਸ਼ੁਰੂ ਕੀਤਾ ਸੀ। ਉਹਨਾਂ ਦੱਸਿਆ ਕਿ "ਅਸੀਂ ਹਾਲ ਹੀ ਵਿੱਚ ਆਪਣੇ ਮਰੀਜ਼ਾਂ ਵਿੱਚ ਇਕ ਸਰਵੇ ਕਰਵਾਇਆ ਸੀ ਅਤੇ ਜਿਹੜੇ ਮਰੀਜ਼ ਇਸ ਪ੍ਰੋਗਰਾਮ ਦਾ ਹਿੱਸਾ ਬਣੇ ਹਨ, ਉਨ੍ਹਾਂ ਵੱਲੋਂ ਰਾਏ ਬਹੁਤ ਹੀ ਸਕਾਰਾਤਮਕ ਮਿਲੀ।" ਉਨ੍ਹਾਂ ਅਨੁਸਾਰ, ਮਰੀਜ਼ਾਂ ਨੇ ਸਰਜਰੀ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਦੇ ਪੂਰੇ ਸਮੇਂ ਵਿੱਚ ਆਪਣੇ ਆਪ ਨੂੰ ਬਹੁਤ ਚੰਗਾ ਮਹਿਸੂਸ ਕੀਤਾ।

ਫਰੇਜ਼ਰ ਹੈਲਥ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਜਿਨ੍ਹਾਂ ਮਰੀਜ਼ਾਂ ਕੋਲ ਚੰਗੀ ਘਰੇਲੂ ਸਹਾਇਤਾ ਹੁੰਦੀ ਹੈ ਜਾਂ ਜੋ ਨੌਜਵਾਨ ਪਰਿਵਾਰਾਂ ਨਾਲ ਹਨ, ਉਨ੍ਹਾਂ ਲਈ ਇਹ ਪ੍ਰੋਗਰਾਮ ਬੇਹਦ ਹੀ ਲਾਹੇਵੰਦ ਸਾਬਤ ਹੋਵੇਗਾ। ਜ਼ਿਕਰਯੋਗ ਹੈ ਕਿ ਦੱਖਣੀ ਸਰੀ ਦੀ ਨਿਵਾਸੀ ਵਿਕੀ ਐਟਕਿਨਸਨ, ਜੋ ਕਿ ਹਾਲ ਵਿੱਚ ਇਸ ਪ੍ਰੋਗਰਾਮ ਦਾ ਹਿੱਸਾ ਬਣੀ, ਨੇ ਦੱਸਿਆ ਕਿ ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ 45 ਸਾਲ ਦੀ ਉਮਰ ਵਿੱਚ ਹਿਪ ਦੀ ਸਰਜਰੀ ਕਰਵਾਉਣੀ ਪਵੇਗੀ।

5 ਫਰਵਰੀ ਨੂੰ ਉਸਦੀ ਸਫਲ ਸਰਜਰੀ ਕੀਤੀ ਗਈ। ਉਹ ਅਜਿਹੀ 25ਵੀਂ ਮਰੀਜ਼ ਸੀ ਜੋ ਕਿ ਆਪਣੀ ਸਰਜਰੀ ਕਰਵਾ ਕੇ ਉਸੇ ਦਿਨ ਘਰ ਵਾਪਸ ਗਈ। ਡਾਕਟਰਾਂ ਦੇ ਅਨੁਸਾਰ, ਜੋ ਮਰੀਜ਼ ਇੱਕੋ ਦਿਨ ਵਿੱਚ ਘਰ ਜਾਂਦੇ ਹਨ, ਉਨ੍ਹਾਂ ਨੂੰ ਦਰਦ ਘੱਟ ਹੁੰਦਾ ਹੈ, ਰੀਕਵਰੀ ਤੇਜ਼ ਹੁੰਦੀ ਹੈ ਅਤੇ ਸੰਕਰਮਣ ਦਾ ਖ਼ਤਰਾ ਵੀ ਘੱਟ ਹੁੰਦਾ ਹੈ। ਨਾਲ ਹੀ, ਹਸਪਤਾਲ ਬੈਡ ਖਾਲੀ ਰਹਿੰਦੇ ਹਨ ਅਤੇ ਸਰਜਰੀ ਰੱਦ ਹੋਣ ਦੇ ਮਾਮਲੇ ਵੀ ਘਟਦੇ ਹਨ।

# ਸਰੀ ਵਿੱਚ ਵੀ ਹੁਣ ਭੰਗ ਦੀ ਵਿਕਰੀ ਹੋਈ ਕਾਨੂੰਨੀ, ਨੌਂ ਥਾਵਾਂ 'ਤੇ ਦੁਕਾਨਾਂ ਖੋਲ੍ਹਣ ਦੀ ਦਿੱਤੀ ਗਈ ਮਨਜ਼ੂਰੀ

### ਇੱਕ ਦੁਕਾਨ ਬੱਚਿਆਂ ਦੇ ਸਕੂਲ ਤੋਂ 2 ਬਲਾਕ ਦੂਰ ਖੋਲ੍ਹਣ ਲਈ ਵੀ ਦਿੱਤੀ ਮਨਜ਼ੂਰੀ

ਸਰੀ, (ਪਰਮਜੀਤ ਸਿੰਘ): ਸਰੀ, ਕੈਨੇਡਾ ਦੇ ਕਈ ਸ਼ਹਿਰਾਂ ਵਾਂਗ ਸਰੀ ਵਿੱਚ ਵੀ ਭੰਗ ਦੀ ਵਿਕਰੀ ਨੂੰ ਹੁਣ ਕਾਨੂੰਨੀ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਗਈ ਹੈ।

ਸਰੀ ਸਿਟੀ ਕੌਂਸਲ ਨੇ ਬੀਤੇ ਦਿਨੀ ਪੰਜ-ਵੋਟਾਂ ਦੇ ਬਹੁਮਤ ਨਾਲ ਨੌਂ ਸਥਾਨਾਂ 'ਤੇ ਭੰਗ ਦੀਆਂ ਦੁਕਾਨਾਂ ਖੋਲਣ ਦੇ ਫੈਸਲੇ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਹ ਦੁਕਾਨਾਂ ਖੋਲਣ ਲਈ ਲਿਕਰ ਐਂਡ ਕੈਨੇਬਿਸ ਰੈਗੂਲੇਸ਼ਨ ਬ੍ਰਾਂਚ ਨੂੰ ਲਾਇਸੈਂਸ ਜਾਰੀ ਕੀਤੇ ਗਏ ਹਨ।

ਇਸ ਤੀਜੇ ਪੜਾਅ 'ਤੇ ਹੋਈ ਵੋਟਿੰਗ ਵਿੱਚ ਮੇਅਰ ਬਰੇਂਡਾ ਲੌਕ, ਕੌਂਸਲਰ ਮਨਦੀਪ ਨਗਰਾ, ਰੌਬ ਸਟੱਟ ਅਤੇ ਗੋਰਡਨ ਹਿਪਨਰ ਨੇ ਵਿਰੋਧ ਕੀਤਾ, ਜਦਕਿ ਡਗ ਐਲਫੋਰਡ, ਪਰਦੀਪ ਕੂਨਰ, ਹੈਰੀ ਬੈਂਸ, ਲਿੰਡਾ ਐਨਿਸ ਅਤੇ ਮਾਈਕ ਬੋਸੇ ਨੇ ਇਸ ਦੇ ਹੱਕ ਵਿੱਚ ਵੋਟ ਦਿੱਤੀ।

ਇਹ ਫੈਸਲਾ ਸਾਰਵਜਨਿਕ ਸੁਣਵਾਈ ਤੋਂ ਬਾਅਦ ਆਇਆ, ਜਿਸ ਦੌਰਾਨ 35 ਵਿਅਕਤੀਆਂ ਨੇ ਕੌਂਸਲ ਅੱਗੇ ਆਪਣੀ ਗੱਲ ਰੱਖੀ। ਉਨ੍ਹਾਂ ਵਿੱਚੋਂ ਜਿਆਦਾਤਰ ਕੰਪਨੀਆਂ ਦੇ ਕਰਮਚਾਰੀ ਸਨ।

ਇਨ੍ਹਾਂ ਥਾਵਾਂ 'ਤੇ ਖੁਲਣਗੀਆਂ ਕੈਨੇਬਿਸ ਦੁਕਾਨਾਂ:

**ਸਾਊਥ ਸਰੀ:**

- ਯੂਨਿਟ 108-15775 Croydon Drive – Burb Cannabis Corp
- ਯੂਨਿਟ 125-16030 24 Street – Dutch Love Cannaibs (Lightbox Enterprises)

**ਨੌਰਥ ਸਰੀ:**

- ਯੂਨਿਟ 502-7380 King George Boulevard – Imaigne Cannabis Co.
- ਯੂਨਿਟ 103-9014 152 Street – 1486965 B.C. Ltd.
- 15148 Fraser Highway – 1181168 B.C. Ltd.
- 19581 Fraser Highway – R. Basran
- ਯੂਨਿਟ 201-13650 102 Avenue – Dutch Love Cannabis (Lightbox Enterprises)
- 10383 150 Street – 1486965 B.C. Ltd.
- ਯੂਨਿਟ 5-10330 152 Street – Imagine Cannabis Co.



ਸੁਣਵਾਈ ਦੌਰਾਨ ਨੋਰੀਨ ਵਾਟਰਜ਼, ਜੋ ਕਿ ਇੱਕ ਰਿਟਾਇਰਡ ਵੈਨਕੂਵਰ ਪੁਲਿਸ ਅਫਸਰ ਹਨ, ਨੇ ਆਪਣੀ ਗੰਭੀਰ ਚਿੰਤਾ ਜਤਾਈ। ਉਨ੍ਹਾਂ ਨੇ ਕੌਂਸਲ ਨੂੰ ਦੱਸਿਆ ਕਿ ਕੌਂਸਲ ਦੇ ਇਸ ਫੈਸਲੇ ਦਾ ਨੌਜਵਾਨਾਂ ਤੇ ਗਲਤ ਅਸਰ ਪਵੇਗਾ।

ਉਨ੍ਹਾਂ ਨੇ ਕਿਹਾ ਕਿ ਇੱਕ ਦੁਕਾਨ ਤਾਂ ਉਥੇ ਖੋਲੀ ਜਾ ਰਹੀ ਹੈ ਜਿੱਥੋਂ ਦੋ ਬਲਾਕ ਦੂਰ ਇੱਕ ਸਕੂਲ ਅਤੇ ਇੱਕ ਪਾਰਕ ਹੈ।


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
FREE SIGHT TEST



A TO Z DRIVING SCHOOL
SO EASY

ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

# ਸਰੀ ਸੈਂਟਰ ਵਿੱਚ ਫੈਡਰਲ ਚੋਣਾਂ ਲਈ ਛੇ ਉਮੀਦਵਾਰ ਚੋਣ ਮੈਦਾਨ 'ਚ

**ਸਰੀ, (ਪਰਮਜੀਤ ਸਿੰਘ):** ਸਰੀ ਸੈਂਟਰ ਦੇ ਵੋਟਰ ਕੈਨੇਡਾ ਦੀਆਂ ਅਗਲੀਆਂ ਫੈਡਰਲ ਚੋਣਾਂ ਲਈ ਆਪਣੇ ਅਗਲੇ ਸੰਸਦ ਮੈਂਬਰ ਦੀ ਚੋਣ ਕਰਨ ਲਈ 28 ਅਪ੍ਰੈਲ ਨੂੰ ਪੋਲਿੰਗ ਸਟੇਸ਼ਨਾਂ 'ਤੇ ਜਾਣਗੇ। ਇਸ ਸ਼ਹਿਰੀ ਰਾਈਡਿੰਗ, ਜੋ 39 ਵਰਗ ਕਿਲੋਮੀਟਰ ਵਿੱਚ ਫੈਲੀ ਹੋਈ ਹੈ ਅਤੇ ਜਿਸ ਦੀ ਅਬਾਦੀ 119,724 ਹੈ, ਇਲੈਕਸ਼ਨਜ਼ ਕੈਨੇਡਾ ਅਨੁਸਾਰ ਇਥੇ 69,889 ਯੋਗ ਵੋਟਰ ਹਨ। 2012 ਵਿੱਚ ਬਣਾਈ ਗਈ ਇਸ ਰਾਈਡਿੰਗ ਦੀਆਂ ਸੀਮਾਵਾਂ 88 ਐਵੇਨਿਊ, ਸਕੌਟ ਰੋਡ, 96 ਐਵੇਨਿਊ, ਫਰੇਜ਼ਰ ਰਿਵਰ, ਪੋਰਟ ਮਾਨ ਬ੍ਰਿਜ, ਹਾਈਵੇ 1, 152 ਸਟ੍ਰੀਟ, 100 ਐਵੇਨਿਊ ਅਤੇ 148 ਸਟ੍ਰੀਟ ਤੱਕ ਹਨ।

ਪਿਛਲੇ 10 ਸਾਲਾਂ ਤੋਂ ਸਰੀ ਸੈਂਟਰ ਹਲਕੇ 'ਤੇ ਲਿਬਰਲ ਪਾਰਟੀ ਪੱਕੀ ਪਕੜ ਬਣੀ ਹੋਈ ਹੈ, ਜਿਸ ਵਿੱਚ ਮੌਜੂਦਾ ਸੰਸਦ ਮੈਂਬਰ ਰਣਦੀਪ ਸਰਾਏ ਨੇ 2015, 2019 ਅਤੇ 2021 ਦੀਆਂ ਫੈਡਰਲ ਚੋਣਾਂ ਜਿੱਤੀਆਂ। ਤਿੰਨੋਂ ਚੋਣਾਂ ਵਿੱਚ ਐਨਡੀਪੀ ਉਮੀਦਵਾਰ ਦੂਜੇ ਅਤੇ ਕੰਜ਼ਰਵੇਟਿਵ ਉਮੀਦਵਾਰ ਤੀਜੇ ਸਥਾਨ 'ਤੇ ਰਹੇ।

ਇਸ ਸਾਲ ਦੇ ਮੁਕਾਬਲੇ ਵਿੱਚ ਛੇ ਉਮੀਦਵਾਰ ਹਨ: ਰਣਦੀਪ ਸਰਾਏ (ਲਿਬਰਲ), ਡੋਮਿਨਿਕ ਡੇਨੋਫਰੀਓ (ਐਨਡੀਪੀ), ਰਾਜਵੀਰ ਢਿੱਲੋਂ (ਕੰਜ਼ਰਵੇਟਿਵ), ਕ੍ਰਿਸ਼ਨ ਖੁਰਾਨਾ (ਗ੍ਰੀਨ), ਬੇਵਰਲੀ ਟੈਂਚਕ (ਪੀਪਲਜ਼ ਪਾਰਟੀ ਆਫ ਕੈਨੇਡਾ) ਅਤੇ ਰਿਆਨ ਐਬਟ (ਕਮਿਊਨਿਸਟ ਪਾਰਟੀ ਆਫ ਕੈਨੇਡਾ)।

## ਰਣਦੀਪ ਸਰਾਏ

**ਲਿਬਰਲ ਪਾਰਟੀ ਆਫ ਕੈਨੇਡਾ (ਮੌਜੂਦਾ ਸੰਸਦ ਮੈਂਬਰ)**
**ਉਮਰ: 49, ਪੇਸ਼ਾ: ਵਕੀਲ/ਸਿਆਸਤਦਾਨ , ਇਲਾਕਾ: ਫਲੀਟਵੁੱਡ**



ਰਣਦੀਪ ਸਰਾਏ ਦਾ ਕਹਿਣਾ ਹੈ ਕਿ ਕਿਫਾਇਤੀ ਰਿਹਾਇਸ਼ ਅਤੇ ਵਧਦੀਆਂ ਲਾਗਤਾਂ ਸਭ ਤੋਂ ਵੱਡੇ ਮੁੱਦੇ ਹਨ। ਉਹ ਵਧੇਰੇ ਰਿਹਾਇਸ਼ੀ ਨਿਰਮਾਣ, ਨਿਰਮਾਣ ਪ੍ਰਕਿਰਿਆ ਨੂੰ ਸਰਲ ਬਣਾਉਣ, ਅਤੇ ਅੰਤਰਰਾਸ਼ਟਰੀ ਵਪਾਰ ਸਮਝੌਤਿਆਂ ਰਾਹੀਂ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਦੀ ਵਕਾਲਤ ਕਰ ਰਹੇ ਹਨ। ਉਹਨਾਂ ਨੇ ਡੈਂਟਲ ਕੇਅਰ, ਚਾਈਲਡ ਕੇਅਰ ਅਤੇ ਫਾਰਮਾਕੇਅਰ ਵਰਗੇ ਲਿਬਰਲ ਪ੍ਰੋਗਰਾਮਾਂ ਨੂੰ ਜਾਰੀ ਰੱਖਣ ਦਾ ਵੀ ਵਾਅਦਾ ਕੀਤਾ ਹੈ। ਜ਼ਿਕਰਯੋਗ ਗਹੈ ਕਿ ਰਣਦੀਪ ਸਰਾਏ 2015 ਤੋਂ ਸਰੀ ਸੈਂਟਰ ਦੇ ਸੰਸਦ ਮੈਂਬਰ, ਸਰਾਏ ਨੇ ਐਸਐਫਯੂ ਸਰੀ ਦੇ ਇੰਵਾਇਰਿਮੈਂਟਲ ਇੰਜਨੀਅਰਿੰਗ ਕੈਂਪਸ, ਵੈਟਰਨਜ਼ ਅਫੇਅਰਜ਼ ਸੈਂਟਰ ਅਤੇ ਸਰੀ-ਲੈਂਗਲੀ ਸਕਾਈਟ੍ਰੇਨ ਵਿਸਥਾਰ ਵਰਗੇ ਪ੍ਰੋਜੈਕਟਾਂ ਨੂੰ ਅੱਗੇ ਵਧਾਇਆ। ਉਹ ਆਪਣੀ ਪਤਨੀ ਸਰਬਜੀਤ ਅਤੇ ਤਿੰਨ ਬੱਚਿਆਂ ਨਾਲ ਸਰੀ ਵਿੱਚ ਪਿਛਲੇ ਲੰਬੇ ਸਮੇਂ ਤੋਂ ਲੋਕਾਂ ਨਾਲ ਵਿਚਰਦੇ ਆ ਰਹੇ ਹਨ।

## ਰਿਆਨ ਐਬਟ

**ਕਮਿਊਨਿਸਟ ਪਾਰਟੀ ਆਫ ਕੈਨੇਡਾ**
**ਉਮਰ: 34, ਪੇਸ਼ਾ: ਉਦਯੋਗਿਕ ਪੇਂਟਰ ਅਤੇ ਸੈਂਡਬਲਾਸਟਰ, ਇਲਾਕਾ: ਵੈਲੀ**



ਰਿਆਨ ਐਬਟ ਦਾ ਕਹਿਣਾ ਹੈ ਕਿ ਇਸ ਚੋਣ ਵਿੱਚ ਸਭ ਤੋਂ ਵੱਡਾ ਮੁੱਦਾ ਆਰਥਿਕ ਅਤੇ ਸਿਆਸੀ ਅਜ਼ਾਦੀ ਹੈ। ਉਹ ਮੰਨਦੇ ਹਨ ਕਿ ਅਰਥਵਿਵਸਥਾ ਨੂੰ ਖੋਖਲਾ ਕਰ ਦਿੱਤਾ ਹੈ ਅਤੇ ਅਮਰੀਕੀ ਟੈਰਿਫ਼ ਅਤੇ ਜਲਵਾਯੂ ਸੰਕਟ ਵੱਲ ਵਧ ਰਿਹਾ ਹੈ। ਉਹ ਊਰਜਾ ਅਤੇ ਸਰੋਤਾਂ ਦੀ ਜਨਤਕ ਮਲਕੀਅਤ, ਨੈਟੋ, ਨੋਰਾਡ ਅਤੇ ਯੂਐਸਐਮਸੀਏ ਤੋਂ ਬਾਹਰ ਨਿਕਲਣ, ਸਟੀਲ ਅਤੇ ਆਟੋ ਉਦਯੋਗਾਂ ਦਾ ਰਾਸ਼ਟਰੀਕਰਨ, ਕਾਰਪੋਰੇਟ ਟੈਕਸ ਦੁੱਗਣਾ ਕਰਨ ਅਤੇ ਜਨਤਕ ਸਿਹਤ, ਹਰਿਤ ਊਰਜਾ, ਆਵਾਜਾਈ ਅਤੇ ਦੋ ਮਿਲੀਅਨ ਕਿਫਾਇਤੀ ਰਿਹਾਇਸ਼ੀ ਇਕਾਈਆਂ ਦੀ ਵਕਾਲਤ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਰਿਆਨ ਅਲਬਰਟਾ ਦੇ ਇੱਕ ਛੋਟੇ ਕਿਸਾਨ ਸਮੁਦਾਏ ਤੋਂ ਸਰੀ ਆਏ, 2015 ਤੋਂ ਇੱਥੇ ਰਹਿੰਦੇ ਹਨ। ਉਹ ਇੱਕ ਯੂਨੀਅਨ ਮੈਂਬਰ, ਵਰਕਪਲੇਸ ਸੇਫਟੀ ਪ੍ਰਤੀਨਿਧੀ ਹਨ। ਉਹ ਪਿਛਲੀਆਂ ਤਿੰਨ ਚੋਣਾਂ ਵਿੱਚ ਕਮਿਊਨਿਸਟ ਪਾਰਟੀ ਦੀ ਨੁਮਾਇੰਦਗੀ ਕਰ ਚੁੱਕੇ ਹਨ।

## ਰਾਜਵੀਰ ਢਿੱਲੋਂ

**ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ**
**ਉਮਰ: 47, ਪੇਸ਼ਾ: ਵਕੀਲ, ਇਲਾਕਾ: ਸਰੀ**



ਰਾਜਵੀਰ ਢਿੱਲੋਂ ਦਾ ਕਹਿਣਾ ਹੈ ਕਿ ਰਹਿਣ ਸਹਿਣ ਦੀ ਵਧਦੀ ਲਾਗਤ ਸਭ ਤੋਂ ਵੱਡਾ ਮੁੱਦਾ ਹੈ। ਉਹ ਕਹਿੰਦੇ ਹਨ ਕਿ ਸਰੀ ਸੈਂਟਰ ਵਿੱਚ ਪਰਿਵਾਰ ਵਧੇਰੇ ਮਿਹਨਤ ਕਰ ਰਹੇ ਹਨ ਪਰ ਫਿਰ ਵੀ ਪਿੱਛੇ ਰਹਿ ਰਹੇ ਹਨ। ਉਹ ਟੈਕਸਾਂ ਵਿੱਚ ਕਟੌਤੀ, ਨਵੇਂ ਘਰਾਂ 'ਤੇ ਵਿਕਰੀ ਟੈਕਸ ਹਟਾਉਣ, ਰਿਹਾਇਸ਼ੀ ਨਿਰਮਾਣ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਅਤੇ ਵਪਾਰਾਂ ਲਈ ਰੈਗੂਲੇਸ਼ਨਾਂ ਘਟਾਉਣ ਦਾ ਚੋਣ ਵਾਅਦੇ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਰਾਜਵੀਰ ਢਿੱਲੋਂ ਪੰਜਾਬ ਵਿੱਚ ਜੰਮੇ, ਢਿੱਲੋਂ ਨੇ ਮਿੱਲਾਂ ਅਤੇ ਗੈਸ ਸਟੇਸ਼ਨਾਂ ਵਿੱਚ ਕੰਮ ਕੀਤਾ ਅਤੇ ਬੀਸੀ ਵਿੱਚ ਵਕੀਲ ਬਣੇ। ਉਹ ਇੱਕ ਦਹਾਕੇ ਤੋਂ ਵਧੇਰੇ ਸਮੇਂ ਤੋਂ ਪਰਿਵਾਰਾਂ, ਛੋਟੇ ਕਾਰੋਬਾਰਾਂ ਅਤੇ ਨਵੇਂ ਆਏ ਲੋਕਾਂ ਦੀ ਕਾਨੂੰਨੀ ਮਦਦ ਕਰਦੇ ਹਨ। ਉਨ੍ਹਾਂ ਨੇ ਘੱਟ ਟੈਕਸ, ਜ਼ਿੰਮੇਵਾਰ ਖਰਚ ਅਤੇ ਨੌਕਰੀਆਂ ਦੇ ਮੌਕੇ ਪੈਦਾ ਕਰਨ ਲਈ ਲੋਕਾਂ ਨਾਲ ਚੋਣ ਵਾਅਦੇ ਕੀਤੇ ਹਨ।

## ਬੇਵਰਲੀ ਟੈਂਚਕ

**ਪੀਪਲਜ਼ ਪਾਰਟੀ ਆਫ ਕੈਨੇਡਾ**
**ਉਮਰ: 74, ਪੇਸ਼ਾ: ਸੇਵਾਮੁਕਤ (ਪ੍ਰੋਡਿਊਸਰ, ਸੰਗਠਕ, ਪ੍ਰਸ਼ਾਸਨ), ਇਲਾਕਾ: ਸਾਊਥ ਸਰੀ**



ਬੇਵਰਲੀ ਟੈਂਚਕ ਦਾ ਕਹਿਣਾ ਹੈ ਕਿ ਗਲੋਬਲਿਸਟ ਨੀਤੀਆਂ, ਜਿਵੇਂ ਕਿ ਵੱਡੇ ਪੱਧਰ 'ਤੇ ਇਮੀਗ੍ਰੇਸ਼ਨ, ਸੱਤਾਵਾਦੀ ਸ਼ਾਸਨ ਅਤੇ ਆਜ਼ਾਦੀਆਂ ਦੀ ਘਾਟ, ਸਭ ਤੋਂ ਵੱਡੇ ਮੁੱਦੇ ਹਨ। ਉਹ ਪੀਪਲਜ਼ ਪਾਰਟੀ ਦੀਆਂ ਨੀਤੀਆਂ, ਜੋ ਸ਼ਾਂਤੀ, ਰਾਸ਼ਟਰੀ ਸੁਤੰਤਰਤਾ ਅਤੇ ਸਪੀਚ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਦੀਆਂ ਹਨ, ਦੀ ਵਕਾਲਤ ਕਰਦੀ ਹੈ।

ਜ਼ਿਕਰਯੋਗ ਹੈ ਬੇਵਰਲੀ ਟੈਂਚਕ 1996-1999 ਵਿੱਚ ਸੇਚੇਲਟ ਕੌਂਸਲਰ ਰਹੀ ਟੈਂਚਕ, ਲੋਕਤੰਤਰ ਅਤੇ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫ੍ਰੀਡਮਜ਼ ਦੀ ਸਮਰਥਕ ਹੈ। ਉਹ ਸਰੀ ਸੈਂਟਰ ਵਿੱਚ ਪੀਪੀਸੀ ਦੀ ਚੋਣ ਪ੍ਰਦਾਨ ਕਰਨ ਲਈ ਉਮੀਦਵਾਰ ਹੈ।

## ਫੈਡਰਲ ਲੀਡਰਾਂ ਦੀ ਹੋਈ ਬਹਿਸ...

ਦੇ ਈਵ-ਫ੍ਰਾਂਸੁਆ ਬਲਾਂਸ਼ੇ, ਅਤੇ ਐਨਡੀਪੀ ਦੇ ਜਗਮੀਤ ਸਿੰਘ ਨੇ ਹਿੱਸਾ ਸ਼ਾਮਲ ਹੋਏ । ਇਸ ਤੋਂ ਇੱਕ ਦਿਨ ਪਹਿਲਾਂ ਫਰੈਂਚ ਭਾਸ਼ਾ ਵਿੱਚ ਬਹਿਸ ਹੋਈ ਸੀ ਜੋ ਕਿ ਮਾਂਟਰੀਅਲ 'ਚ ਹੋਣ ਵਾਲੇ ਹਾਕੀ ਦੇ ਮੈਚ ਕਾਰਨ ਦੋ ਘੰਟੇ ਪਹਿਲਾਂ ਸ਼ੁਰੂ ਕਰ ਦਿੱਤੀ ਗਈ ਸੀ। ਗ੍ਰੀਨ ਪਾਰਟੀ ਨੂੰ ਡਿਬੇਟ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਉਹ ਲੀਡਰਜ਼ ਡਿਬੇਟ ਕਮਿਸ਼ਨ ਦੇ ਮਾਪਦੰਡਾਂ 'ਤੇ ਪੂਰੀ ਨਹੀਂ ਉਤਰੀ।

ਡਿਬੇਟ ਦੀ ਸ਼ੁਰੂਆਤ "ਟੈਰੀਫ਼ਾਂ ਅਤੇ ਕੈਨੇਡਾ ਨੂੰ ਚੁਣੌਤੀਆਂ" ਮੌਜੂਦਾ ਥੀਮ 'ਤੇ ਹੋਈ। ਇਥੇ ਲਿਬਰਲ ਨੇਤਾ ਮਾਰਕ ਕਾਰਨੀ, ਜੋ ਸਰਵੇਖਣਾਂ ਵਿੱਚ ਅੱਗੇ ਚੱਲ ਰਹੇ ਹਨ, ਨੂੰ ਤਿੰਨ ਹੋਰ ਪਾਰਟੀਆਂ ਆਗੂਆਂ ਵੱਲੋਂ ਨਿਸ਼ਾਨਾ ਬਣਾਇਆ ਗਿਆ। ਪੀਅਰ ਪੋਲੀਐਵ ਨੇ ਉਨ੍ਹਾਂ ਨੂੰ ਅਲਬਰਟਾ ਤੋਂ ਈਸਟ ਕੋਸਟ ਤੱਕ ਤੇਲ ਪਾਈਪਲਾਈਨ ਦੇ ਵਿਰੋਧ 'ਤੇ ਆੜੇ ਹੱਥੀਂ ਲਿਆ। ਜਗਮੀਤ ਸਿੰਘ ਨੇ ਇੰਪਲਾਇਮੈਂਟ ਇੰਸ਼ੋਰੈਂਸ ਨੂੰ ਫੈਲਾਉਣ ਵਿੱਚ ਕਾਰਨੀ ਦੀ ਨਾਕਾਮੀ ਦੀ ਗੱਲ ਕੀਤੀ। ਬਲਾਂਸ਼ੇ ਨੇ ਕਾਰਨੀ 'ਤੇ ਦੋ ਭਾਸ਼ਾਵਾਂ ਵਿੱਚ ਵੱਖ-ਵੱਖ ਬਿਆਨ ਦੇਣ ਦਾ ਦੋਸ਼ ਲਾਇਆ।

ਕਾਰਨੀ ਨੇ ਜਵਾਬ ਦਿੰਦਿਆਂ ਕਿਹਾ ਕਿ ਕੈਨੇਡਾ-ਅਮਰੀਕਾ ਦਾ ਪੁਰਾਣਾ ਰਿਸ਼ਤਾ ਹੁਣ ਖ਼ਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਲੋਂ ਵੀ ਟੈਰਿਫ਼ਾਂ ਨੂੰ ਇਸ ਤਰ੍ਹਾਂ ਲਾਗੂ ਕੀਤਾ ਜਾਣਾ ਚਾਹੀਦਾ ਹੈ ਕਿ ਕੈਨੇਡੀਅਨ ਨਾਗਰਿਕਾਂ ਉੱਤੇ ਘੱਟ ਅਸਰ ਪਵੇ। ਨਾਲ ਹੀ ਉਨ੍ਹਾਂ ਨੇ ਸੂਬਿਆਂ ਦਰਮਿਆਨ ਵਪਾਰਕ ਰੁਕਾਵਟਾਂ ਨੂੰ ਖ਼ਤਮ ਕਰਨ ਦੀ ਗੱਲ ਵੀ ਕੀਤੀ।

ਅਗਲਾ ਮੁੱਦਾ ਮਹਿੰਗਾਈ ਅਤੇ ਜੀਵਨ ਦੀ ਲਾਗਤ ਰਿਹਾ। ਕਾਰਨੀ ਅਤੇ ਪੀਅਰ ਪੋਲੀਐਵ ਨੇ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਜੀਐਸਟੀ ਘਟਾਉਣ ਦਾ ਵਾਅਦਾ ਕੀਤਾ, ਪਰ ਕਾਰਨੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਯੋਜਨਾ ਘਰਾਂ ਦੀ ਗਿਣਤੀ ਵਧਾਉਣ 'ਤੇ ਕੇਂਦਰਤ ਹੈ। ਪੀਅਰ ਪੋਲੀਐਵ ਨੇ ਦੋਸ਼ ਲਾਇਆ ਕਿ ਕਾਰਨੀ ਸਿਰਫ਼ ਟਰੂਡੋ ਦੀਆਂ ਅਰਥਕ ਨੀਤੀਆਂ ਨੂੰ ਹੀ ਅੱਗੇ ਵਧਾ ਰਹੇ ਹਨ। ਜਿਸ ਦਾ ਜਵਾਬ ਦਿੰਦਿਆਂ ਕਾਰਨੀ ਨੇ ਕਿਹਾ, "ਤੁਸੀਂ ਸਾਲਾਂ ਲੰਬੀ ਮੁਹਿੰਮ ਟਰੂਡੋ ਅਤੇ ਕਾਰਬਨ ਟੈਕਸ ਦੇ ਖਿਲਾਫ਼ ਚਲਾਈ, ਪਰ ਹੁਣ ਦੋਵੇਂ ਹੀ ਚਲੇ ਗਏ ਹਨ।"

ਜਗਮੀਤ ਸਿੰਘ ਨੇ ਮਹਿੰਗੇ ਹੋ ਰਹੇ ਖਾਣ-ਪੀਣ 'ਤੇ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਲਾਭਖੋਰੀ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਐਨਡੀਪੀ

## ਸਫ਼ਾ 1 ਦਾ ਬਾਕੀ

ਜੀਐਸਟੀ ਛੋਟ ਦੇ ਨਾਲ ਇਹ ਮੁੱਦਾ ਚੁੱਕੇਗੀ।

ਜਦ ਮੁੱਦਾ ਸੁਰੱਖਿਆ ਅਤੇ ਗੰਨ ਕੰਟਰੋਲ ਉੱਤੇ ਆਇਆ, ਤਾਂ ਕਾਰਨੀ ਤੋਂ ਲਿਬਰਲ ਸਰਕਾਰ ਦੀ ਗੰਨ ਬਾਈਬੈਕ ਸਕੀਮ ਬਾਰੇ ਪੁੱਛਿਆ ਗਿਆ। ਉਨ੍ਹਾਂ ਕਿਹਾ ਕਿ "ਕਮਰਸ਼ੀਅਲ ਪੱਧਰ 'ਤੇ ਇਹ ਨੀਤੀ ਕੁਝ ਹੱਦ ਤੱਕ ਸਫ਼ਲ ਰਹੀ, ਪਰ ਵਿਅਕਤੀਗਤ ਪੱਧਰ 'ਤੇ ਇਹ ਢੰਗ ਨਾਲ ਲਾਗੂ ਨਹੀਂ ਹੋਈ।" ਉਨ੍ਹਾਂ ਨੇ ਦੱਸਿਆ ਕਿ ਸੁਰੱਖਿਆ ਮੰਤਰੀ ਨੂੰ ਇਸ ਨੀਤੀ ਨੂੰ ਮੁੜ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਪੀਅਰ ਪੋਲੀਐਵ ਨੇ ਵਾਅਦਾ ਕੀਤਾ ਕਿ ਉਹ ਗੰਭੀਰ ਅਪਰਾਧਾਂ ਲਈ "ਤਿੰਨ ਸਟ੍ਰਾਈਕ ਨੀਤੀ" ਲਿਆਉਣਗੇ। ਉਨ੍ਹਾਂ ਕਿਹਾ, "ਤਿੰਨ ਗੰਭੀਰ ਅਪਰਾਧਾਂ ਦੀ ਸਜ਼ਾ ਤੋਂ ਬਾਅਦ ਘੱਟੋ-ਘੱਟ 10 ਸਾਲ ਜਾਂ ਜ਼ਿੰਦਗੀ ਭਰ ਦੀ ਕੈਦ ਹੋਵੇਗੀ, ਬਿਨਾਂ ਪੈਰੋਲ ਜਾਂ ਜਮਾਨਤ ਦੇ।"

ਜਗਮੀਤ ਸਿੰਘ ਨੇ ਆਰ.ਸੀ.ਐੱਮ.ਪੀ. ਵਿੱਚ ਸੁਧਾਰ ਦੀ ਗੱਲ ਕੀਤੀ, ਖਾਸ ਕਰਕੇ ਪੇਂਡੂ ਅਤੇ ਉੱਤਰੀ ਖੇਤਰਾਂ ਵਿੱਚ ਹੋ ਰਹੀ ਬਦਸਲੂਕੀ ਅਤੇ ਕਾਨੂੰਨ ਦੇ ਗਲਤ ਉਪਯੋਗ ਬਾਰੇ ਚਿੰਤਾਵਾਂ ਦਾ ਹਵਾਲਾ ਦਿੰਦਿਆਂ।

ਡਿਬੇਟ ਦੇ ਦੌਰਾਨ ਮਾਡਰੇਟਰ ਪੈਟ੍ਰਿਸ ਰੋਏ ਨੇ ਸਾਰੇ ਨੇਤਾਵਾਂ ਤੋਂ ਪੁੱਛਿਆ ਕਿ ਉਨ੍ਹਾਂ ਦੀਆਂ ਪਾਰਟੀਆਂ ਨੇ ਹੁਣ ਤੱਕ ਆਪਣੀਆਂ ਵਿੱਤੀ ਯੋਜਨਾਵਾਂ ਪੂਰੀ ਤਰ੍ਹਾਂ ਕਿਉਂ ਨਹੀਂ ਦਿੱਤੀਆਂ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕਰਾਂ ਦੀ ਛੋਟ ਅਤੇ ਹੋਰ ਵਾਅਦਿਆਂ ਲਈ ਫੰਡ ਕਿੱਥੋਂ ਲਿਆ ਜਾਵੇਗਾ ? ਜਿਸ ਹਰ ਪਾਰਟੀ ਦੇ ਆਗੂ ਨੇ ਗੋਲ-ਮੋਲ ਜਵਾਬ ਹੀ ਦਿੱਤਾ।

## ਪਲਾਸਟਿਕ ਦੇ ਭਾਂਡਿਆਂ ਵਿੱਚ ਖਾਣਾ...

ਹੈ। ਗੁਰੂ ਨਾਨਕ ਦੇਵ ਜੀ ਨੇ ਸਦਾ ਸਾਫ-ਸੁਥਰੇ ਅਤੇ ਕੁਦਰਤ ਨਾਲ ਸਹੀ ਤਾਲਮੇਲ ਵਾਲੇ ਜੀਵਨ ਦੀ ਪ੍ਰੇਰਨਾ ਦਿੱਤੀ। ਅਜਿਹੀ ਸਥਿਤੀ ਵਿੱਚ, ਜਿੱਥੇ ਲੰਗਰ ਪਲਾਸਟਿਕ ਦੇ ਜ਼ਰੀਏ ਦਿੱਤਾ ਜਾ ਰਿਹਾ ਹੋਵੇ, ਉੱਥੇ ਪਵਿੱਤਰਤਾ ਦੀ ਜਗ੍ਹਾ ਆਲਸੀਪਨ, ਬੇਪਰਵਾਹੀ ਅਤੇ ਪ੍ਰਦੂਸ਼ਣ ਨੂੰ ਹੀ ਵਧਾਵਾ ਦਿੱਤਾ ਜਾ ਰਿਹਾ ਹੈ। ਜਿੱਥੇ ਇੱਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਲਾਸਟਿਕ ਉਤਪਾਦਾਂ ਦੇ ਵਰਤੋਂ ਤੇ ਪਾਬੰਦੀ ਲਾ ਕੇ ਚੰਗਾ ਕਦਮ ਚੁੱਕਿਆ ਹੈ, ਉਥੇ ਹੀ ਕੈਨੇਡਾ ਦੇ ਗੁਰਦੁਆਰਿਆਂ ਨੂੰ ਵੀ ਇਸ ਪਾਸੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਵਿੱਚ ਪਲਾਸਟਿਕ ਉਤਪਾਦਾਂ ਤੇ ਕਈ ਸਾਲਾਂ ਤੋਂ ਪਾਬੰਦੀਆਂ ਲੱਗ ਚੁੱਕੀਆਂ ਹਨ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਕੈਨੇਡਾ ਵਿੱਚ ਵੀ ਕਈ ਗੁਰਦੁਆਰਾ ਸਾਹਿਬ ਅਜੇ ਵੀ ਪਵਿੱਤਰ ਲੰਗਰ ਨੂੰ ਪਲਾਸਟਿਕ ਦੇ ਭਾਂਡਿਆਂ ਰਾਹੀਂ ਵੰਡ ਰਹੇ ਹਨ। ਜੋ ਕੇ ਮਨੁੱਖੀ ਸਿਹਤ ਲਈ ਹਾਨੀਕਾਰਕ ਹੈ। ਗੁਰੂ ਕਾ ਲੰਗਰ ਹਮੇਸ਼ਾ ਪੌਸ਼ਟਿਕਤਾ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਤੇ ਵਰਤਾਇਆ ਜਾਣਾ ਚਾਹੀਦਾ ਹੈ ਅਤੇ ਹਰ ਚੀਜ਼ ਗੁਰੂ ਕਾ ਲੰਗਰ ਨਹੀਂ ਹੋ ਸਕਦੀ ਖਾਸ ਕਰ ਅਜਿਹੀਆਂ ਚੀਜ਼ਾਂ ਜੋ ਸਿਹਤ ਲਈ ਹਾਨੀਕਾਰਨ ਹਨ।

ਪਲਾਸਟਿਕ ਦੇ ਭਾਂਡਿਆਂ ਅਤੇ ਲਿਫਾਫਿਆਂ ਨੇ ਵਾਤਾਵਰਨ ਲਈ ਗੰਭੀਰ ਸਥਿਤੀ ਪੈਦਾ ਕਰ ਦਿੱਤੀ ਹੈ। ਨਦੀਆਂ, ਝੀਲਾਂ, ਸਮੁੰਦਰ, ਜੰਗਲ ਅਤੇ ਪਹਾੜੀ ਇਲਾਕੇ ਪਲਾਸਟਿਕ ਦੇ ਕੂੜੇ ਨਾਲ ਭਰੇ ਹੋਏ ਹਨ। ਹਜ਼ਾਰਾਂ ਸਮੁੰਦਰੀ ਜੀਵ ਜਿਵੇਂ ਕਿ ਡਾਲਫਿਨ, ਟਰਟਲ, ਅਤੇ ਮੱਛੀਆਂ ਪਲਾਸਟਿਕ ਨਿਗਲ ਜਾਣ ਕਾਰਨ ਮਰ ਰਹੀਆਂ ਹਨ। ਗੋਲਬਲ ਤਾਪਮਾਨ ਵਿੱਚ ਹੋ ਰਹਾ ਵਾਧਾ, ਵਾਤਾਵਰਣੀ ਤਬਦੀਲੀ ਅਤੇ ਆਫ਼ਤਾਂ ਸਿੱਧਾ ਇਸ ਪ੍ਰਦੂਸ਼ਣ ਨਾਲ ਜੁੜੀਆਂ ਹੋਈਆਂ ਹਨ।

ਪਲਾਸਟਿਕ ਦੇ ਵਿਰੁੱਧ ਜੰਗ ਸਿਰਫ਼ ਸਰਕਾਰਾਂ ਜਾਂ ਸੰਸਥਾਵਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਹਰ ਇਨਸਾਨ ਦੀ ਜ਼ਿੰਮੇਵਾਰੀ ਹੈ। ਸੰਗਤਾਂ, ਲੰਗਰ ਸੇਵਾ ਕਰ ਰਹੇ ਸੇਵਾਦਾਰਾਂ, ਵਪਾਰੀ ਵਰਗ, ਅਤੇ ਪਿੰਡ-ਕਸਬਿਆਂ ਦੇ ਲੋਕਾਂ ਨੂੰ ਵੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਨਗਰ ਕੀਰਤਨਾਂ ਅਤੇ ਧਾਰਮਿਕ ਸਮਾਗਮਾਂ ਦੌਰਾਨ ਪਲਾਸਟਿਕ ਦੇ ਭਾਂਡਿਆਂ ਅਤੇ ਲਿਫਾਫਿਆਂ ਦੀ ਵਰਤੋਂ ਨਾ ਕਰਨੀ ਸਿੱਧੀ ਤੌਰ ਤੇ ਧਰਤੀ ਮਾਤਾ ਦੀ ਰੱਖਿਆ ਕਰਨ ਵਾਲਾ ਕਦਮ ਹੋਵੇਗਾ।

ਸਾਡੀ ਧਰਤੀ, ਸਾਡੀ ਸਿਹਤ ਅਤੇ ਸਾਡੀ ਆਤਮਾ ਤਿੰਨੋਂ ਹੀ ਪਲਾਸਟਿਕ ਦੀ ਭੇਟ ਚੜ੍ਹ ਰਹੇ ਹਨ। ਇਹ ਸਮਾਂ ਹੈ ਜਾਗਣ ਦਾ, ਸੋਚ ਬਦਲਣ ਦਾ ਅਤੇ ਪਲਾਸਟਿਕ ਦੀ ਥਾਂ ਹੋਰ ਵਿਕਲਪਾਂ ਦੀ ਵਰਤੋਂ ਕਰਨ ਦਾ। ਆਓ ਅਸੀਂ ਸਾਰੇ ਮਿਲ ਕੇ ਇੱਕ ਵਾਅਦਾ ਕਰੀਏ ਕਿ ਅਸੀਂ ਨਾ ਸਿਰਫ਼ ਆਪਣੇ ਲਈ, ਸਗੋਂ ਆਪਣੀ ਅਗਲੀ ਪੀੜ੍ਹੀ ਲਈ ਵੀ ਸਾਫ਼, ਸਿਹਤਮੰਦ ਅਤੇ ਆਦਰਸ਼ ਜੀਵਨ ਬਣਾਉਣ ਲਈ ਕੰਮ ਕਰਾਂਗੇ।

# ਪੰਜਾਬ ਵਿੱਚ ਲਗਾਤਾਰ ਕਿਉਂ ਵੱਧ ਰਿਹਾ ਹੈ ਪਾਣੀ ਦਾ ਉਜਾੜਾ

**ਲੇਖਕ : ਅਮਨਪ੍ਰੀਤ ਸਿੰਘ ਬਰਾੜ**



ਪੰਜਾਬ ਦੇ ਖੇਤ ਅਤੇ ਕਿਸਾਨ ਦੋਵੇਂ ਹੀ ਸਿਆਸੀ ਬੇਰੁਖ਼ੀ ਅਤੇ ਦਿਸ਼ਾਹੀਣਤਾ ਦਾ ਸ਼ਿਕਾਰ ਹਨ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਪੰਜਾਬ ਨੂੰ ਦੂਰ ਦ੍ਰਿਸ਼ਟੀ ਵਾਲੀ ਖੇਤੀ ਅਤੇ ਪਾਣੀ ਦੀ ਨੀਤੀ ਨਹੀਂ ਮਿਲੀ। ਪਿਛਲੀਆਂ ਸਰਕਾਰਾਂ ਨੇ ਵੀ ਨੀਤੀਆਂ ਬਣਵਾਈਆਂ ਪਰ ਜੋ ਨੀਤੀਆਂ ਬਣੀਆਂ ਉਹ ਜਨਤਕ ਨਹੀਂ ਹੋਈਆਂ ਅਤੇ ਉਹ ਬਿਨਾਂ ਬਹਿਸ ਹੀ ਸਰਕਾਰੀ ਫਾਈਲਾਂ ਵਿਚ ਦੱਬ ਕੇ ਰਹਿ ਗਈਆਂ। ਇਸ ਦਾ ਮਤਲਬ ਇਹੋ ਕੱਢਿਆ ਜਾ ਸਕਦਾ ਹੈ ਕਿ ਸਮੇਂ ਦੀਆਂ ਸਰਕਾਰਾਂ ਨੂੰ ਕਮੇਟੀਆਂ ਵਲੋਂ ਸੁਝਾਈਆਂ ਗਈਆਂ ਨੀਤੀਆਂ ਲਾਗੂ ਕਰਨ ਯੋਗ ਨਹੀਂ ਲੱਗੀਆਂ। ਸਾਲ 2022 ਵਿਚ ਸਰਕਾਰ ਬਦਲੀ ਤੇ ਮੌਜੂਦਾ ਸਰਕਾਰ ਨੇ ਲੋਕਾਂ ਤੋਂ ਵੀ ਖੇਤੀ ਨੀਤੀ ਲਈ ਸੁਝਾਅ ਮੰਗੇ ਅਤੇ ਸਥਾਨਕ ਵਿਗਿਆਨੀਆਂ ਦੀ ਕਮੇਟੀ ਬਣਾਈ, ਜਿਸ ਨੇ ਆਪਣੀ ਰਿਪੋਰਟ ਤਾਂ ਦੇ ਦਿੱਤੀ, ਜਿਸ ਨੂੰ ਕਿਸਾਨਾਂ ਦੇ ਦਬਾਅ ਪਾਉਣ 'ਤੇ ਸਤੰਬਰ 2024 ਵਿਚ ਜਨਤਕ ਵੀ ਕੀਤਾ ਗਿਆ, ਪਰ ਅਫਸੋਸ ਕਿ 6 ਮਹੀਨੇ ਬਾਅਦ ਵੀ ਉਹ ਲਾਗੂ ਹੋਣ ਦੇ ਨੇੜੇ-ਤੇੜੇ ਨਹੀਂ ਪਹੁੰਚੀ। ਇਸ ਕਮੇਟੀ ਦੇ ਰਿਪੋਰਟ ਦੇਣ ਤੋਂ ਪਹਿਲਾਂ ਹੀ ਬੌਸਟਨ ਕੰਸਲਟੈਂਸੀ ਗਰੁੱਪ ਨੂੰ ਵੀ ਰਿਪੋਰਟ ਬਣਾਉਣ ਲਈ ਕਿਹਾ ਗਿਆ ਸੀ, ਉਹ ਰਿਪੋਰਟ ਅਜੇ ਵੀ ਜਨਤਕ ਨਹੀਂ ਕੀਤੀ ਗਈ। ਖ਼ੈਰ ਇਸ ਵੇਲੇ ਖੇਤੀ ਅਤੇ ਪਾਣੀ ਜਿਸ ਚੁਰਾਹੇ 'ਤੇ ਖੜ੍ਹੇ ਹਨ, ਉਥੋਂ ਦੋਵਾਂ ਦਾ ਕੋਈ ਬਹੁਤਾ ਭਵਿੱਖ ਨਜ਼ਰ ਨਹੀਂ ਆਉਂਦਾ।

ਇਸ ਕਥਨ ਦਾ ਪਿਛੋਕੜ ਹੈ ਸਰਕਾਰੀ ਆਦੇਸ਼ ਕਿ ਇਸ ਵਾਰ ਕਿਸਾਨ ਝੋਨੇ ਦੀ ਲਵਾਈ ਇਕ ਜੂਨ ਤੋਂ ਸ਼ੁਰੂ ਕਰ ਸਕਦੇ ਹਨ। ਭਾਵ ਜੋ ਪੰਜਾਬ ਨੇ 2009 ਦੇ ਪਾਣੀ ਦੀ ਬੱਚਤ ਦੇ ਕਾਨੂੰਨ ਨਾਲ ਹਾਸਿਲ ਕੀਤਾ ਸੀ, ਮਤਲਬ ਝੋਨੇ ਦੀ ਲਵਾਈ 20 ਜੂਨ ਤੋਂ ਸ਼ੁਰੂ ਕਰਨ ਲਈ ਕਿਸਾਨਾਂ ਨੂੰ ਲਾਮਬੰਦ ਕੀਤਾ ਗਿਆ, ਉਸ ਨੂੰ ਵਾਪਸ ਪਹਿਲੀ ਜਗ੍ਹਾ ਲੈ ਆਂਦਾ ਗਿਆ ਹੈ। ਸੁਣਿਆ ਹੈ ਸਰਕਾਰ ਨੇ ਇਹ ਫ਼ੈਸਲਾ ਕਿਸਾਨਾਂ ਦੇ ਕਹਿਣ 'ਤੇ ਕੀਤਾ ਹੈ। ਅਸਲ ਵਿਚ ਇਹ ਫ਼ੈਸਲਾ ਕਰਵਾ ਕੇ ਕਿਸਾਨ ਆਪਣੇ ਪੈਰ ਕੁਹਾੜਾ ਮਾਰ ਰਹੇ ਹਨ। ਇਕ ਜੂਨ ਤੋਂ 30 ਜੂਨ ਤੱਕ ਪੰਜਾਬ ਵਿਚ ਅੱਤ ਦੀ ਗਰਮੀ ਪੈਂਦੀ ਹੈ, ਜਦੋਂ ਹਰ ਫ਼ਸਲ ਅਤੇ ਜੀਵ ਜੰਤੂ ਲਈ ਪਾਣੀ ਦੀ ਮੰਗ ਬਹੁਤ ਜ਼ਿਆਦਾ ਹੁੰਦੀ ਹੈ। 20 ਜੂਨ ਤੋਂ ਲਵਾਈ ਸ਼ੁਰੂ ਕਰਨ ਦਾ ਤਰਕ ਵੀ ਇਹੋ ਹੀ ਸੀ ਕਿ ਇਕ ਤਾਂ ਉਦੋਂ ਪ੍ਰੀ-ਮੌਨਸੂਨ ਦੀ ਇਕ ਅੱਧੀ ਬਾਰਿਸ਼ ਹੋ ਜਾਂਦੀ ਹੈ ਤੇ ਦੂਜਾ 20 ਜੂਨ ਤੋਂ ਸ਼ੁਰੂ ਕਰਦੇ-ਕਰਦੇ ਮੌਨਸੂਨ ਨੇੜੇ ਹੋ ਜਾਂਦੀ ਹੈ ਅਤੇ ਤਾਪਮਾਨ ਘੱਟ ਜਾਂਦਾ ਹੈ। ਸਰਕਾਰ ਦੇ 2009 ਦੇ ਇਸ ਫ਼ੈਸਲੇ ਨਾਲ ਧਰਤੀ ਹੇਠਲੇ ਪਾਣੀ ਦੀ ਹੇਠਾਂ ਜਾਣ ਦੀ ਰਫ਼ਤਾਰ ਘਟੀ ਸੀ। ਪਰ ਪਰਾਲੀ ਦੀ ਸੰਭਾਲ ਵੇਲੇ ਕੁਝ ਕਿਸਾਨਾਂ ਨੇ ਇਹ ਤਰਕ ਦੇ ਕੇ ਕਿ ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿਚ ਸਮਾਂ ਘੱਟ ਹੋਣ ਕਰਕੇ ਝੋਨੇ ਦੀ ਲਵਾਈ ਇਕ ਹਫ਼ਤਾ ਅੱਗੇ ਕਰਵਾ ਲਈ ਭਾਵ 20 ਤੋਂ 15 ਜੂਨ। ਪਰ ਇਸ ਸਾਲ ਸਿੱਧਾ ਇਕ ਜੂਨ 'ਤੇ ਜਾਣ ਦਾ ਮਤਲਬ ਕਿ ਜੋ ਅਸੀਂ ਪਾਣੀ ਦੀ ਬੱਚਤ ਅਤੇ ਪਰਾਲੀ ਦੀ ਸਾਂਭ-ਸੰਭਾਲ ਲਈ ਉਪਰਾਲੇ ਕੀਤੇ ਉਹ ਸਾਰੇ ਇਕੋ ਝਟਕੇ ਵਿਚ ਪਿੱਛੇ ਮੋੜ ਦਿੱਤੇ।

ਝੋਨੇ ਵਿਚ ਨਮੀ ਦੀ ਸਮੱਸਿਆ:-ਇਹ ਵੀ ਕਿਹਾ ਗਿਆ ਹੈ ਕਿ ਅਗੇਤੀ ਲਵਾਈ ਝੋਨੇ ਵਿਚ ਨਮੀ ਦੀ ਸਮੱਸਿਆ ਹੱਲ ਕਰਨ ਲਈ ਕੀਤੀ ਗਈ ਹੈ। ਅਸਲ ਗੱਲ ਇਹ ਹੈ ਕਿ ਸ਼ੈਲਰਾਂ ਵਾਲੇ ਅਤੇ ਆੜ੍ਹਤੀਏ (ਬਹੁਤੇ ਆੜ੍ਹਤੀਆਂ ਦਾ ਸ਼ੈਲਰਾਂ ਵਿਚ ਹਿੱਸਾ ਹੈ) ਆਪਣੀਆਂ ਮੰਗਾਂ ਮਨਾਉਣ ਲਈ ਜਦੋਂ ਫ਼ਸਲ ਮੰਡੀ ਵਿਚ ਆਉਂਦੀ ਹੈ, ਉਦੋਂ ਹੜਤਾਲ ਕਰ ਦਿੰਦੇ ਹਨ, ਇਹ ਹਰ ਸਾਲ ਦਾ ਧੰਦਾ ਹੈ। ਇਸ ਵਾਰ ਕੇਂਦਰ ਨੇ ਚੌਲ ਚੁੱਕੇ ਨਹੀਂ ਅੱਗੇ ਝੋਨਾ ਸ਼ੈਲਰਾਂ ਵਿਚ ਲਾਉਣ ਲਈ ਜਗ੍ਹਾ ਨਹੀਂ ਸੀ ਹੜਤਾਲ ਲੰਮੀ ਚੱਲ ਗਈ। ਮੰਡੀਆਂ ਵਿਚ ਝੋਨੇ ਦੇ ਅੰਬਾਰ ਲੱਗ ਗਏ। ਕੰਬਾਈਨ ਦੇ ਵੱਢੇ ਅਤੇ ਅਣਛਾਣੇ ਝੋਨੇ ਵਿਚ ਪੱਤੀ ਦਾ ਫੂਸ ਹੁੰਦਾ ਹੈ, ਉਹ ਜਦੋਂ ਦਾਬੜਾ ਵੱਜ ਜਾਵੇ ਤਾਂ ਨਮੀ ਛੱਡ ਜਾਂਦਾ ਹੈ, ਕਿਉਂਕਿ ਫੂਸ ਵਾਲੀ ਨਮੀ ਵੀ ਝੋਨੇ ਦੇ ਛਿੱਲਕੇ 'ਤੇ ਆਉਣੀ ਹੈ ਅਤੇ ਜਿਹੜੀ 14-15 ਫ਼ੀਸਦ ਨਮੀ ਦਾਣੇ ਵਿਚ ਹੈ ਉਹ ਵੀ ਬਾਹਰ ਨੂੰ ਆ ਕੇ ਛਿੱਲਕੇ ਵਿਚ ਇਕੱਠੀ ਹੋ ਜਾਂਦੀ ਹੈ। ਮੰਡੀਆਂ ਵਿਚ ਝੋਨਾ ਐਨਾ ਸੀ ਕਿ ਖਿਲਾਰਨ ਲਈ ਤਾਂ ਇਕ ਇੰਚ ਵੀ ਜਗ੍ਹਾ ਨਹੀਂ ਸੀ, ਇਹੋ ਜਿਹੇ ਢੇਰ ਵਿਚੋਂ ਸੈਂਪਲ ਲਵੋਗੇ ਤੇ ਨਮੀਂ ਵੱਧ ਆਵੇਗੀ। ਪਿਛਲੇ ਪੰਦਰਾਂ ਸਾਲਾਂ ਵਿਚ ਕਦੇ ਨਮੀ ਦੀ ਸਮੱਸਿਆ ਕਿਉਂ ਨਹੀਂ ਆਈ, ਕਿਉਂਕਿ ਜਿਹੜਾ ਝੋਨਾ ਮੰਡੀ ਵਿਚ ਆਉਂਦਾ ਸੀ ਉਹ ਨਾਲ ਦੀ ਨਾਲ ਛਾਣਿਆ ਜਾਂਦਾ ਸੀ, ਜਿਸ ਕਾਰਨ ਫੂਸ ਵਿਚੋਂ ਨਿਕਲ ਜਾਂਦਾ ਸੀ ਨਾਲੇ ਸਾਰੇ ਢੇਰ ਵਿਚ ਹਵਾ ਫਿਰ ਜਾਂਦੀ ਸੀ। ਦੂਜੀ ਸਮੱਸਿਆ ਆਈ ਪੀ.ਆਰ. 126 ਦੀ, ਜਿਹੜੀ ਕਿਸਮ 2017 ਵਿਚ ਕੱਢੀ ਗਈ, ਜੋ ਥੋੜ੍ਹੇ ਸਮੇਂ ਵਿਚ ਘੱਟ ਪਾਣੀ ਨਾਲ ਪੱਕ ਜਾਂਦੀ ਹੈ ਪਰ ਝਾੜ ਉਸ ਦਾ ਦੂਜੀਆਂ ਕਿਸਮਾਂ ਦੇ ਨੇੜੇ-ਤੇੜੇ ਹੀ ਹੈ। ਖੇਤੀਬਾੜੀ ਮਾਹਿਰਾਂ ਦੇ ਪ੍ਰਚਾਰ ਸਦਕਾ ਕਿਸਾਨਾਂ ਨੇ ਇਸ ਕਿਸਮ ਹੇਠ ਰਕਬਾ ਵਧਾਇਆ ਪਰ ਸ਼ੈਲਰਾਂ ਵਾਲਿਆਂ ਨੇ ਇਸ ਨੂੰ ਵਧੇਰੇ ਟੋਟਾ ਕਰਕੇ ਨਕਾਰਿਆ। ਸਰਕਾਰ ਪ੍ਰਚਾਰ ਕਰਦੀ ਸੀ ਕਿ ਪੂਸਾ 44 ਛੱਡ ਕੇ ਪੀ.ਆਰ. ਕਿਸਮਾਂ ਬੀਜੋ ਪਰ ਸ਼ੈਲਰਾਂ ਵਾਲੇ ਕਿਸਾਨਾਂ ਨੂੰ ਉਕਸਾਉਂਦੇ ਸਨ, ਪੂਸਾ 44 ਜੋ ਲੰਬੇ ਸਮੇਂ ਦੀ ਕਿਸਮ ਹੈ ਅਤੇ ਪਾਣੀ ਵੱਧ ਲੈਂਦੀ ਹੈ ਉਹ ਬੀਜੋ। ਸਰਕਾਰ ਨੇ ਟੋਟੇ ਦਾ ਹੱਲ ਲੱਭਣ ਵਿਚ ਦੇਰੀ ਕਰ ਦਿੱਤੀ, ਜਿਸ ਦਾ ਖ਼ਮਿਆਜ਼ਾ ਕਿਸਾਨਾਂ ਨੂੰ ਅਤੇ ਅੱਗੇ ਪੂਰੇ ਪੰਜਾਬੀਆਂ ਨੂੰ ਸਣੇ ਸ਼ੈਲਰਾਂ ਵਾਲਿਆਂ ਨੂੰ ਭੁਗਤਣਾ ਪੈਣਾ ਹੈ। ਝੋਨੇ ਦੀ ਲਵਾਈ ਅਗੇਤੀ ਕਰਨ ਨਾਲ ਮੁੜ ਲੰਬੇ ਸਮੇਂ ਵਾਲੀਆਂ ਕਿਸਮਾਂ ਖੇਤਾਂ ਵਿਚ ਆ ਜਾਣਗੀਆਂ।

ਕਿਸਾਨਾਂ ਦਾ ਨੁਕਸਾਨ:- ਅੱਜ ਤੱਕ ਜੋ ਮੌਸਮ ਵਿਭਾਗ ਦਾ ਅਨੁਮਾਨ ਹੈ ਕਿ ਇਸ ਸਾਲ ਗਰਮੀ ਵੱਧ ਪਵੇਗੀ। ਜਦੋਂ ਜੂਨ ਵਿਚ ਹੀ ਝੋਨਾ ਲਗਾ ਲਿਆ ਤਾਂ ਫ਼ਸਲ ਲਈ ਪਾਣੀ ਦੀ ਲੋੜ ਵੀ ਵਧੇਗੀ। ਉਧਰ ਵੱਧ ਗਰਮੀ ਕਾਰਨ ਘਰੇਲੂ ਬਿਜਲੀ ਦਾ ਲੋਡ ਵੀ ਵਧੇਗਾ, ਨਤੀਜੇ ਵਜੋਂ ਬਿਜਲੀ ਦੀ ਲੋਡ ਸ਼ੈਡਿਗ ਭਾਵ ਅਣਐਲਾਨੇ ਕੱਟ ਘਰਾਂ ਵਿਚ ਵੀ ਖੇਤਾਂ ਵਿਚ ਵੀ। ਦੂਜੇ ਪਾਸੇ ਪਾਣੀ ਦਾ ਪੱਧਰ ਹੇਠਾਂ ਜਾਣ ਨਾਲ ਕਈ ਟਿਊਬਵੈੱਲ ਰੁਕਣਗੇ ਜਾਂ ਲੋਰਿੰਗ ਪਾਉਣੇ ਪੈਣਗੇ। ਲੋਰਿੰਗ ਵਧ ਗਈ ਮੋਟਰ ਲੋਡ ਲਵੇਗੀ, ਜਿਸ ਕਾਰਨ ਮੋਟਰ ਸੜੇਗੀ। ਕੁੱਲ ਮਿਲਾ ਕੇ ਝੋਨਾ ਵਿਕਣਾ ਤਾਂ ਸ਼ੈਲਰਾਂ ਵਾਲਿਆਂ ਅਤੇ ਸਰਕਾਰਾਂ ਦੀ ਮਰਜ਼ੀ ਕਾਰਨ ਹੈ ਪਰ ਫ਼ਸਲ ਪੈਦਾ ਕਰਨ ਲਈ ਖ਼ਰਚਾ ਜ਼ਰੂਰ ਵੱਧ ਜਾਵੇਗਾ।

ਦੂਜੀ ਗੱਲ ਕਿ ਸਰਕਾਰ ਅਤੇ ਬੁੱਧੀਜੀਵੀਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦੇਣਾ ਹੈ ਕਿ ਪਾਣੀ ਹੇਠਾਂ ਜਾ ਰਿਹਾ ਹੈ। ਇਸ ਦਾ ਸਾਰਾ ਇਲਜ਼ਾਮ ਕਿਸਾਨਾਂ ਦੇ ਸਿਰ 'ਤੇ ਜਾਣਾ ਹੈ। ਆਮ ਲੋਕ ਜੋ ਪਹਿਲਾਂ ਹੀ ਇਸ ਭਰਮ ਜਾਲ ਵਿਚ ਹਨ ਕਿ ਸਾਰੀਆਂ ਜ਼ਹਿਰਾਂ ਕਿਸਾਨ ਹੀ ਖੁਆ ਰਹੇ ਹਨ। ਜਦੋਂ ਕਿ ਰਸਾਇਣ ਪ੍ਰੋਸੈਸਿੰਗ ਵਾਲੇ ਕਾਰਖਾਨੇਦਾਰ ਰਲਾਉਂਦੇ ਹਨ। ਉਨ੍ਹਾਂ ਨੇ ਕਿਸਾਨਾਂ ਦੇ ਉਲਟ ਹੋ ਜਾਣਾ ਹੈ। ਸਰਕਾਰਾਂ ਲਈ ਇਹ ਨੀਤੀ ਬਹੁਤ ਵਧੀਆ ਰਹਿਣੀ ਹੈ। ਅਸੀਂ ਤਾਂ ਕਿਸਾਨ ਯੂਨੀਅਨਾਂ ਦੀ ਗੱਲ ਮੰਨੀ, ਉਧਰ ਲੋਕ ਉਲਟ ਕਰਕੇ ਕਿਸਾਨਾਂ ਨੂੰ ਅਲੱਗ-ਥਲੱਗ ਕਰਨਾ ਹੈ। ਇਹ ਨੀਤੀ ਸਮਝਣ ਦੀ ਲੋੜ ਹੈ ਕਿ ਅਸਲ ਫਾਇਦਾ ਕਿਸਨੂੰ ।

ਪਾਣੀ ਪ੍ਰਦੂਸ਼ਿਤ ਕਰਨ ਵਾਲਿਆਂ ਨੂੰ ਹੁਣ ਸਜ਼ਾ ਨਹੀਂ:- ਵਿਧਾਨ ਸਭਾ ਵਿਚ ਬਜਟ ਸੈਸ਼ਨ ਦੌਰਾਨ ਪੰਜਾਬ ਸਰਕਾਰ ਨੇ ਪਾਣੀ ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ ਸੋਧ ਐਕਟ 2024 ਨੂੰ ਮਾਨਤਾ ਦੇ ਦਿੱਤੀ, ਜਿਸ ਅਧੀਨ ਹੁਣ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਵਿਰੁੱਧ ਜੋ ਕਾਰਵਾਈ ਹੋਵੇਗੀ ਉਸ ਵਿਚ ਸਿਰਫ਼ ਜੁਰਮਾਨਾ ਹੀ ਲੱਗੇਗਾ ਅਤੇ ਉਨ੍ਹਾਂ ਨੂੰ ਸਜ਼ਾ ਨਹੀਂ ਹੋਵੇਗੀ। ਇਸ ਐਕਟ ਵਿਚ ਸੋਧ ਕੇਂਦਰ ਸਰਕਾਰ ਨੇ 20 ਫਰਵਰੀ, 2024 ਵਿਚ ਲਿਆਂਦੀ ਸੀ, ਹੁਣ ਪੰਜਾਬ ਨੇ ਵੀ ਇਸ ਸੋਧ ਨੂੰ ਮੰਨ ਲਿਆ ਹੈ। ਇਸ ਨੂੰ ਦੋ ਪੱਖਾਂ ਤੋਂ ਸਮਝਣ ਦੀ ਲੋੜ ਹੈ। ਅੱਜ ਪਾਣੀ ਪ੍ਰਦੂਸ਼ਿਤ ਕਰਨ ਦਾ ਸਭ ਤੋਂ ਵੱਡਾ ਸਰੋਤ ਕਾਰਖਾਨੇ ਹਨ ਅਤੇ ਦੂਜਾ ਸ਼ਹਿਰੀ ਸੀਵਰ ਹੈ। ਪਿਛਲੇ ਸਮੇਂ ਤੋਂ ਪਾਣੀ ਦੇ ਪ੍ਰਦੂਸ਼ਣ ਨੂੰ ਲੈ ਕੇ ਕਾਫੀ ਧਰਨੇ ਕਿਸਾਨਾਂ ਵਲੋਂ ਅਤੇ ਆਮ ਲੋਕਾਂ ਵਲੋਂ ਜੋ ਐਨ.ਜੀ. ਓ. ਚਲਾਉਂਦੇ ਹਨ ਜਾਂ ਸਮਾਜ ਸੇਵੀ ਹਨ, ਉਨ੍ਹਾਂ ਵਲੋਂ ਲਗਾਏ ਗਏ। ਪਰ ਬਣਿਆ ਬਹੁਤਾ ਕੁਝ ਨਹੀਂ, ਕਿਉਂਕਿ ਅੱਗੋਂ ਵਪਾਰੀ ਵਰਗ ਸੀ, ਜੋ ਸਿਆਸੀ ਫੰਡਿੰਗ ਕਰਨ ਵਿਚ ਮਾਹਿਰ ਹੈ। ਜ਼ੀਰਾ ਫੈਕਟਰੀ ਦੇ ਮਸਲੇ 'ਤੇ ਪਿੰਡ ਵਾਲੇ ਤੇ ਕਿਸਾਨ ਯੂਨੀਅਨ ਵਾਲਿਆਂ ਦੇ ਦਬਾਅ ਪਾਉਣ 'ਤੇ ਕਈ ਇੰਸਪੈਕਸ਼ਨ ਕਮੇਟੀਆਂ ਆਈਆਂ ਪਰ ਬਣਿਆ ਕੁਝ ਨਹੀਂ। ਲੋਕਾਂ ਦੇ ਲੰਮੇ ਸੰਘਰਸ਼ ਨੇ ਹੀ ਆਖ਼ਰ ਫੈਕਟਰੀ ਬੰਦ ਕਰਵਾਈ ਸੀ। ਇਸੇ ਤਰ੍ਹਾਂ ਬੁੱਢਾ ਦਰਿਆ ਵਿਚ ਫੈਕਟਰੀਆਂ ਵੱਲੋਂ ਗੰਦਾ ਪਾਣੀ ਸਿੱਧਾ ਪਾਏ ਜਾਣ 'ਤੇ ਜੋ ਧਰਨੇ ਲੱਗੇ ਅਤੇ ਰੈਲੀ ਲਈ ਲੋਕ ਇਕੱਠੇ ਹੋਏ ਤਾਂ ਪੁਲਿਸ ਨੇ ਲੋਕਾਂ ਨੂੰ ਹੀ ਰੋਕਿਆ, ਜਦਕਿ ਉਦਯੋਗਪਤੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਘੇਰਨ ਲਈ ਆਪਣੀ ਲੇਬਰ ਲਿਆਂਦੀ, ਉਨ੍ਹਾਂ ਨੂੰ ਕੁਝ ਨਹੀਂ ਕਿਹਾ। ਅੱਜ ਇਸ ਸੋਧ ਐਕਟ ਦੇ ਨਾਲ ਜੋ ਕੋਈ ਮਾੜਾ ਮੋਟਾ ਡਰ ਸੀ, ਕਿ ਕਿਤੇ ਸਜ਼ਾ ਨਾ ਹੋ ਜਾਵੇ ਉਹ ਵੀ ਚੁੱਕਿਆ ਗਿਆ। ਜੁਰਮਾਨੇ ਨੂੰ ਤਾਂ ਉਦਯੋਗਪਤੀ ਸਮਝਦੇ ਹੀ ਕੁਝ ਨਹੀਂ, ਪਹਿਲੀ ਗੱਲ ਤਾਂ ਉਥੋਂ ਤੱਕ ਨੌਬਤ ਹੀ ਨਹੀ ਆਉਂਦੀ ਨਿਰੀਖਣ ਕਰਨ ਵਾਲਿਆਂ ਨੂੰ ਹੀ ਕਾਬੂ ਕਰ ਲਿਆ ਜਾਂਦਾ ਹੈ। ਮੈਂ ਇਥੇ ਦੱਸ ਦੇਵਾਂ ਇਸ ਸੋਧ ਤੋਂ ਪਹਿਲਾਂ ਪਾਣੀ ਦਾ ਸਰੋਤ ਪ੍ਰਦੂਸ਼ਿਤ ਕਰਨ ਵਾਲੇ ਨੂੰ 6 ਸਾਲ ਤੱਕ ਕੈਦ ਹੋ ਸਕਦੀ ਸੀ।

ਦੂਜੀ ਗੱਲ ਇਸ ਸੋਧ ਨਾਲ ਸੂਬੇ ਦੇ ਅਧਿਕਾਰਾਂ ਨੂੰ ਵੀ ਖੋਰਾ ਲੱਗਿਆ ਹੈ। ਇਸ ਵਿਚ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਦੀ ਨਿਯੁਕਤੀ ਲਈ ਕਮੇਟੀ ਵਿਚ ਕੇਂਦਰ ਦਾ ਜਾਇੰਟ ਸਕੱਤਰ ਬੈਠੇਗਾ।

ਛੇਤੀਂ ਝੋਨਾ ਲਾਉਣ ਦੇ ਲਏ ਗਏ ਫ਼ੈਸਲੇ ਨੂੰ ਮੁੜ ਤੋਂ ਵਿਚਾਰਨ ਦੀ ਲੋੜ ਹੈ। ਪਾਣੀ ਬਿਨਾਂ ਨਾ ਹੀ ਜੀਵਨ ਹੈ ਤੇ ਨਾ ਹੀ ਖੇਤੀ। ਸਾਨੂੰ ਰਲ ਕੇ ਇਸ ਨੂੰ ਬਚਾਉਣ ਦੀ ਲੋੜ ਹੈ। ਸਰਕਾਰ ਨੂੰ ਇਸ ਵੇਲੇ ਧਿਆਨ ਦੇ ਕਿ ਪਹਿਲ ਦੇ ਅਧਾਰ 'ਤੇ ਕਾਰਜਸ਼ੀਲ ਖੇਤੀ ਅਤੇ ਪਾਣੀ ਨੀਤੀ ਬਣਾਉਣ ਦੀ ਲੋੜ ਹੈ। ਆਪਣਾ ਸੁਖਾਲਾ ਰਾਜ ਰੱਖਣ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਰਕ ਅਤੇ ਗੁਲਾਮੀ ਵੱਲ ਨਾ ਧੱਕੀਏ। ਪਾਣੀ ਨੂੰ ਵਰਤ ਕਿ ਅਨਾਜ ਪੈਦਾ ਹੁੰਦਾ ਹੈ, ਜੋ ਲੋਕਾਂ ਨੂੰ ਜਿਉਂਦੇ ਰੱਖਣ ਲਈ ਜ਼ਰੂਰੀ ਹੈ। ਪਾਣੀ ਦੇ ਸਰੋਤ ਖ਼ਰਾਬ ਕਰਨ ਵਾਲੇ ਨੂੰ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ, ਕਿਉਂਕਿ ਉਹ ਕਰੋੜਾਂ ਲੋਕਾਂ ਦੀ ਭੁੱਖ ਅਤੇ ਪਿਆਸ ਬੁਝਾਉਣ ਦਾ ਇਕੋ-ਇਕ ਸਾਧਨ ਹੈ। ਕਿਸਾਨਾਂ ਨੂੰ ਵੀ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ.

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਦੇ ਅਰਥਚਾਰੇ ਲਈ ਬਦਲਵੀਂ ਨੀਤੀ ਦੀ ਲੋੜ



ਲੇਖਕ : ਡਾ. ਅਰੁਣ ਮਿੱਤਰਾ
ਸੰਪਰਕ: 94170-00360

ਅਨੇਕ ਆਰਥਿਕ ਮਾਹਿਰ ਪੰਜਾਬ ਦੇ ਆਰਥਿਕ ਵਿਕਾਸ ਬਾਰੇ ਵਿਸ਼ਲੇਸ਼ਣ ਕਰਦਿਆਂ ਇਸ ਬਾਬਤ ਚਿੰਤਾ ਪ੍ਰਗਟ ਕਰਦੇ ਰਹੇ ਹਨ ਪਰ 3 ਅਪਰੈਲ ਨੂੰ ਮਨੁੱਖੀ ਵਿਕਾਸ ਲਈ ਇੰਸਟੀਚਿਊਟ ਦੇ ਵਿਜ਼ਿਟਿੰਗ ਪ੍ਰੋਫੈਸਰ ਲਖਵਿੰਦਰ ਸਿੰਘ ਨੇ ਆਪਣੇ ਲੇਖ ਵਿੱਚ ਜੋ ਅੰਕੜੇ ਦਿੱਤੇ ਹਨ, ਉਹ ਝੰਜੋੜਨ ਵਾਲੇ ਹਨ। ਇੰਝ ਜਾਪਦਾ ਹੈ ਜਿਵੇਂ ਸਾਡੇ ਸਿਰ ਚੜ੍ਹਿਆ ਇਹ ਕਰਜ਼ਾ ਕਦੇ ਪੂਰਾ ਹੋਣਾ ਹੀ ਨਹੀਂ; ਭਾਵ, ਉੱਤਰਨਾ ਹੀ ਨਹੀਂ ਸਗੋਂ ਇਸ ਦੇ ਇਵਜ਼ ਵਿੱਚ ਸਾਡੇ ਉੱਪਰ ਕਈ ਤਰ੍ਹਾਂ ਦੀਆਂ ਬੰਦਿਸ਼ਾਂ ਲਾਈਆਂ ਜਾਣਗੀਆਂ।

ਕੋਈ ਵੀ ਸਮਾਜ, ਪਰਿਵਾਰ ਜਾਂ ਸ਼ਖ਼ਸ ਜੇ ਕਰਜ਼ੇ ਥੱਲੇ ਡੁੱਬ ਜਾਏ ਅਤੇ ਅਗਾਂਹ ਕਰਜ਼ੇ ਲੈ ਕੇ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰੇ ਤਾਂ ਇਹ ਸਿਲਸਿਲਾ ਲੰਮਾ ਸਮਾਂ ਚੱਲ ਨਹੀਂ ਸਕਦਾ। ਉਹ ਲਗਾਤਾਰ ਸ਼ਾਹੂਕਾਰਾਂ ਦੇ ਦਬਾਅ ਥੱਲੇ ਰਹਿੰਦਾ ਹੈ। ਸ਼ਾਹੂਕਾਰ ਉਸ ਨੂੰ ਲੁੱਟਦੇ ਹਨ ਤੇ ਫਿਰ ਉਨ੍ਹਾਂ ਕੋਲ ਜੋ ਕੁਝ ਵੀ ਹੁੰਦਾ ਹੈ, ਉਸ ਉੱਤੇ ਕਬਜ਼ਾ ਕਰ ਲੈਂਦੇ ਹਨ।

ਜੇਕਰ ਅਸੀਂ ਆਪਣੇ ਸੂਬੇ ਦੀ ਗੱਲ ਕਰੀਏ ਤਾਂ ਇਸ ਵੇਲੇ ਪ੍ਰਤੀ ਵਿਅਕਤੀ ਸਵਾ ਲੱਖ ਰੁਪਏ ਤੋਂ ਵੱਧ ਕਰਜ਼ਾ ਚੜ੍ਹ ਚੁੱਕਿਆ ਹੈ; ਮਤਲਬ ਇਹ ਕਿ ਹਰ ਪੰਜਾਬੀ ਸਵਾ ਲੱਖ ਰੁਪਏ ਦਾ ਦੇਣਦਾਰ ਹੈ, ਭਾਵੇਂ ਉਸ ਨੇ ਕਿਸੇ ਤੋਂ ਕਦੇ ਵੀ ਕਰਜ਼ਾ ਲਿਆ ਹੈ ਜਾਂ ਨਹੀਂ ਲਿਆ ਪਰ ਸਰਕਾਰੀ ਨੀਤੀਆਂ ਕਾਰਨ ਸੂਬੇ ਉੱਪਰ ਜੋ ਕਰਜ਼ਾ ਚੜ੍ਹ ਚੁੱਕਿਆ ਹੈ, ਜੇ ਉਸ ਨੂੰ ਪੰਜਾਬ ਦੇ ਲੋਕਾਂ ਵਿੱਚ ਬਰਾਬਰ ਵੰਡ ਲਈਏ ਤਾਂ ਇਹੀ ਅੰਕੜੇ ਸਾਹਮਣੇ ਆਉਂਦੇ ਹਨ।

ਪੰਜਾਬ ਹੁਣ ਤੱਕ ਅਨਾਜ ਦਾ ਭੰਡਾਰ ਰਿਹਾ ਹੈ ਤੇ ਸਾਰੇ ਦੇਸ਼ ਨੂੰ ਖੁਰਾਕ ਮੁਹੱਈਆ ਕਰਵਾਉਂਦਾ ਰਿਹਾ ਹੈ। ਅਤਿਵਾਦ ਵੇਲੇ ਪੰਜਾਬ ਦਾ ਵਿਕਾਸ ਰੁਕ ਗਿਆ, ਇਹ ਗੱਲ ਸਮਝ ਵਿੱਚ ਆਉਂਦੀ ਹੈ ਪਰ ਉਸ ਤੋਂ ਬਾਅਦ ਕਿਹੜੀਆਂ ਔਕੜਾਂ ਸਰਕਾਰਾਂ ਦੇ ਸਾਹਮਣੇ ਸਨ ਕਿ ਉਹ ਪੰਜਾਬ ਨੂੰ ਲੀਹ 'ਤੇ ਨਹੀਂ ਲਿਆ ਸਕੀਆਂ। ਅਮਨ-ਸ਼ਾਂਤੀ ਹੋਣ ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ, ਦੋਹਾਂ ਪਾਰਟੀਆਂ ਦੀਆਂ ਸਰਕਾਰਾਂ ਰਹੀਆਂ ਤੇ ਹੁਣ ਤਿੰਨ ਸਾਲ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਲੋਕ ਹਿਤੂ ਵੱਡੇ-ਵੱਡੇ ਨਾਅਰੇ ਦੇ ਕੇ 'ਆਪ' ਪੰਜਾਬ ਵਿੱਚ ਸੱਤਾ ਵਿੱਚ ਆਈ, ਇਸ ਲਈ ਲੋਕਾਂ ਨੂੰ ਉਮੀਦਾਂ ਵੀ ਹਨ ਪਰ ਸਰਕਾਰ ਦੀ ਆਰਥਿਕ ਪਿੜ ਵਿੱਚ ਕਾਰਗੁਜ਼ਾਰੀ ਤੋਂ ਇਹ ਪੂਰੀਆਂ ਹੁੰਦੀਆਂ ਨਹੀਂ ਜਾਪਦੀਆਂ।

ਹਾਲ ਹੀ ਵਿੱਚ ਪੇਸ਼ ਹੋਏ ਬਜਟ ਨਾਲ ਇਹ ਗੱਲ ਸਾਫ ਹੋ ਗਈ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਰਜ਼ਾ ਲੈਣਾ ਪਵੇਗਾ। ਡਾ. ਕੇਸਰ ਸਿੰਘ ਭੰਗੂ (ਸਾਬਕਾ ਪ੍ਰੋਫੈਸਰ ਤੇ ਡੀਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਮੁਤਾਬਿਕ, 236080 ਕਰੋੜ ਰੁਪਏ ਦੇ ਬਜਟ ਵਿੱਚੋਂ ਕੇਵਲ 47.33% ਹੀ ਸਰਕਾਰ ਆਪਣੀ ਸਾਲਾਨਾ ਆਮਦਨੀ ਤੋਂ ਖਰਚੇਗੀ, ਬਾਕੀ 52.67% ਖਰਚੇ ਕਰਜ਼ੇ ਲੈ ਕੇ ਖਰਚ ਕੀਤੇ ਜਾਣਗੇ।

ਕਿਸੇ ਵੀ ਸਮਾਜ ਦੇ ਮੁਢਲੇ ਵਿਕਾਸ ਲਈ ਸਿਹਤ ਅਤੇ ਸਿੱਖਿਆ ਅਤਿ ਲੋੜੀਂਦੇ ਹਨ ਜਿਨ੍ਹਾਂ ਉੱਪਰ ਖਰਚਾ ਜਿੰਨਾ ਵੀ ਕੀਤਾ ਜਾਏ, ਓਨਾ ਹੀ ਘੱਟ ਹੈ। ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਇਨ੍ਹਾਂ ਦੋ ਖੇਤਰਾਂ 'ਤੇ ਬਹੁਤ ਵੱਧ ਖਰਚ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਖੋਜ-ਬੀਨ 'ਤੇ ਵੀ ਖਰਚਾ ਕੀਤਾ ਜਾਣਾ ਚਾਹੀਦਾ ਹੈ ਪਰ ਸਾਡਾ ਇਨ੍ਹਾਂ ਖੇਤਰਾਂ ਵਿੱਚ ਖਰਚਾ ਵਧ ਹੀ ਨਹੀਂ ਰਿਹਾ ਬਲਕਿ ਅਨੁਪਾਤ ਦੇ ਹਿਸਾਬ ਨਾਲ ਇਸ ਬਜਟ ਵਿੱਚ ਕੁੱਲ ਬਜਟ ਦੇ ਪਿਛਲੇ ਸਾਲ ਦੇ ਹਿੱਸੇ ਨਾਲੋਂ ਵੀ ਸਿਹਤ 'ਤੇ ਖਰਚੇ ਨੂੰ ਘਟਾ ਦਿੱਤਾ ਗਿਆ ਹੈ। 2.36 ਲੱਖ ਕਰੋੜ ਰੁਪਏ ਦੇ ਕੁੱਲ ਬਜਟ ਵਿੱਚੋਂ ਸਿਹਤ ਲਈ 5598 ਕਰੋੜ ਰੁਪਏ ਦੀ ਅਲਾਟਮੈਂਟ ਮਜ਼ਾਕ ਹੀ ਹੈ। ਇਹ ਕੁੱਲ ਬਜਟ ਦਾ ਸਿਰਫ 2.37% ਬਣਦਾ ਹੈ। ਇਹ ਪਿਛਲੇ ਸਾਲ ਦੇ ਬਜਟ ਤੋਂ ਵੀ ਘੱਟ ਹੈ ਜੋ ਕੁੱਲ 204914 ਕਰੋੜ ਰੁਪਏ ਵਿੱਚੋਂ 5264 ਕਰੋੜ ਰੁਪਏ ਸੀ ਜੋ ਕੁੱਲ ਬਜਟ ਦਾ 2.5% ਬਣਦਾ ਹੈ।

ਸਿਹਤਮੰਦ ਵਿਅਕਤੀ ਹੀ ਸਮਾਜ ਦੀ ਤਰੱਕੀ ਲਈ ਕੰਮ ਕਰ ਸਕਦਾ ਹੈ। ਮੁੱਖ ਮੰਤਰੀ ਨੇ 10 ਲੱਖ ਰੁਪਏ ਦੇ ਸਿਹਤ ਬੀਮੇ ਦੀ ਗੱਲ ਤਾਂ ਕਹੀ ਹੈ ਪਰ ਇਸ ਲਈ ਪੈਸਾ ਕਿੱਥੋਂ ਆਏਗਾ, ਇਸ ਬਾਰੇ ਬਜਟ ਵਿੱਚ ਕੋਈ ਗੱਲ ਸਾਫ ਨਹੀਂ ਹੈ। ਸਿਹਤ ਸੇਵਾਵਾਂ 'ਤੇ ਰੋਗੀ ਦੀ ਜੇਬ ਵਿੱਚੋਂ ਆਉਣ ਵਾਲੇ ਖਰਚ ਵਿੱਚ ਪੰਜਾਬ ਦੇਸ਼ ਦੇ ਸਭ ਤੋਂ ਮੋਹਰੀ ਸੂਬਿਆਂ ਵਿੱਚੋਂ ਹੈ। ਇਸ ਲਈ ਸਿਹਤ ਸੇਵਾਵਾਂ 'ਤੇ ਸਰਕਾਰੀ ਖਰਚ ਨੂੰ ਵਧਾਉਣ ਦੀ ਲੋੜ ਹੈ।

ਇਹੋ ਹਾਲ ਸਿੱਖਿਆ ਦੇ ਖੇਤਰ ਦਾ ਹੈ। ਉਸ ਖੇਤਰ ਲਈ ਇਸ ਬਜਟ ਵਿੱਚ ਖਰਚਾ ਪਿਛਲੇ ਬਜਟ ਨਾਲੋਂ ਘੱਟ ਹੈ। ਇਸ ਸਾਲ ਸਿੱਖਿਆ, ਖੇਡਾਂ, ਕਲਾ ਤੇ ਸੱਭਿਆਚਾਰ ਦੇ ਖੇਤਰ ਨੂੰ ਕੁੱਲ 236080 ਕਰੋੜ ਦੇ ਬਜਟ ਵਿੱਚੋਂ 17975 ਕਰੋੜ ਰੁਪਏ ਅਲਾਟ ਕੀਤੇ ਗਏ ਹਨ ਜੋ ਬਜਟ ਦਾ 7.6% ਬਣਦੇ ਹਨ। ਇਸ ਦੇ ਮੁਕਾਬਲੇ ਪਿਛਲੇ ਸਾਲ 204914 ਕਰੋੜ ਦੇ ਕੁੱਲ ਬਜਟ ਵਿੱਚੋਂ ਇਸ ਖੇਤਰ ਨੂੰ 17330 ਕਰੋੜ ਰੁਪਏ ਅਲਾਟ ਕੀਤੇ ਗਏ ਸਨ ਜੋ ਕੁਲ ਬਜਟ ਦਾ 8.45% ਬਣਦੇ ਹਨ; ਭਾਵ, ਸਿੱਖਿਆ ਦੇ ਖੇਤਰ ਵਿੱਚ ਬਜਟ ਨੂੰ ਪਿਛਲੇ ਸਾਲ ਨਾਲੋਂ ਅਨੁਪਾਤਕ ਤੌਰ 'ਤੇ ਘਟਾ ਦਿੱਤਾ ਗਿਆ ਹੈ। ਆਰਥਿਕ ਮਾਹਿਰਾਂ ਅਨੁਸਾਰ, ਸਿਹਤ ਤੇ ਸਿੱਖਿਆ ਦੋ ਐਸੇ ਖੇਤਰ ਹਨ ਜਿਸ ਨਾਲ ਰੁਜ਼ਗਾਰ ਵੀ ਵੱਡੀ ਗਿਣਤੀ ਵਿੱਚ ਪੈਦਾ ਹੁੰਦਾ ਹੈ ਤੇ ਸਮਾਜ ਦੀ ਤਰੱਕੀ ਲਈ ਮਨੁੱਖੀ ਸਰਮਾਇਆ ਵੀ ਮਿਲਦਾ ਹੈ।

ਇਹ ਬੜੀ ਦੁਖਦਾਈ ਗੱਲ ਹੈ ਕਿ ਵੱਖ-ਵੱਖ ਸਮੇਂ ਦੌਰਾਨ ਆਈਆਂ ਸਰਕਾਰਾਂ ਨੇ ਐਸੇ ਕਦਮ ਨਹੀਂ ਪੁੱਟੇ ਜਿਸ ਨਾਲ ਪੰਜਾਬ ਨੂੰ ਕਰਜ਼ੇ ਵਿੱਚੋਂ ਕੱਢਿਆ ਜਾਏ। ਦੇਖਣ ਵਿੱਚ ਆਇਆ ਹੈ ਕਿ ਜਦੋਂ ਸਰਕਾਰਾਂ ਲੋਕਾਂ ਦੀ ਆਸ 'ਤੇ ਪੂਰੀਆਂ ਨਹੀਂ ਉਤਰਦੀਆਂ, ਲੋਕ ਹਿਤੂ ਕਦਮ ਨਹੀਂ ਚੁੱਕਦੀਆਂ, ਫਿਰ ਉਹ ਲੋਕਾਂ ਨੂੰ ਚੋਗਾ ਪਾਉਣ ਦੀਆਂ ਗੱਲਾਂ ਕਰਦੀਆਂ ਹਨ। ਜਿਵੇਂ ਕੇਂਦਰ ਸਰਕਾਰ ਇੱਕ ਪਾਸੇ ਤਾਂ ਆਖਦੀ ਹੈ ਕਿ ਸਾਡਾ ਦੇਸ਼ ਖੁਸ਼ਹਾਲ ਹੋ ਰਿਹਾ ਹੈ, ਦੂਜੇ ਪਾਸੇ 80 ਕਰੋੜ ਲੋਕਾਂ ਨੂੰ ਪੰਜ ਕਿਲੋ ਦਾਣੇ ਤੇ ਇੱਕ ਕਿਲੋ ਦਾਲ ਦੇ ਕੇ ਚੁੱਪ ਕਰਵਾ ਰਹੀ ਹੈ। ਲੋਕਾਂ ਦੀ ਆਮਦਨ ਵਧਾਉਣ ਦੀ ਬਜਾਏ ਉਨ੍ਹਾਂ ਨੂੰ ਸਰਕਾਰਾਂ ਦੀ ਦਇਆ 'ਤੇ ਰੱਖਿਆ ਜਾ ਰਿਹਾ ਹੈ। ਇਸ ਨੂੰ ਹੀ ਰਿਉੜੀਆਂ ਆਖਿਆ ਜਾਂਦਾ ਹੈ। ਪੰਜਾਬ ਵਿੱਚ ਸਰਕਾਰ ਵੀ ਇਹੋ ਜਿਹੇ ਕਦਮ ਪੁੱਟ ਰਹੀ ਹੈ। ਸਭ ਲਈ ਬਿਜਲੀ ਦੇ ਬਿਲਾਂ ਦੀ ਮੁਆਫੀ, ਪਾਣੀ ਦੇ ਬਿੱਲਾਂ ਦੀ ਮੁਆਫੀ, ਬੱਸਾਂ ਦੇ ਕਿਰਾਏ ਵਿੱਚ ਸਭ ਔਰਤਾਂ ਨੂੰ ਮੁਆਫੀ। ਬਿਨਾਂ ਕਿਸੇ ਆਰਥਿਕ ਸਰਵੇਖਣ ਦੇ ਅਜਿਹੇ ਫ਼ੈਸਲੇ ਕਰਨ ਨਾਲ ਸੂਬੇ ਦੀ ਆਰਥਿਕਤਾ ਕਮਜ਼ੋਰ ਹੋ ਰਹੀ ਹੈ ਕਿਉਂਕਿ ਬਹੁਤ ਸਾਰਾ ਪੈਸਾ ਉਨ੍ਹਾਂ ਲੋਕਾਂ ਨੂੰ ਚਲਾ ਜਾਂਦਾ ਹੈ ਜੋ ਲੋੜਵੰਦ ਵੀ ਨਹੀਂ, ਤੇ ਅਨੇਕ ਲੋੜਵੰਦ ਇਨ੍ਹਾਂ ਲਾਭਾਂ ਤੋਂ ਵਾਂਝੇ ਰਹਿ ਜਾਂਦੇ ਹਨ।

ਪੰਜਾਬ ਨੂੰ ਆਰਥਿਕ ਤੌਰ 'ਤੇ ਸਮਰੱਥ ਹੋਣ ਲਈ ਇੱਥੇ ਉਦਯੋਗਿਕ ਕੇਂਦਰਾਂ ਨੂੰ ਉਤਸ਼ਾਹਿਤ ਕਰਨਾ ਪਏਗਾ, ਖੇਤੀਬਾੜੀ ਨੂੰ ਆਧੁਨਿਕ ਢੰਗਾਂ ਨਾਲ ਉਤਸ਼ਾਹਿਤ ਕਰ ਕੇ ਕਿਸਾਨ ਜਥੇਬੰਦੀਆਂ ਨਾਲ ਬੈਠ ਕੇ ਗੱਲਬਾਤ ਕਰਨੀ ਪਏਗੀ। ਨੇੜਲੇ ਦੇਸ਼ਾਂ ਨਾਲ ਵਪਾਰਕ ਸਬੰਧ ਵੀ ਵਧਾਉਣੇ ਪੈਣਗੇ ਜਿਵੇਂ ਪਾਕਿਸਤਾਨ ਨਾਲ ਵਪਾਰ ਖੁੱਲ੍ਹਣਾ ਚਾਹੀਦਾ ਹੈ। ਇਸ ਵਕਤ ਲੋੜ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਦੀ ਵੀ ਹੈ।

ਬਾਕਾਇਦਾ ਅਧਿਐਨ ਕਰਨ ਤੋਂ ਬਾਅਦ ਟਰੇਡ ਯੂਨੀਅਨਾਂ ਨਾਲ ਜੁੜੇ ਮਾਹਿਰਾਂ ਨੇ ਮੰਗ ਕੀਤੀ ਹੈ ਕਿ ਘੱਟੋ-ਘੱਟ ਵੇਤਨ ਪ੍ਰਤੀ ਮਹੀਨਾ 35 ਹਜ਼ਾਰ ਰੁਪਏ ਹੋਣਾ ਚਾਹੀਦਾ ਹੈ ਪਰ ਪੰਜਾਬ ਵਿੱਚ ਇਹ ਵੇਤਨ ਕੇਵਲ 10996 ਰੁਪਏ ਪ੍ਰਤੀ ਮਹੀਨਾ ਜਾਂ 422 ਰੁਪਏ ਪ੍ਰਤੀ ਦਿਨ ਹੈ। ਪ੍ਰਮੁੱਖ ਮੈਡੀਕਲ ਰਸਾਲੇ 'ਲੈਂਸਟ' ਦੁਆਰਾ ਬਣਾਈ ਕਮੇਟੀ ਨੇ ਲੋਕਾਂ ਲਈ ਗੁਣਵੱਤਾ ਵਾਲੀ ਖੁਰਾਕ ਦੀ ਵਿਆਖਿਆ ਦਿੱਤੀ ਗਈ ਹੈ। ਅੱਜ ਦੇ ਮਹਿੰਗਾਈ ਦੇ ਹਿਸਾਬ ਨਾਲ ਜੇ ਉਹ ਖੁਰਾਕ ਖਾਣੀ ਹੈ ਤਾਂ ਪ੍ਰਤੀ ਵਿਅਕਤੀ 200 ਰੁਪਏ ਪ੍ਰਤੀ ਦਿਨ ਦਾ ਖਰਚਾ ਪੈਂਦਾ ਹੈ। 4.5 ਜੀਆਂ ਦੇ ਪਰਿਵਾਰ ਮੁਤਾਬਿਕ ਇੱਕ ਦਿਨ ਦਾ 900 ਰੁਪਏ ਕੇਵਲ ਖੁਰਾਕ 'ਤੇ ਖਰਚ ਆਉਂਦਾ ਹੈ ਜੋ ਮਹੀਨੇ ਦਾ 27 ਹਜ਼ਾਰ ਰੁਪਏ ਬਣ ਜਾਂਦਾ ਹੈ। ਇਸ ਲਈ ਆਰਥਿਕ ਪਿੜ ਵਿੱਚ ਕਮਜ਼ੋਰ ਵਰਗਾਂ ਲਈ ਵੱਡੇ ਕਦਮ ਚੁੱਕਣ ਦੀ ਲੋੜ ਹੈ ਪਰ ਇਹ ਸਭ ਕਰੇਗਾ ਕੌਣ?

ਇਸ ਕਾਰਜ ਲਈ ਬਦਲਵੀਂ ਆਰਥਿਕ ਨੀਤੀ ਲਿਆਉਣੀ ਪਏਗੀ। ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ, ਵਿਦਿਆਰਥੀਆਂ ਆਦਿ ਵੱਲੋਂ ਸਰਕਾਰ 'ਤੇ ਦਬਾਅ ਪਾਉਣਾ ਪਏਗਾ। ਰਾਜਨੀਤਕ ਤੌਰ 'ਤੇ ਪ੍ਰਗਤੀਸ਼ੀਲ ਸ਼ਕਤੀਆਂ ਨੂੰ ਆਵਾਜ਼ ਬੁਲੰਦ ਕਰਨੀ ਪਏਗੀ ਅਤੇ ਬਦਲਵਾਂ ਬਜਟ ਪੇਸ਼ ਕਰਨਾ ਪਏਗਾ। ਜੇਕਰ ਸੂਬੇ ਦੀ ਆਰਥਿਕਤਾ ਇੰਝ ਹੀ ਘਟਦੀ ਰਹੀ ਅਤੇ ਬੇਰੁਜ਼ਗਾਰੀ ਵਧਦੀ ਰਹੀ ਤਾਂ ਪੰਜਾਬ ਛੇਤੀ ਹੀ ਅਪਰਾਧ ਦੀ ਰਾਜਧਾਨੀ ਬਣ ਸਕਦਾ ਹੈ।

# ਕਿਸਾਨੀ ਧਰਨੇ 'ਤੇ ਸੂਬਾ ਸਰਕਾਰ ਦੀ ਵੱਡੀ ਕਾਰਵਾਈ ਅਤੇ ਭਵਿੱਖ ਦੀਆਂ ਚੁਣੌਤੀਆਂ

ਲੇਖਕ : ਬਘੇਲ ਸਿੰਘ ਧਾਲੀਵਾਲ
ਸੰਪਰਕ : 99142-58142

ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਪਿਛਲੇ 13 ਮਹੀਨਿਆਂ ਤੋ ਐਮ ਐਸ ਪੀ ਸਮੇਤ ਕੱਝ ਹੋਰ ਮੰਗਾਂ ਲਈ ਕੇਂਦਰ ਦੀ ਸਰਕਾਰ ਖਿਲਾਫ ਲੱਗੇ ਧਰਨੇ ਨੂੰ ਪੰਜਾਬ ਸਰਕਾਰ ਦੇ ਸਖਤ ਹੁਕਮਾਂ ਤੇ ਪੰਜਾਬ ਪੁਲਿਸ ਵੱਲੋਂ ਹਟਾ ਦਿੱਤਾ ਗਿਆ ਹੈ। ਇਹ ਧਰਨਾ ਚੁਕਵਾਉਣ ਲਈ ਪੰਜਾਬ ਪੁਲਿਸ ਵੱਲੋਂ ਜਿਸਤਰ੍ਹਾਂ ਦੀ ਪਹੁੰਚ ਅਪਨਾਈ ਗਈ, ਉਹਦੇ ਤੇ ਵੀ ਰਲਵੇਂ ਮਿਲਵੇਂ ਪ੍ਰਤੀਕਰਮ ਸੁਣਨ ਨੂੰ ਮਿਲ ਰਹੇ ਹਨ,ਪਰ ਜਿਸਤਰ੍ਹਾਂ ਕਿਸਾਨਾਂ ਨੂੰ ਖਦੇੜਨ ਸਮੇਂ ਉਹਨਾਂ ਨੂੰ ਸਮਾਨ ਸਾਂਭਣ ਦਾ ਵੀ ਸਮਾਂ ਨਹੀਂ ਦਿੱਤਾ ਗਿਆ,ਬਲਕਿ ਕਿਸਾਨਾਂ ਦੇ ਸਮਾਨ ਨੂੰ ਇਸਤਰ੍ਹਾਂ ਲੁੱਟਿਆ ਪੁੱਟਿਆ ਗਿਆ,ਜਿਵੇਂ ਪੁਰਾਤਨ ਇਤਿਹਾਸ ਵਿੱਚ ਰਾਜੇ ਆਪਣੇ ਵਿਰੋਧੀਆਂ ਤੇ ਹਮਲਾ ਕਰਨ ਤੋ ਬਾਅਦ ਵਿਰੋਧੀ ਰਾਜੇ ਦੀ ਪਰਜਾ ਨੂੰ ਲੁੱਟ ਪੁੱਟ ਲਿਆ ਕਰਦੇ ਸਨ।ਭਾਵੇਂ ਇਹ ਹੁਕਮ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਸੂਬਾ ਸਰਕਾਰ ਨੇ ਪੁਲਿਸ ਨੂੰ ਦਿੱਤੇ ਹਨ,ਪਰੰਤੂ ਇਹ ਵਰਤਾਰਾ ਪੰਜਾਬ ਪੁਲਿਸ ਦੇ ਪਹਿਲਾਂ ਤੋਂ ਹੀ ਬਣੇ ਲੋਕ ਵਿਰੋਧੀ ਅਕਸ ਨੂੰ ਹੋਰ ਉੱਘੜਵੇਂ ਰੂਪ ਵਿੱਚ ਪੇਸ਼ ਕਰਨ ਵਾਲਾ ਹੈ।ਕਿਸਾਨਾਂ ਦੇ ਖਾਣ ਪੀਣ ਦਾ ਸਮਾਨ,ਕੱਪੜਾ ਲੱਤਾ,ਬਿਜਲੀ ਦਾ ਸਮਾਨ ਜਿਸ ਵਿੱਚ ਪੱਖੇ,ਕੂਲਰ,ਵਾਸ਼ਿੰਗ ਮਸ਼ੀਨਾਂ,ਅਤੇ ਏ ਸੀ ਆਦਿ ਸ਼ਾਮਿਲ ਹਨ,ਸਭ ਚੁੱਕ ਲਏ ਗਏ ਹਨ।ਚਸ਼ਮਦੀਦ ਪੱਤਰਕਾਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਕਿਸਾਨਾਂ ਦੇ ਸਮਾਨ ਨੂੰ ਮੂੰਹ ਢਕੇ ਵਾਲੇ ਵਿਅਕਤੀਆਂ ਵੱਲੋਂ ਚੁੱਕਿਆ ਗਿਆ। ਇੱਕ ਗੈਸ ਸਿਲੰਡਰ ਚੁੱਕਦੇ ਪੁਲਿਸ ਮੁਲਾਜ਼ਮ ਬਾਰੇ ਵੀ ਉਹਨਾਂ ਪੱਤਰਕਾਰਾਂ ਵੱਲੋਂ ਦੱਸਿਆ ਗਿਆ ਹੈ ਕਿ ਪੁਲਿਸ ਮੁਲਾਜ਼ਮ ਨੇ ਸਿਲੰਡਰ ਨੂੰ ਕੱਪੜੇ ਨਾਲ ਢੱਕਦਿਆਂ ਚੁੱਕਣ ਸਮੇਂ ਕਿਹਾ ਕਿ ਚਲੋ ਥਾਣੇ ਵਿੱਚ ਕੰਮ ਆਵੇਗਾ।ਦੱਸਿਆ ਜਾ ਰਿਹਾ ਸੀ ਕਿ ਮੂੰਹ ਢਕੇ ਵਾਲੇ ਕੁੱਝ ਵਿਅਕਤੀ ਟਰਾਲੀਆਂ ਵੀ ਉੱਥੋ ਖਿੱਚ ਕੇ ਲਿਜਾ ਰਹੇ ਸਨ,ਜਿੰਨਾਂ ਵਿਚੋਂ ਕੁੱਝ ਟਰਾਲੀਆਂ ਖੇਤਾਂ ਵਿੱਚ,ਕੁੱਝ ਖਤਾਨਾਂ ਵਿੱਚ ਸੁਟ ਦਿੱਤੀਆਂ ਗਈਆਂ ਅਤੇ ਕਿਸਾਨਾਂ ਦੇ ਤੰਬੂਆਂ ਨੂੰ ਸਮੇਤ ਸਮਾਨ ਜੇ ਬੀ ਸੀ ਮਸ਼ੀਨਾਂ ਲਾ ਕੇ ਨਸ਼ਟ ਕੀਤਾ ਗਿਆ।ਸੋ ਇਹ ਕੁਰੱਖਤ ਵਰਤਾਰਾ ਆਉਣ ਵਾਲੇ ਬੇਹੱਦ ਖਤਰਨਾਕ ਸਮੇਂ ਵੱਲ ਇਸ਼ਾਰਾ ਕਰਦਾ ਹੈ।ਪੰਜ ਸੱਤ ਸੌ ਕਿਸਾਨਾਂ ਨੂੰ ਖਦੇੜਨ ਖਾਤਰ ਤਿੰਨ ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ,ਤਾਂ ਕਿ ਇਸ ਕਾਰਵਾਈ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕੋਈ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਏਥੇ ਸੋਚਣ ਸਮਝਣ ਵਾਲੀ ਗੱਲ ਇਹ ਹੈ ਕਿ ਲੰਮੇ ਸਮੇਂ ਤੋਂ ਪੁਰ ਅਮਨ ਕੇਂਦਰ ਸਰਕਾਰ ਦੇ ਖਿਲਾਫ ਪੱਕਾ ਧਰਨਾ ਲਾਈ ਬੈਠੇ ਕਿਸਾਨਾਂ ਤੋ ਇੱਕਦਮ ਪੰਜਾਬ ਸਰਕਾਰ ਨੂੰ ਕੀ ਪਰੇਸ਼ਾਨੀ ਹੋ ਗਈ ਕਿ ਕਿਸਾਨਾਂ ਨੂੰ ਬਗੈਰ ਸੂਚਿਤ ਕੀਤਿਆਂ ਹੀ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ।ਭਾਵੇਂ ਕਿ ਪੁਲਿਸ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਿਸੇ ਵੀ ਕਿਸਾਨ ਨਾਲ ਕੋਈ ਵਧੀਕੀ ਨਹੀ ਕੀਤੀ ਗਈ ਨਾ ਹੀ ਕਿਸਾਨਾਂ ਵਿਰੁੱਧ ਤਾਕਤ ਦੀ ਵਰਤੋਂ ਕੀਤੀ ਗਈ ਹੈ,ਬਲਕਿ ਉਹਨਾਂ ਨੂੰ ਉਹਨਾਂ ਦੀ ਮਰਜ਼ੀ ਅਨੁਸਾਰ ਸੁਰਖਿਆ ਥਾਵਾਂ ਤੇ ਪਹੁੰਚਾ ਦਿੱਤਾ ਗਿਆ ਹੈ,ਜਦੋਂਕਿ ਦੂਜੇ ਪਾਸੇ ਓਥੇ ਮੌਕੇ ਤੇ ਮੌਜੂਦ ਪੱਤਰਕਾਰਾਂ ਨੇ ਉਪਰੋਕਤ ਮੰਜਰ ਨੂੰ ਕਬਰ ਕਰਦਿਆਂ ਮੌਕੇ ਦੀਆਂ ਉਹ ਤਸਵੀਰਾਂ ਜਾਰੀ ਕੀਤੀਆਂ ਹਨ,ਜਿੰਨਾਂ ਵਿੱਚ ਬਜੁਰਗ ਕਿਸਾਨਾਂ ਨੂੰ ਸਿਰਾਂ ਉੱਪਰ ਕੱਪੜਿਆਂ ਦੀਆਂ ਗੰਢੜੀਆਂ ਚੁੱਕੀ ਅੱਧੀ ਰਾਤ ਦੇ ਹਨੇਰਿਆਂ ਵਿੱਚ ਪੈਦਲ ਠੇਬਡੇ ਖਾਂਦਿਆਂ ਦੇਖਿਆ ਜਾ ਸਕਦਾ ਹੈ।ਕੀ ਕਿਸਾਨਾਂ ਵਿਰੁੱਧ ਇਸਤਰਾਂ ਦਾ ਵਰਤਾਰਾ ਪੰਜਾਬ ਸਰਕਾਰ ਦੀ ਸਾਖ ਨੂੰ ਹਾਸ਼ੀਏ ਤੇ ਧੱਕਣ ਲਈ ਜ਼ਿੰਮੇਵਾਰ ਨਹੀ ਬਨੇਗਾ ? ਇਹ ਸਵਾਲ ਅੱਜ ਹਰ ਸੂਝਵਾਨ ਪੰਜਾਬੀ ਦੀ ਜ਼ਬਾਨ ਤੇ ਹੋਵੇਗਾ।ਇਹ ਵੀ ਸੱਚ ਹੈ ਕਿ ਅਮ ਆਦਮੀ ਪਾਰਟੀ ਦੀ ਮੌਜੂਦਾ ਸੂਬਾ ਸਰਕਾਰ ਤੋ ਪਹਿਲਾਂ ਹੀ ਪੰਜਾਬ ਦਾ ਹਰ ਵਰਗ ਬੁਰੀ ਤਰ੍ਹਾਂ ਖਫ਼ਾ ਹੈ। ਕੀ ਸੂਬਾ ਸਰਕਾਰ ਇਸ ਗੱਲ ਤੋਂ ਅਣਜਾਣ ਹੈ ਕਿ ਇਸ ਕਾਰਵਾਈ ਨਾਲ ਸਰਕਾਰ ਨੂੰ ਕਿਸਾਨਾਂ ਦੇ ਹੋਰ ਪਰਚੰਡ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।ਜਾਂ ਫਿਰ ਸਰਕਾਰ ਐਨੇ ਹੰਕਾਰ ਵਿੱਚ ਆ ਗਈ ਹੈ ਕਿ ਉਹ ਹੁਣ ਪੰਜਾਬ ਦੀ ਧਰਤੀ ਤੇ ਕਿਸਾਨੀ ਅੰਦੋਲਨ ਨੂੰ ਕਿਸੇ ਵੀ ਤਰਾਂ ਕਾਮਯਾਬ ਹੀ ਨਹੀਂ ਹੋਣ ਦੇਵੇਗੀ,ਬਲਕਿ ਕਿਸਾਨਾਂ ਨੂੰ ਸਿਰ ਹੀ ਚੁੱਕਣ ਨਹੀ ਦੇਵੇਗੀ।ਭਾਵ ਕਿ ਸ਼ੁਰੂਆਤੀ ਦੌਰ ਵਿੱਚ ਹੀ ਕੁਚਲਣ ਦਾ ਮਨ ਬਣਾ ਬੈਠੀ ਹੈ,ਜਿਹੜਾ ਸ਼ਾਇਦ ਸੰਭਵ ਨਹੀ ਹੋ ਸਕੇਗਾ।ਜੇਕਰ ਸਰਕਾਰ ਉਪਰੋਕਤ ਬਾਰੇ ਸਪੱਸ਼ਟ ਹੈ ਤਾਂ ਵੀ ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਲਈ ਕੰਡਿਆਲੇ ਰਾਹਾਂ ਤੇ ਨੰਗੇ ਪੈਰੀਂ ਚੱਲਣ ਵਰਗਾ ਹੋਵੇਗਾ।2027 ਦਾ ਵਰ੍ਹਾ ਛੜਾਂਪੇ ਮਾਰਦਾ ਨੇੜੇ ਆਉਂਦਾ ਪ੍ਰਤੀਤ ਹੋ ਰਿਹਾ ਹੈ,ਪਰ ਅਜਿਹੇ ਸਮੇਂ ਸਰਕਾਰ ਦਾ ਕਿਸਾਨਾਂ ਨਾਲ ਵੈਰ ਆਮ ਆਦਮੀ ਪਾਰਟੀ ਦੇ ਗਲੇ ਦੀ ਹੱਡੀ ਬਣ ਸਕਦਾ ਹੈ। ਜੋਖਮ ਭਰਿਆ ਕਾਰਜ ਹੈ।ਪਹਿਲਾਂ ਹੀ ਦਿੱਲੀ ਵਿੱਚੋਂ ਸੱਤਾ ਗੁਆ ਚੁੱਕੀ ਆਮ ਆਦਮੀ ਪਾਰਟੀ ਕੋਲ ਲੈ ਦੇ ਕੇ ਪੰਜਾਬ ਦੀ ਸੱਤਾ ਤੋ ਬਗੈਰ ਹੋਰ ਕੁੱਝ ਵੀ ਨਹੀਂ ਹੈ।ਬਾਕੀ ਮੁਲਕ ਵਿੱਚ ਪਹਿਲਾਂ ਹੀ ਇਸ ਪਾਰਟੀ ਦਾ ਕੋਈ ਅਧਾਰ ਨਹੀ ਸੀ।ਇਹ ਵੀ ਸੱਚ ਹੀ ਕਿ ਆਮ ਆਦਮੀ ਪਾਰਟੀ ਦੀ ਹੋਂਦ ਪੰਜਾਬ ਕਰਕੇ ਹੀ ਹੈ,ਜੇਕਰ ਪੰਜਾਬ ਵੀ ਹੱਥੋਂ ਨਿਕਲ ਜਾਂਦਾ ਹੈ ਤਾਂ ਇਹ ਪਾਰਟੀ ਦਾ ਬਚਪਣ ਵਿੱਚ ਹੀ ਪਤਨ ਹੋਣਾ ਤਹਿ ਹੈ,ਜਿਸਨੂੰ ਕੋਈ ਰੋਕ ਨਹੀਂ ਸਕੇਗਾ। ਅਜਿਹੇ ਨਾਜ਼ਕ ਦੌਰ ਵਿੱਚ ਪੰਜਾਬ ਦੇ ਪਰਮੁੱਖ ਵਰਗ ਕਿਸਾਨਾਂ ਅਤੇ ਮਜਦੂਰਾਂ ਦੀ ਬਗੈਰ ਮਤਲਬ ਤੋਂ ਨਰਾਜਗੀ ਗਲ਼ ਪਾਉਣੀ ਚੰਗੇ ਸ਼ਾਸਕ ਦੀ ਨਿਸ਼ਾਨੀ ਨਹੀ ਹੈ,ਬਲਕਿ ਇਹ ਕਾਰਵਾਈ ਭਗਵੰਤ ਮਾਨ ਸਰਕਾਰ ਦੇ ਅਨਾੜੀਪੁਣੇ ਨੂੰ ਹੋਰ ਸਪੱਸ਼ਟ ਰੂਪ ਪਰਦਾਨ ਕਰਦੀ ਹੈ।ਇਸ ਵਰਤਾਰੇ ਤੋ ਇੰਜ ਜਾਪਦਾ ਹੈ ਜਿਵੇਂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਅਜਿਹੀ ਪਹਿਲੀ ਸਰਕਾਰ ਬਣਨ ਦਾ ਰਿਕਾਰਡ ਆਪਣੇ ਨਾਮ ਕਰਨ ਲਈ ਕੰਮ ਕਰ ਰਹੀ ਹੈ,ਜਿਹੜਾ ਪਿਛਲੇ 77 ਸਾਲਾਂ ਵਿੱਚ ਕੋਈ ਹੋਰ ਪੰਜਾਬ ਦੀ ਸਰਕਾਰ ਨਹੀ ਕਰ ਸਕੀ।ਇਹ ਵੀ ਸੱਚ ਹੈ ਕਿ ਅਜਾਦੀ ਤੋ ਬਾਅਦ ਪੰਜਾਬ ਅੰਦਰ ਬਨਣ ਵਾਲੀਆਂ ਸਰਕਾਰਾਂ ਪੰਜਾਬ ਪੱਖੀ ਭੂਮਿਕਾ ਨਹੀਂ ਨਿਭਾਅ ਸਕੀਆਂ,ਬਲਕਿ ਉਹਨਾਂ ਨੇ ਆਪਣੇ ਪਰਿਵਾਰਾਂ ਦੇ ਹਿਤ ਅਤੇ ਆਪਣੀ ਸਰਕਾਰ ਦੀ ਸਲਾਮਤੀ ਲਈ ਕੇਂਦਰ ਦਾ ਹਰ ਉਹ ਹੁਕਮ ਸਿਰ ਮੱਥੇ ਪਰਵਾਂਨ ਕੀਤਾ,ਜਿਹੜਾ ਪੰਜਾਬ ਦੀ ਬਰਬਾਦੀ ਲਈ ਸਮੇਂ ਸਮੇਂ ਕੇਂਦਰ ਵੱਲੋਂ ਜਾਰੀ ਕੀਤਾ ਜਾਂਦਾ ਰਿਹਾ,ਭਾਵੇਂ ਉਹ ਬਿਜਲੀ,ਪਾਣੀਆਂ,ਡੈਮਾਂ ਦੇ ਪ੍ਰਬੰਧ ਨੂੰ ਛੱਡਣ ਦੇ ਹੁਕਮ ਹੋਣ ਜਾ ਸਿੱਖੀ ਸਿਧਾਂਤਾਂ ਨਾਲ ਛੇੜ ਛਾੜ ਦੇ ਉਹਨਾਂ ਸਭਨਾਂ ਲਈ ਕਾਂਗਰਸੀ ਅਤੇ ਅਕਾਲੀ ਦਲ ਦੇ ਤਤਕਾਲੀ ਆਗੂ ਪੂਰੀ ਤਰਾਂ ਜ਼ਿੰਮੇਵਾਰ ਰਹੇ ਹਨ,ਜਿਹੜੇ ਪੰਜਾਬ ਦੇ ਸ਼ਾਸਕ ਹੁੰਦਿਆਂ ਕੇਂਦਰ ਨਾਲ ਸੌਦੇਬਾਜੀਆਂ ਵਿੱਚ ਪੰਜਾਬ ਦੇ ਹਿਤਾਂ ਨੂੰ ਅਸਲੋਂ ਹੀ ਕੌਡੀਆਂ ਦੇ ਭਾਅ ਵੇਚ ਵੱਟ ਕੇ ਡਕਾਰ ਮਾਰਦੇ ਰਹੇ ਹਨ। ਇਹ ਵੀ ਸੱਚ ਹੋਵੇਗਾ ਕਿ ਮੌਜੂਦਾ ਸਰਕਾਰ ਉਪਰੋਕਤ ਸਾਰੀਆਂ ਹੀ ਸੂਬਾ ਸਰਕਾਰਾਂ ਦੇ ਘਿਨਾਉਣੇ ਕਾਰਨਾਮਿਆਂ ਨੂੰ ਬੌਨਿਆਂ ਕਰਨ ਲਈ ਕਾਹਲ ਨਾਲ ਅੱਗੇ ਵਧਦੀ ਦਿਖਾਈ ਦਿੰਦੀ ਹੈ।ਲੰਮਾ ਸਮਾਂ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਬੁਰੇ ਕਾਰਜ-ਕਾਲ ਨੂੰ ਬੇਹੱਦ ਨਖਿੱਧ ਸਮੇਂ ਦੇ ਤੌਰ ਤੇ ਯਾਦ ਰੱਖਣਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਪ੍ਰਵਾਨ ਕਿਉਂ ਨਹੀਂ ਚੜ੍ਹ ਰਹੇ?

ਲੇਖਕ : ਰਵਿੰਦਰ ਸਿੰਘ ਚੀਮਾ



ਮੀਰੀ ਪੀਰੀ ਦੇ ਸਿਧਾਂਤ ਦੀ ਸਿੱਖ ਪੰਥ ਵਿਚ ਪਹਿਰੇਦਾਰੀ ਕਰਨ ਵਾਲੇ ਮਹਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਕਾਇਮ ਰੱਖਣ ਬਾਰੇ ਅੱਜ ਹਰ ਸਿੱਖ ਪੰਥ ਦਰਦੀ ਚਿੰਤਤ ਹੈ।

ਪੰਥ ਪ੍ਰਤੀ ਜੋ ਨਿਸ਼ਠਾ ਅਤੇ ਸਮਰਪਿਤ ਭਾਵਨਾ ਖ਼ਾਲਸਾ ਸਾਜਨਾ ਦਿਵਸ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੋਂ ਦੋ ਦਹਾਕੇ ਬਾਅਦ ਤੱਕ ਰਹੀ ਉਸ ਵਿਚ ਅੱਜ ਵੱਡੀ ਤਬਦੀਲੀ ਆ ਗਈ ਹੈ। ਇਸ ਆਏ ਬਦਲਾਓ ਲਈ ਕੇਵਲ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਜਾਂ ਧਰਮ ਪ੍ਰਚਾਰਕਾਂ ਨੂੰ ਜ਼ਿੰਮੇਵਾਰ ਦੱਸਣ ਤੋਂ ਪਹਿਲਾਂ ਸਾਨੂੰ 20ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਆਏ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬਦਲਾਓ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ।

ਹੁਕਮ ਲਾਗੂ ਕਿਉਂ ਨਹੀਂ ਹੋ ਰਹੇ

ਅਕਾਲ ਤਖ਼ਤ ਦੇ ਹੁਕਮਨਾਮੇ ਲਾਗੂ ਕਰਨ ਦੀ ਸਮੁੱਚੇ ਸਿੱਖ ਜਗਤ ਦੀ ਜੋ ਜ਼ਿੰਮੇਵਾਰੀ ਬਣਦੀ ਹੈ। ਉਸ ਵਿਚ ਸਮੇਂ ਨਾਲ ਆਈ ਸਮਾਜਿਕ ਅਤੇ ਰਾਜਨੀਤਕ ਤਬਦੀਲੀ ਨੇ ਵੱਡਾ ਖਲਾਅ ਪੈਦਾ ਕਰ ਦਿੱਤਾ। ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਅਕਾਲ ਤਖ਼ਤ ਵਲੋਂ ਸਿੱਖ ਪੰਥ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਪੰਥ, ਦੇ ਦੋਖੀਆਂ ਪ੍ਰਤੀ ਲਏ ਗਏ ਫ਼ੈਸਲਿਆਂ ਨੂੰ ਹੇਠਲੇ ਪੱਧਰ ਤੱਕ ਕਾਮਯਾਬੀ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ, ਜਿਸ ਕਾਰਨ ਕੇਵਲ ਰਾਜਨੀਤਕ ਅਤੇ ਪ੍ਰਤਿਸ਼ਠਾਵਾਨ ਵਿਅਕਤੀਆਂ ਨੂੰ ਛੱਡ ਕੇ ਆਮ ਲੋਕਾਂ ਨੇ ਹੁਕਮਾਂ ਦੀ ਪ੍ਰਵਾਹ ਘਟਾ ਦਿੱਤੀ ਹੈ, ਜਿਸ ਦੀ ਮਿਸਾਲ ਸਿਰਸਾ ਵਾਲੇ ਬਾਬੇ ਤੋਂ ਲੈ ਕੇ ਵੇਖੀ ਜਾ ਸਕਦੀ ਹੈ। ਇਸ ਅਹਿਮ ਹੁਕਮਨਾਮੇ ਤੋਂ ਬਾਅਦ ਵੀ ਪਿੰਡਾਂ ਤੇ ਸ਼ਹਿਰਾਂ ਵਿਚ ਬਹੁਤ ਸਾਰੇ ਸਿੱਖ ਸਿਰਸਾ ਡੇਰੇ ਜਾਂਦੇ ਰਹੇ ਤੇ ਗੁਰੂ ਘਰਾਂ ਨਾਲ ਜੁੜੇ ਗੁਰਮੁਖ ਸਿੱਖ ਉਨ੍ਹਾਂ ਨੂੰ ਨਾ ਤਾਂ ਜਾਣ ਤੋਂ ਰੋਕ ਸਕੇ ਅਤੇ ਨਾ ਉਨ੍ਹਾਂ ਦਾ ਮੁਕੰਮਲ ਬਾਈਕਾਟ ਕਰ ਸਕੇ। ਇਥੋਂ ਤੱਕ ਕਿ 2013 ਵਿਚ ਅਕਾਲ ਤਖ਼ਤ ਦਾ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰ ਅੰਮ੍ਰਿਤਧਾਰੀ ਹੋਣ ਬਾਰੇ ਹੁਕਮਨਾਮਾ ਆਇਆ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਤੋਂ ਬਾਹਰਲੇ ਜ਼ਿਆਦਾਤਰ ਗੁਰਦੁਆਰਿਆਂ ਵਿਚ ਅੱਜ ਵੀ ਗ਼ੈਰ-ਅੰਮ੍ਰਿਤਧਾਰੀ ਕਮੇਟੀਆਂ ਕੰਮ ਕਰਦੀਆਂ ਹਨ। ਜਿੱਥੇ ਕਿਤੇ ਗੁਰਮੁਖ ਸਿੱਖਾਂ ਨੇ ਇਹ ਫ਼ੈਸਲੇ ਗੁਰਦੁਆਰਿਆਂ ਵਿਚ ਲਾਗੂ ਕਰਨ ਦੇ ਯਤਨ ਕੀਤੇ ਉੱਥੇ ਕਈ ਡੇਰੇਦਾਰਾਂ ਅਤੇ ਪਤਿਤ ਸਿੱਖਾਂ ਨੇ ਕੋਈ ਪੇਸ਼ ਨਹੀਂ ਜਾਣ ਦਿੱਤੀ। ਸ਼੍ਰੋਮਣੀ ਕਮੇਟੀ ਵੀ ਆਮ ਪਿੰਡਾਂ, ਸ਼ਹਿਰਾਂ ਅਤੇ ਮੁਹੱਲਿਆਂ ਦੇ ਗੁਰੂ ਘਰਾਂ ਵਿਚ ਇਹ ਫ਼ੈਸਲੇ ਲਾਗੂ ਨਾ ਕਰਵਾ ਸਕੀ। ਘੱਲੂਘਾਰੇ ਜਾਂ ਸ਼ਹੀਦੀ ਸਾਕੇ ਮਨਾਉਣ ਬਾਰੇ ਘਰਾਂ ਉੱਪਰ ਕੇਸਰੀ ਨਿਸ਼ਾਨ ਝੁਲਾਉਣ ਜਾਂ ਮੂਲ ਮੰਤਰ ਦੇ ਪਾਠ ਕਰਨ ਜਾਂ ਘਰਾਂ 'ਤੇ ਕਾਲੀਆਂ ਝੰਡੀਆਂ ਲਾਉਣ ਬਾਰੇ ਐਲਾਨ ਵੀ ਲਾਗੂ ਹੋਏ ਵੇਖਣ ਨੂੰ ਨਹੀਂ ਮਿਲੇ। ਅਕਾਲ ਤਖ਼ਤ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਸਿੱਖ ਸੰਗਤ ਲਈ ਜੋ ਪਰੰਪਰਾ ਬਣਾਈ ਗਈ ਸੀ, ਉਸ ਵਿਚ ਇਹ ਸ਼ਾਮਿਲ ਸੀ ਕਿ ਜੇਕਰ ਕੋਈ ਸਿੱਖ ਅਕਾਲ ਤਖ਼ਤ ਦਾ ਫ਼ੈਸਲਾ ਨਹੀਂ ਮੰਨੇਗਾ ਦਾ ਸਿੱਖ ਜਗਤ ਬਾਈਕਾਟ ਕਰੇਗਾ, ਇਹ ਇਹ ਸਿਧਾਂਤ ਬਹੁਤ ਕਾਰਗਰ ਸਾਬਤ ਹੁੰਦਾ ਰਿਹਾ। ਸਾਡੇ ਇਤਿਹਾਸਕ ਪੰਚਾਇਤੀ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਵੀ ਪਿੰਡਾਂ ਵਿਚ ਇਹ ਸਿਧਾਂਤ ਚਲਦਾ ਰਿਹਾ। ਹਰਿਆਣੇ ਦੀਆਂ ਖਾਪ ਪੰਚਾਇਤਾਂ ਵੀ ਇਸੇ ਸਿਧਾਂਤ 'ਤੇ ਚਲਦੀਆਂ ਹਨ, ਪਰ ਇਹ ਏਡਾ ਵੱਡਾ ਸਿਧਾਂਤ ਅਕਾਲ ਤਖ਼ਤ ਦੇ ਹੁਕਮਾਂ ਨੂੰ ਲਾਗੂ ਕਰਨ ਵਿਚ ਅੱਜ ਕਿਉਂ ਸਫਲ ਨਹੀਂ ਹੋ ਰਿਹਾ ਇਸ ਦੀ ਸਮੀਖਿਆ ਕਰਨੀ ਬਣਦੀ ਹੈ।

ਅਕਾਲ ਤਖ਼ਤ ਤੋਂ ਰਾਜਨੀਤਕ ਫ਼ੈਸਲੇ

ਗੁਰੂ ਸਾਹਿਬਾਨਾਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਅਤੇ ਉਸ ਤੋਂ ਬਾਅਦ ਦੇਸ਼ ਦੀ ਆਜ਼ਾਦੀ ਦੇ ਮੁਢਲੇ ਦੋ ਦਹਾਕਿਆਂ ਤੱਕ ਅਕਾਲ ਤਖ਼ਤ ਤੋਂ ਬਹੁਤ ਖ਼ਾਸ ਹਾਲਤਾਂ ਵਿਚ ਰਾਜਨੀਤਕ ਹਸਤੀਆਂ ਜਾਂ ਪ੍ਰਤਿਸ਼ਠ ਵਿਅਕਤੀਆਂ ਦੀ ਸਿੱਖ ਮਰਿਆਦਾ ਜਾਂ ਪੰਥ ਵਿਰੋਧੀ ਕਾਰਗੁਜ਼ਾਰੀ ਨੂੰ ਨੱਥ ਪਾਉਣ ਲਈ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ। ਉਹ ਰਾਜਨੀਤਕ ਜਾਂ ਪ੍ਰਤਿਸ਼ਠਾਮਾਨ ਵਿਅਕਤੀ ਆਪਣਾ ਰਾਜਨੀਤਕ ਜਾਂ ਸਮਾਜਿਕ ਅਕਸ ਖਰਾਬ ਹੋਣ ਤੋਂ ਬਚਣ ਲਈ ਅਕਾਲ ਤਖ਼ਤ ਸਾਹਮਣੇ ਸਿਰ ਨੀਵਾਂ ਕਰਕੇ ਭੁੱਲ ਬਖਸ਼ਾ ਲੈਂਦਾ ਸੀ ਅਤੇ ਅਕਾਲ ਤਖ਼ਤ ਵਲੋਂ ਵੀ ਜਿਹੜੀ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਅਨੁਸਾਰ ਪਾਠ ਕਰਨ, ਚੌਰ ਸਾਹਿਬ ਕਰਨ, ਜੋੜੇ ਝਾੜਨ ਵਰਗੀਆਂ ਧਾਰਮਿਕ ਸਜ਼ਾਵਾਂ ਲਾ ਕੇ ਮੁਆਫ਼ੀ ਦੇ ਦਿੱਤੀ ਜਾਂਦੀ ਸੀ। ਇਸ ਲਈ ਇਹ ਹੁਕਮਨਾਮੇ ਜਿਨ੍ਹਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਨ ਦੀ ਨਾ ਤਾਂ ਬਹੁਤੀ ਜ਼ਰੂਰਤ ਪੈਂਦੀ ਸੀ ਅਤੇ ਨਾ ਹੀ ਕਦੇ ਮੁਸ਼ਕਿਲ ਆਉਂਦੀ ਸੀ। ਪਰ ਪਿਛਲੇ 5 ਦਹਾਕਿਆਂ ਤੋਂ ਜਦ ਅਕਾਲ ਤਖ਼ਤ ਦੀ ਸੇਵਾ ਸੰਭਾਲਣ ਵਾਲੇ ਜਥੇਦਾਰ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਇਕੱਠਾ ਕਰਨ ਲਈ ਅਕਾਲ ਤਖ਼ਤ ਤੋਂ ਰਾਜਨੀਤਕ ਫ਼ੈਸਲੇ ਲਏ ਗਏ, ਇਨ੍ਹਾਂ ਵਿਚੋਂ ਇਕ ਧੜੇ ਨੂੰ ਲਾਭ ਦੇਣ ਅਤੇ ਦੂਜੇ ਨੂੰ ਠਿੱਬੀ ਲਾਉਣ ਦੀ ਬੋ ਆਉਂਦੀ ਰਹੀ।

ਇਸੇ ਦੌਰਾਨ ਜਿਸ ਜਥੇਦਾਰ ਨੂੰ ਸੇਵਾ ਮੁਕਤ ਕੀਤਾ ਗਿਆ ਉਹ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਪੰਥ ਦਾ ਵਿਰੋਧੀ ਵੀ ਬਣ ਗਿਆ। ਅਕਾਲ ਤਖ਼ਤ ਦੇ ਫ਼ੈਸਲੇ ਪ੍ਰਤੀ ਜਦੋਂ ਉੱਠ ਕੇ ਐਰਾ-ਗ਼ੈਰਾ ਜਥੇਦਾਰਾਂ ਨੂੰ ਸੰਬੋਧਨ ਕਰਨ ਲੱਗੇ, ਉਸ ਸਮੇਂ ਵੀ ਇਸ ਮਹਾਨ ਤਖ਼ਤ ਦੀ ਸ਼ਾਨ ਤੇ ਸਰਵਉੱਚਤਾ ਤੇ ਸਵਾਲ ਖੜ੍ਹੇ ਹੁੰਦੇ ਹਨ।

ਜ਼ਿੰਮੇਵਾਰੀ ਕੌਣ ਲਵੇ?

ਮੁੱਢਲੇ ਤੌਰ 'ਤੇ ਸਮੁੱਚੇ ਸਿੱਖ ਜਗਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਕਾਲ ਤਖ਼ਤ ਦੇ ਹੁਕਮਾਂ ਨੂੰ ਪ੍ਰਵਾਨ ਚੜ੍ਹਾਵੇ। ਪਰ ਵੋਟਾਂ ਦੇ ਰਾਜ ਵਿਚ ਰਾਜਨੀਤਕ ਲੋਕਾਂ ਦੀਆਂ ਮਜਬੂਰੀਆਂ ਸਖ਼ਤ ਫ਼ੈਸਲੇ ਲੈਣ ਤੋਂ ਉਨ੍ਹਾਂ ਨੂੰ ਮਨਾਂ ਕਰਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਵੀ ਇਕ ਰਾਜਨੀਤਕ ਪਾਰਟੀ ਦੇ ਤੌਰ 'ਤੇ ਲੋਕਾਂ ਵਿਚ ਵਿਚਰਦੀ ਹੈ ਤਾਂ ਇਸ ਨੂੰ ਵੀ ਹਰ ਧਿਰ ਦੀ ਵੋਟ ਦੀ ਲੋੜ ਹੁੰਦੀ ਹੈ, ਇਸ ਲਈ ਸ਼੍ਰੋਮਣੀ ਅਕਾਲੀ ਦਲ 'ਤੇ ਹੁਕਮਾਂ ਨੂੰ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਪਾਉਣੀ ਘੱਟ ਹੀ ਸਫ਼ਲ ਹੋਵੇਗੀ। ਇਹ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੀ ਹੋਣੀ ਚਾਹੀਦੀ ਹੈ, ਪਰ ਸ਼੍ਰੋਮਣੀ ਕਮੇਟੀ ਮੌਜੂਦਾ ਸਮੇਂ ਵਿਚ ਗੁਰਦੁਆਰਾ ਐਕਟ ਦੀ ਧਾਰਾ 82 ਅਤੇ 86 ਦੇ ਘੇਰੇ ਵਿਚ ਆਉਂਦੇ ਜ਼ਿਆਦਾਤਰ ਇਤਿਹਾਸਕ ਗੁਰਦੁਆਰਿਆਂ ਦਾ ਹੀ ਪ੍ਰਬੰਧ ਦੇਖਦੀ ਹੈ।

ਅਸਲ ਵਿਚ ਅਕਾਲ ਤਖ਼ਤ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਲਈ ਸਾਡੇ ਪੇਂਡੂ-ਸ਼ਹਿਰੀ ਕਾਲੋਨੀਆਂ ਤੇ ਮੁਹੱਲਿਆਂ ਦੇ ਗੁਰਦੁਆਰਿਆਂ ਦੀ ਸੰਗਤ 'ਤੇ ਸ਼੍ਰੋਮਣੀ ਕਮੇਟੀ ਦਾ ਕੋਈ ਕੰਟਰੋਲ ਨਹੀਂ। ਆਮ ਗੁਰਦੁਆਰਿਆਂ ਦੀਆਂ ਕਮੇਟੀਆਂ ਜਾਂ ਉਨ੍ਹਾਂ ਦੇ ਪ੍ਰਬੰਧਕ ਜਾਂ ਸੇਵਾਦਾਰ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਨਾਲ ਕਿਸੇ ਤੰਦ ਤਾਣੇ ਵਿਚ ਬੱਝੇ ਹੋਏ ਨਹੀਂ। ਸ਼੍ਰੋਮਣੀ ਕਮੇਟੀ ਨੂੰ ਸਮੁੱਚੇ ਗੁਰਦੁਆਰਿਆਂ ਨੂੰ ਐਕਟ ਅਨੁਸਾਰ ਕੰਟਰੋਲ ਹੇਠ ਲਿਆਉਣਾ ਚਾਹੀਦਾ ਹੈ। ਪਰ ਲੋਕਲ ਗੁਰਦੁਆਰਿਆਂ ਦੇ ਪ੍ਰਬੰਧਕ ਡਰਦੇ ਹਨ, ਕਿ ਸ਼ਾਇਦ ਸ਼੍ਰੋਮਣੀ ਕਮੇਟੀ ਉਨ੍ਹਾਂ ਦੀ ਆਮਦਨ ਲੈ ਜਾਵੇਗੀ ਇਸ ਲਈ ਲੋਕਲ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਸ਼ਾਮਿਲ ਕਰਨ ਤੋਂ ਪਹਿਲਾਂ ਲੋਕਲ ਪ੍ਰਬੰਧਕ ਕਮੇਟੀਆਂ ਨੂੰ ਵੀ ਵਿਸ਼ਵਾਸ ਦਿਵਾਉਣਾ ਪਵੇਗਾ ਕਿ ਸ਼੍ਰੋਮਣੀ ਕਮੇਟੀ ਆਮ ਪੇਂਡੂ ਸ਼ਹਿਰੀ ਗੁਰਦੁਆਰਿਆਂ ਦੀ ਆਮਦਨ ਵਿਚੋਂ ਕੋਈ ਹਿੱਸਾ ਨਹੀਂ ਲਵੇਗੀ, ਕੇਵਲ ਇਨ੍ਹਾਂ ਗੁਰਦੁਆਰਿਆਂ ਵਿਚ ਸਿੱਖ ਪੰਥ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਹੀ ਉਸ ਦੀ ਜ਼ਿੰਮੇਵਾਰੀ ਹੋਵੇਗੀ।

ਹਰ ਗੁਰਦੁਆਰੇ ਵਿਚ ਹੋਣ ਪੰਜ ਪਿਆਰੇ

ਜਿਵੇਂ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਤਨਖ਼ਾਹ ਲਾਉਂਦੇ ਹਨ, ਉਸੇ ਤਰ੍ਹਾਂ ਜੇਕਰ ਕੋਈ ਅਕਾਲ ਤਖ਼ਤ ਦਾ ਹੁਕਮ ਪੇਂਡੂ ਸ਼ਹਿਰੀ ਖੇਤਰਾਂ ਵਿਚ ਨਹੀਂ ਮੰਨਦਾ ਜਾਂ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਨਹੀਂ ਦਿੰਦਾ ਜਾਂ ਕਿਸੇ ਪੰਥਕ ਮਾਣ ਮਰਿਆਦਾ ਦੇ ਹੁਕਮ ਦੀ ਉਲੰਘਣਾ ਕਰਦਾ ਹੈ ਤਾਂ ਅਜਿਹੇ ਸਥਾਨਕ ਮਸਲਿਆਂ ਨੂੰ ਅਕਾਲ ਤਖ਼ਤ ਤੱਕ ਰੋਜ਼ ਲਿਜਾਣਾ ਵਾਜਿਬ ਨਹੀਂ ਹੋਵੇਗਾ। ਸਿੱਖ ਜਗਤ ਦਾ ਹਰ ਵਿਅਕਤੀ ਕਿਸੇ ਨਾ ਕਿਸੇ ਸਥਾਨਕ ਗੁਰੂ ਘਰ ਨਾਲ ਨਿਤਨੇਮ ਲਈ ਜੁੜਿਆ ਹੁੰਦਾ ਹੈ।


ਸਿੱਖ ਪੰਥ ਦੇ ਹੁਕਮ ਦੀ ਅਦੂਲੀ ਕਰਨ ਵਾਲੇ ਦੋਸ਼ੀ ਨੂੰ ਸਭ ਤੋਂ ਪਹਿਲਾਂ ਉਹਦੇ ਸਮਾਜ ਵਿਚ ਹੀ ਘੇਰਿਆ ਜਾਣਾ ਚਾਹੀਦਾ ਹੈ, ਕਿਉਂਕਿ ਸਮਾਜਿਕ ਬਾਈਕਾਟ ਦਾ ਸਿਧਾਂਤ ਤਾਂ ਹੀ ਕਾਰਗਰ ਹੁੰਦਾ ਹੈ। ਜਦ ਦੋਸ਼ੀ ਵਿਅਕਤੀ ਦਾ ਉਸ ਦੇ ਲੋਕਲ ਸਮਾਜ ਵਿਚ ਬਾਈਕਾਟ ਹੁੰਦਾ ਹੈ ਤਾਂ ਹੀ ਉਹ ਝੁਕਣ ਲਈ ਮਜਬੂਰ ਹੁੰਦਾ ਹੈ।


SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




# 1978 ਦੀ ਵਿਸਾਖੀ ਸਾਕੇ ਦੇ ਸ਼ਹੀਦ

13 ਅਪ੍ਰੈਲ 1978 ਵਾਲੇ ਦਿਨ ਨਕਲੀ ਨਿਰੰਕਾਰੀ ਮੁਖੀ ਜੋ ਕਿ ਅੰਮ੍ਰਿਤਸਰ ਵਿਖੇ ਆਪਣੇ ਕੁਸਤਸੰਗ ਵਿਚ ਸਤਿਗੁਰਾਂ ਦਾ ਅਪਮਾਨ ਕਰ ਰਿਹਾ ਸੀ ਤਾਂ 'ਗੁਰ ਕੀ ਨਿੰਦਾ ਸੁਨੈ ਨ ਕਾਨ' ਦੇ ਕਥਨ ਅਨੁਸਾਰ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਅਤੇ ਅਖੰਡ ਕੀਰਤਨੀ ਜਥੇ ਦੇ ਭਾਈ ਫੌਜਾ ਸਿੰਘ ਹੋਰਾਂ ਦੀ ਅਗਵਾਈ 'ਚ ਸਿੰਘਾਂ ਦਾ ਇਕ ਸ਼ਾਂਤਮਈ ਜਥਾ ਇਸ ਕੂੜ ਸਮਾਗਮ ਦੇ ਵਿਰੋਧ ਲਈ ਤੁਰਿਆ, ਪਰ ਜਿਸ ਵੇਲੇ ਸਿੰਘਾਂ ਨੇ ਆਣ ਕੇ ਨਕਲੀ ਨਿਰੰਕਾਰੀ ਮੁਖੀ ਗੁਰਬਚਨੇ ਨੂੰ ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਤੋਂ ਵਰਜਿਆ ਤਾਂ ਇਸ ਦਾ ਜਵਾਬ ਉਨ੍ਹਾਂ ਨੇ ਸਿੰਘਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦਿੱਤਾ, ਜਿਸ ਕਾਰਨ ਦੋਹਾਂ ਜਥੇਬੰਦੀਆਂ ਦੇ 13 ਸਿੰਘ ਸ਼ਹੀਦ ਤੇ 80 ਦੇ ਕਰੀਬ ਸਿੰਘ ਜ਼ਖਮੀ ਹੋ ਗਏ।

**ਸਾਕੇ ਦੇ 13 ਸ਼ਹੀਦ ਸਿੰਘਾਂ ਬਾਰੇ ਸੰਖੇਪ ਜਾਣਕਾਰੀ :**

### 1. "ਸ਼ਹੀਦ ਭਾਈ ਫੌਜਾ ਸਿੰਘ ਜੀ"

ਰਾਵੀ ਦੇ ਕੰਢੇ 'ਖਾਲਸਾ ਫਾਰਮ' ਜ਼ਿਲ੍ਹਾ ਗੁਰਦਾਸਪੁਰ ਵਿਖੇ ਸ. ਸੁਰੈਣ ਸਿੰਘ ਜੀ ਦੇ ਘਰ 17 ਮਈ 1936 ਨੂੰ ਭਾਈ ਫੌਜਾ ਸਿੰਘ ਜੀ ਦਾ ਜਨਮ ਹੋਇਆ। ਦਸਵੀਂ ਪਾਸ ਕਰਕੇ ਖਾਲਸਾ ਕਾਲਜ ਵਿਚ ਦਾਖਲ ਹੋਏ। ਸੰਸਾਰਕ ਜੀਵਨ ਵੱਲੋਂ ਉਚਾਟ ਆਤਮਾ ਨੇ ਦੋ ਸਾਲ ਲਈ ਆਗਿਆਤਵਾਸ ਲੈ ਲਿਆ। ਸੰਨ 1964 ਵਿਚ ਅਖੰਡ ਕੀਰਤਨੀ ਜਥੇ ਤੋਂ ਅੰਮ੍ਰਿਤਪਾਨ ਕੀਤਾ ਤੇ 1965 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ ਜੀ ਨਾਲ ਹੋਇਆ। ਆਪ 28 ਸਾਲ ਖਾਲਸਾਈ ਵਰਦੀ ਵਿਚ ਰਹੇ। ਗਤਕੇ ਦੇ ਬੜੇ ਮਾਹਿਰ ਸਨ। ਬੜੇ ਹੀ ਤਪੱਸਵੀ ਤੇ ਉਦਾਰ ਚਿਤ ਵਾਲੇ ਸਨ। ਸਿੰਘਾਂ ਨੂੰ ਬਹੁਤ ਪਿਆਰ ਕਰਦੇ ਸਨ। 'ਬੀਰ ਰਸ' ਤੇ 'ਨਾਮ ਰਸ' ਆਪ ਜੀ ਦੀ ਜੀਵਨ ਨਦੀ ਦੇ ਦੋ ਕਿਨਾਰੇ ਸਨ।

ਆਪ ਖੇਤੀ ਇੰਸਪੈਕਟਰ ਸਨ। ਆਪ ਕਹਿੰਦੇ ਹੁੰਦੇ ਸਨ, ''ਜੋ ਅਸੀਂ ਆਪਣੇ 'ਤੇ ਖਰਚ ਕਰਦੇ ਹਾਂ ਉਹ ਸਭ ਵਿਅਰਥ ਹੈ, ਤੇ ਜੋ ਗੁਰਸਿੱਖਾਂ ਦੀ ਟਹਿਲ ਸੇਵਾ ਲਈ ਖਰਚ ਕਰਦੇ ਹਾਂ ਉਹ ਸਫਲ ਹੈ।'' ਉਨ੍ਹਾਂ ਦੇ ਆਮ ਬਚਨ ਹੁੰਦੇ ਸਨ ਕਿ, ''ਖਾਲਸਾ ਪੰਥ ਨੂੰ ਦਸਮੇਸ਼ ਪਿਤਾ ਨੇ ਖੂਨ ਦੇ ਕੇ ਸਿੰਜਿਆ ਹੈ ਤੇ ਜਦੋਂ ਇਸ ਨੂੰ ਔੜ ਪੈਂਦੀ ਹੈ ਤਾਂ ਖੂਨ ਨਾਲ ਹੀ ਸਿੰਜਣਾ ਪੈਂਦਾ ਹੈ। ਇਹ ਔੜ ਚੱਕਰ 40 ਵਰ੍ਹਿਆਂ ਪਿੱਛੋਂ ਜ਼ਰੂਰ ਚੱਲਦਾ ਹੈ।''

1972 ਵਿਚ ਮਿਸਰੀ ਬਾਜ਼ਾਰ, ਅੰਮ੍ਰਿਤਸਰ ਵਿਖੇ ਅਤੇ 1975 ਵਿਚ ਗੁਰਦੁਆਰਾ ਭਾਈ ਸਾਹਲੋ ਜੀ ਵਿਖੇ ਹੋਈਆਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਦੀਆਂ ਘਟਨਾਵਾਂ ਨੇ ਆਪ ਦੀਆਂ ਅੱਖਾਂ ਵਿਚ ਲਹੂ ਦੇ ਹੰਝੂ ਲੈ ਆਂਦੇ। ਆਪ ਨੇ ਨਵਾਂ ਪ੍ਰੋਗਰਾਮ ਉਲੀਕਿਆ। ਥਾਂ-ਥਾਂ 'ਤੇ ਹੁਦੀਆਂ ਅਜਿਹੀਆਂ ਸ਼ਰਾਰਤਾਂ ਨੂੰ ਰੋਕਣ ਲਈ ਆਪ ਨੇ ਕਮਰਕੱਸਾ ਕੱਸਿਆ। ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਦੰਭੀ ਗੁਰੂ ਨਕਲੀ ਨਿਰੰਕਾਰੀ ਗੁਰਬਚਨ ਸਿਹੁੰ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਕੀਤੇ ਜਾ ਰਹੇ ਸ਼ਬਦ ਗੁਰੂ ਦੇ ਘੋਰ ਅਪਮਾਨ ਨੂੰ ਰੋਕਣ ਹਿਤ ਕੁਰਬਾਨੀ ਦਿੱਤੀ। ਆਪ ਦੇ ਜਿਸਮ ਨੂੰ 16 ਗੋਲੀਆਂ ਗੱਲੀਆਂ। ਆਖਰੀ ਗੋਲੀ ਡੀ.ਐਸ.ਪੀ. ਜੋਸ਼ੀ ਨੇ ਆਪ ਦੇ ਸਿਰ ਵਿਚ ਮਾਰ ਕੇ ਆਪ ਨੂੰ ਸ਼ਹੀਦ ਕਰ ਦਿੱਤਾ।

ਸ਼ਹੀਦੀ ਤੋਂ ਅੱਠ ਮਹੀਨੇ ਪਹਿਲਾਂ ਆਪ ਨੇ ਇਕ ਕਵਿਤਾ 'ਕੁਰਬਾਨੀ' ਨਾਮ ਦੀ ਗੁਰਦਾਸਪੁਰ ਜੇਲ੍ਹ ਵਿਚ ਲਿਖੀ ਸੀ, ਜਿਸ ਦੀ ਆਖਰੀ ਪੰਕਤੀ ਹੈ :

**''ਜਬ ਆਵ ਕੀ ਅਉਧ ਨਿਧਾਨ ਬਣਸੀ,**
**ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ।''**

### 2. "ਸ਼ਹੀਦ ਜਥੇਦਾਰ ਰਣਬੀਰ ਸਿੰਘ ਜੀ ਫੌਜੀ"

ਜਥੇਦਾਰ ਰਣਬੀਰ ਸਿੰਘ ਜੀ ਦਾ ਜਨਮ ਜਥੇਦਾਰ ਕਾਲਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ ਹੋਇਆ। ਜਥੇਦਾਰ ਕਾਲਾ ਸਿੰਘ, ਸ਼ਹੀਦ ਭਗਤ ਸਿੰਘ ਦੀ ਜਥੇਬੰਦੀ ਨੌਜਵਾਨ ਸਭਾ ਦੇ ਉੱਘੇ ਮੈਂਬਰ ਸਨ ਤੇ ਜੈਤੋ ਦੇ ਮੋਰਚੇ ਵਿਚ ਸਿੰਘਣੀ ਸਮੇਤ ਕੈਦ ਵੀ ਕੱਟੀ। ਜਥੇਦਾਰ ਰਣਬੀਰ ਸਿੰਘ ਜੀ ਨੇ 6 ਸਾਲ ਦੀ ਉਮਰ ਵਿਚ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਥੇ ਤੋਂ ਅੰਮ੍ਰਿਤਪਾਨ ਕੀਤਾ। ਆਪ ਜੀ ਪੰਜ ਗ੍ਰੰਥੀ ਦੇ ਨਿਤਨੇਮੀ ਸਨ। 20 ਸਾਲ ਫੌਜੀ ਜੀਵਨ ਬਿਤਾ ਕੇ ਲਦਾਰੀ ਪੈਨਸ਼ਨ ਆਏ ਤਾਂ ਸੰਤ ਕਰਤਾਰ ਸਿੰਘ ਜੀ ਖਾਲਸਾ ਜਥਾ ਭਿੰਡਰਾਂ ਮਹਿਤਾ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਉਸਾਰੀ ਲਈ ਜਥੇਦਾਰ ਨਿਯੁਕਤ ਕਰ ਦਿੱਤਾ। ਆਪ ਜੀ ਨੇ ਆਪਣੀ ਪੈਨਸ਼ਨ, ਟਰੈਕਟਰ ਟਰਾਲੀ ਵੀ ਵੇਚ ਕੇ ਸੇਵਾ ਵਿਚ ਲਾ ਦਿੱਤਾ। ਆਪ ਜੀ ਸੰਤ ਜਰਨੈਲ ਸਿੰਘ ਜੀ ਦੇ ਅਤੀ ਨਜ਼ਦੀਕੀ ਸਿੰਘਾਂ ਵਿਚੋਂ ਇਕ ਸਨ। 11 ਅਪ੍ਰੈਲ 1978 ਨੂੰ ਆਪ ਨੇ ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਬਾਉਲੀ ਸਾਹਿਬ ਵਿਖੇ ਪੌੜੀਆਂ 'ਤੇ 84 ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰ ਕੇ ਅਰਦਾਸ ਕੀਤੀ ਕਿ 'ਸਤਿਗੁਰੂ ਜੀ, ਚੌਰਾਸੀ ਦਾ ਪਿਛਲਾ ਲੇਖਾ ਤਾਂ ਨਿਬੜ ਗਿਆ, ਹੁਣ ਇਸ ਨਿਮਾਣੇ ਸਰੀਰ ਨੂੰ ਵੀ ਲੇਖੇ ਲਾ ਲਵੋ।' ਅਰਦਾਸ ਸੁਣੀ ਗਈ ਤੇ ਆਪ ਜੀ 1978 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਸ਼ਹੀਦ ਹੋ ਗਏ।

### 3. "ਸ਼ਹੀਦ ਭਾਈ ਅਵਤਾਰ ਸਿੰਘ ਜੀ ਕੁਰਾਲਾ"

ਆਪ ਜੀ ਦਾ ਜਨਮ ਸੰਨ 1912 ਵਿਚ ਸ. ਭਗਵਾਨ ਸਿੰਘ ਜੀ ਦੇ ਘਰ ਮਾਤਾ ਧੰਨ ਕੌਰ ਦੀ ਕੁੱਖੋਂ ਪਿੰਡ ਕੁਰਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਨੂੰ ਫੌਜ ਵਿਚ ਬਹਾਦਰੀ ਦਿਖਾਉਣ ਤੇ ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਖੇ ਮੁਰੱਬੇ ਮਿਲੇ ਹੋਏ ਸਨ। ਆਪ ਸਾਰੇ ਪਰਿਵਾਰ ਨਾਲ ਉਥੇ ਚਲੇ ਗਏ ਤੇ ਉਥੇ ਹੀ ਦਸਵੀਂ ਤੱਕ ਵਿੱਦਿਆ ਪ੍ਰਾਪਤ ਕੀਤੀ। ਉਪਰੰਤ ਆਪ ਦਾ ਅਨੰਦ ਕਾਰਜ ਬੀਬੀ ਗੁਰਚਰਨ ਕੌਰ ਨਾਲ ਹੋਇਆ। ਪੰਜਾਬ ਦੇ ਬਟਵਾਰੇ ਤੋਂ ਬਾਅਦ ਮੁੜ ਪੁਰਾਣੇ ਪਿੰਡ ਕੁਰਾਲੇ ਆ ਗਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਦਾ ਗੂੜ੍ਹਾ ਰੰਗ ਚੜ੍ਹਿਆ ਤੇ ਗੁਰਮਤਿ ਵਿਚ ਪ੍ਰਪੱਕ ਹੋ ਗਏ।

13 ਅਪ੍ਰੈਲ 1961 ਨੂੰ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ, ਨਾਮ ਬਾਣੀ ਦੇ ਗੂੜ੍ਹੇ ਰੰਗ ਵਿਚ ਰੰਗੇ ਗਏ। ਅਖੰਡ ਕੀਰਤਨੀ ਪ੍ਰੋਗਰਾਮਾਂ ਦੇ ਪੱਕੇ ਸਰੋਤੇ ਸਨ। ਆਪ ਦੇ ਪੰਜ ਸਪੁੱਤਰ ਭਾਈ ਕਿਰਪਾਲ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਤਨ ਸਿੰਘ, ਭਾਈ ਹਰਭਜਨ ਸਿੰਘ ਅਤੇ ਸਪੁੱਤਰੀ ਬੀਬੀ ਸੁਰਜੀਤ ਕੌਰ ਜੀ ਹਨ। ਇਸ ਸਾਕੇ ਸਮੇਂ ਇਨ੍ਹਾਂ ਦੇ ਸਪੁੱਤਰ ਭਾਈ ਇਕਬਾਲ ਸਿੰਘ ਵੀ ਨਾਲ ਸਨ ਜੋ ਇਕ ਗੋਲੀ ਤੇ ਇਕ ਤੀਰ ਲੱਗਣ ਨਾਲ ਸਖ਼ਤ ਫੱਟੜ ਹੋ ਗਏ। ਬੁੱਚੜ ਨਰਕਧਾਰੀਆਂ ਨੇ ਜਦੋਂ ਆਪ ਨੂੰ ਗੋਲੀ ਮਾਰੀ ਤਾਂ ਆਪ ਦਾ 66 ਸਾਲਾ ਬਿਰਧ ਸਰੀਰ ਡਿੱਗ ਪਿਆ, ਮੌਕੇ 'ਤੇ ਮੌਜੂਦ ਆਪ ਦੇ ਸਾਥੀਆਂ ਨੇ ਦੱਸਿਆ; ਆਪ ਝੱਟ-ਪੱਟ ਸੰਭਲ ਕੇ ਚੌਂਕੜਾ ਮਾਰ ਬੈਠ ਗਏ, ਅੰਤ ਸਮਾਂ ਨੇੜੇ ਜਾਣ ਕੇ ਸਿਮਰਨ ਵਿਚ ਲੀਨ ਹੋ ਗਏ, ਦੋਖੀ ਡਾਂਗਾਂ ਵਰ੍ਹਾਈ ਗਏ ਤੇ ਆਖਰ ਭਾਈ ਅਵਤਾਰ ਸਿੰਘ ਜੀ ਕੁਰਾਲਾ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਲਈ ਸ਼ਹੀਦ ਹੋ ਗਏ।

### 4. "ਸ਼ਹੀਦ ਭਾਈ ਰਘਬੀਰ ਸਿੰਘ ਜੀ ਭਗੂਪੁਰ"

ਆਪ ਜਾ ਜਨਮ ਪਿੰਡ ਭਗੂਪੁਰ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ 10 ਮਾਰਚ 1949 ਨੂੰ ਸ. ਨਵਾਬ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਪਾਲ ਕੌਰ ਦੀ ਕੁੱਖੋਂ ਹੋਇਆ। ਪਿੰਡ ਵਿਚ ਹੀ ਅੱਠਵੀਂ ਤੱਕ ਪੜ੍ਹਾਈ ਕਰ ਕੇ ਮੁੰਬਈ ਇੰਜਨੀਅਰਿੰਗ ਗਰੁੱਪ ਪੂਨਾ ਵਿਖੇ ਭਰਤੀ ਹੋ ਗਏ। 11 ਅਪ੍ਰੈਲ 1967 ਨੂੰ ਆਪ ਜੀ ਅੰਮ੍ਰਿਤਪਾਨ ਕਰ ਕੇ 'ਖਾਲਸਾ ਅਕਾਲ ਪੁਰਖ ਕੀ ਫੌਜ' ਵਿਚ ਭਰਤੀ ਹੋ ਗਏ ਤੇ 1968 ਵਿਚ ਇੰਜਨੀਅਰਿੰਗ ਗਰੁੱਪ 'ਚੋਂ ਨਾਮ ਕਟਵਾ ਲਿਆ। ਪਟਿਆਲੇ ਆ ਕੇ 'ਸੂਰਾ' ਪ੍ਰਿੰਟਿੰਗ ਪ੍ਰੈਸ ਵਿਚ ਕੰਪੋਜ਼ਿਟਰ ਲੱਗੇ ਤੇ ਨਾਲ ਹੀ ਭਾਈ ਫੌਜਾ ਸਿੰਘ ਨਾਲ ਮਿਲ ਕੇ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਕਰਦੇ ਰਹੇ। ਉਪਰੰਤ ਆਪ ਪੰਜਾਬ ਐਂਡ ਸਿੰਧ ਬੈਂਕ ਸੁਨਾਮ ਵਿਚ ਲੱਗ ਗਏ। 1975 ਵਿਚ ਆਪ ਦਾ ਅਨੰਦ ਕਾਰਜ ਬੀਬੀ ਹਰਦੇਵ ਕੌਰ ਜੀ ਨਾਲ ਹੋਇਆ, ਦੋਵੇਂ ਜੀਅ ਨਾਮ ਅਭਿਲਾਸ਼ੀ ਤੇ ਪੱਕੀ ਰਹਿਣੀ ਬਹਿਣੀ ਵਾਲਾ ਜੀਵਨ ਗੁਜ਼ਾਰ ਰਹੇ ਹਨ। 1978 ਨੂੰ ਸ੍ਰੀ ਅੰਮ੍ਰਿਤਸਰ ਪੁੱਜੇ, 'ਗੁਰ ਕੀ ਨਿੰਦਾ ਸੁਨਹਿ ਨ ਕਾਨ' ਦੇ ਸ਼ਬਦਾਂ ਅੰਦਰੋਂ ਵੰਗਾਰ ਪਾਈ ਤਾਂ ਅਕਾਲ ਪੁਰਖ ਦੇ ਭਾਣੇ ਵਿਚ ਸ਼ਹੀਦੀ ਸਾਕੇ ਵਰਤ ਗਏ।

### 5. "ਸ਼ਹੀਦ ਭਾਈ ਕੇਵਲ ਸਿੰਘ"

8 ਮਾਰਚ 1953 ਨੂੰ ਮੁਹੱਲਾ ਪ੍ਰੇਮਗੜ੍ਹ ਹੁਸ਼ਿਆਰਪੁਰ ਨਿਵਾਸੀ ਸ. ਅਮਰ ਸਿੰਘ ਜੀ ਦੇ ਘਰ ਮਾਤਾ ਸਤਿਆ ਕੌਰ ਦੀ ਕੁੱਖੋਂ ਭਾਈ ਕੇਵਲ ਸਿੰਘ ਜੀ ਦਾ ਜਨਮ ਹੋਇਆ। ਆਪ ਦੇ ਪਿਤਾ ਜੀ ਦਾ ਕਲਕੱਤੇ ਵਿਖੇ ਚੰਗਾ ਟਰਾਂਸਪੋਰਟ ਦਾ ਕੰਮ ਚੱਲਦਾ ਸੀ, ਇਸ ਲਈ ਆਪ ਵੀ ਕਲਕੱਤੇ ਚਲੇ ਗਏ। ਦਸਤਕਾਰੀ ਵੱਲ ਰੁਚੀ ਹੋਣ ਕਾਰਨ ਕਿਸ਼ਨ ਗੰਜ (ਬਿਹਾਰ) ਤੋਂ ਮੋਟਰ ਇਲੈਕਟ੍ਰਿਕ ਦਾ ਕੰਮ ਸਿੱਖ ਲਿਆ। 1972 ਵਿਚ ਅੰਮ੍ਰਿਤਪਾਨ ਕੀਤਾ ਤੇ ਪੂਰਨ ਗੁਰਸਿੱਖੀ ਰਹਿਤ ਵਿਚ ਵਿਚਰਨ ਲੱਗੇ, ਦੁਨਿਆਵੀ ਕੰਮਾਂ 'ਚ ਰੁਚੀ ਘੱਟ ਹੀ ਲੈਂਦੇ। ਕਈ ਬਾਣੀਆਂ ਕੰਠ ਕਰ ਲਈਆਂ, ਸਤਿ ਸੰਗਤ, ਕੀਰਤਨ ਸਮਾਗਮਾਂ ਅਤੇ ਸਿਮਰਨ ਸੇਵਾ ਵਿਚ ਡੂੰਘੇ ਉਤਰ ਗਏ। ਕਈ ਵਾਰ ਬਿਮਾਰ ਹੋਏ ਤਾਂ ਅਰਦਾਸਾ ਕਰਦੇ, 'ਹੇ ਸਤਿਗੁਰ! ਇਸ ਮੌਤੇ ਨਹੀਂ ਸਗੋਂ ਸ਼ਹੀਦ ਦੀ ਮੌਤ ਦੇਵੀਂ..।' ਅਰਦਾਸੇ ਉਪਰੰਤ ਠੀਕ ਹੋ ਜਾਂਦੇ ਰਹੇ।

ਆਖਰ ਜਦੋਂ ਨਰਕਧਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਰੁੱਧ ਬੁਰਛਾਗਰਦੀ ਸ਼ੁਰੂ ਕੀਤੀ ਤਾਂ ਆਪ ਸ਼ਰਧਾਲੂ ਸਿੰਘਾਂ ਦੇ ਸ਼ਾਂਤਮਈ ਪ੍ਰੋਟੈਸਟ ਵਿਚ ਸ਼ਾਮਲ ਹੋ ਕੇ ਗੁਰੂ ਪ੍ਰੇਮ ਹਿਤ ਸ਼ਹੀਦ ਹੋ ਗਏ। ਜਦੋਂ ਭਾਈ ਫੌਜਾ ਸਿੰਘ ਜੀ ਗੋਲੀਆਂ ਦੀ ਬੁਛਾੜ ਵਿਚ ਆ ਕੇ ਡਿੱਗ ਪਏ ਤਾਂ ਆਪ ਜੀ ਭਾਈ ਫੌਜਾ ਸਿੰਘ ਦੇ ਉਤੇ ਡਿੱਗ ਪਏ ਤਾਂ ਜੋ ਉਨ੍ਹਾਂ ਉਪਰ ਹੋਰ ਵਾਰ ਨਾ ਹੋ ਸਕੇ ਪਰ ਹਤਿਆਰਿਆਂ ਨੇ ਆਪ ਨੂੰ ਵੀ ਗੋਲੀਆਂ ਨਾਲ ਛਾਨਣੀ ਛਾਨਣੀ ਕਰ ਦਿੱਤਾ ਤੇ ਆਪ ਸ਼ਹਾਦਤ ਪਾ ਗਏ।

### 6. "ਸ਼ਹੀਦ ਭਾਈ ਹਰਭਜਨ ਸਿੰਘ ਜੀ"

ਆਪ ਦਾ ਜਨਮ ਅਪ੍ਰੈਲ 1947 ਵਿਚ ਪਿੰਡ ਭਟੀਆਂ ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਸ. ਜਗਤ ਸਿੰਘ ਜੀ ਦੇ ਘਰ, ਮਾਤਾ ਹਰਬੰਸ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਲੁਧਿਆਣਾ ਐਗਰੀਕਲਚਰ ਇੰਸਪੈਕਟਰ ਦੇ ਤੌਰ 'ਤੇ ਸਰਵਿਸ ਕਰਦੇ ਸਨ। ਆਪ ਜੀ ਅੰਮ੍ਰਿਤਧਾਰੀ, ਰਹਿਣੀ ਬਹਿਣੀ ਵਾਲੇ, ਨਿਤਨੇਮੀ, ਗੁਰਮੁਖੀ ਬਾਣੇ ਵਿਚ ਵਿਚਰਦੇ ਸਨ। ਆਪਣੇ ਮਹਿਕਮੇ ਵਿਚ ਤੇ ਆਪਣੇ ਇਲਾਕੇ ਵਿਚ ਬਹੁਤ ਹੀ ਹਰਮਨ ਪਿਆਰੇ ਤੇ ਸੁਹਿਰਦ ਮੰਨੇ ਜਾਂਦੇ ਸਨ। ਆਪ ਦਾ ਅਨੰਦ ਕਾਰਜ ਬੀਬੀ ਜੋਗਿੰਦਰ ਕੌਰ ਜੀ ਅੰਮ੍ਰਿਤਧਾਰੀ ਤੇ ਰਹਿਤ ਬਹਿਤ ਵਾਲੀ ਗੁਰਮੁਖ ਸੁਭਾਅ ਵਾਲੀ ਬੀਬੀ ਨਾਲ ਹੋਇਆ। ਆਪ ਦੇ ਤਿੰਨ ਬੱਚੇ ਹਨ, ਦੋ ਲੜਕੇ ਤੇ ਇਕ ਲੜਕੀ। ਤਿੰਨੇ ਬੱਚੇ ਅੰਮ੍ਰਿਤਧਾਰੀ ਹਨ। ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਆਪ ਸ਼ਹੀਦੀ ਜਥੇ ਵਿਚ ਸ਼ਹਾਦਤ ਪਾ ਕੇ ਸੁੱਤੀ ਹੋਈ ਕੌਮ ਨੂੰ ਝੰਜੋੜ ਗਏ।

### 7. "ਸ਼ਹੀਦ ਜਥੇਦਾਰ ਅਮਰੀਕ ਸਿੰਘ ਜੀ"

13 ਅਪ੍ਰੈਲ 1978 ਨੂੰ ਹੋਏ 13 ਸ਼ਹੀਦਾਂ ਵਿਚ ਜਥੇਦਾਰ ਅਮਰੀਕ ਸਿੰਘ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹਨ। ਸ਼ਹੀਦੀ ਸਾਕੇ ਸਮੇਂ ਆਪ ਜੀ ਦੀ ਉਮਰ 21 ਸਾਲ ਸੀ। ਆਪ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤਪਾਨ ਕਰਨ ਉਪਰੰਤ ਪੂਰਨ ਰਹਿਣੀ ਬਹਿਣੀ ਵਾਲੇ, ਨਿਤਨੇਮੀ ਤੇ ਸਤਿਸੰਗੀ ਜੀਵਨ ਬਿਤਾ ਰਹੇ ਸਨ। ਇਕ ਵਾਰ ਆਪਣੇ ਬਹੁਤ ਸਾਰੇ ਨਗਰ ਨਿਵਾਸੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲੈ ਜਾ ਕੇ ਅੰਮ੍ਰਿਤਪਾਨ ਕਰਵਾਇਆ ਤਾਂ ਤਖ਼ਤ ਵੱਲੋਂ ਆਪ ਨੂੰ 'ਜਥੇਦਾਰ' ਦਾ ਖਿਤਾਬ ਦਿੱਤਾ ਗਿਆ। ਆਪ ਨੇ ਚੌਂਕ ਮਹਿਤਾ ਵਿਖੇ ਭਿੰਡਰਾਂ ਜਥੇ ਦੀ ਸੰਗਤ ਤੋਂ ਗੁਰਮਤਿ ਵਿਚ ਤੇ ਗੁਰਸਿੱਖੀ ਵਿਚ ਦ੍ਰਿੜ੍ਹਤਾ ਪ੍ਰਾਪਤ ਕੀਤੀ। ਆਪ ਜੀ ਖੁਜਾਲਾ ਨਗਰ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾ ਬਰਦਾਸ਼ਤ ਕਰਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਸ਼ਹਾਦਤ ਦੇ ਜਾਮ ਪੀ ਗਏ।

### 8. "ਸ਼ਹੀਦ ਭਾਈ ਪਿਆਰਾ ਸਿੰਘ ਜੀ"

2 ਫਰਵਰੀ 1954 ਨੂੰ ਭੁੰਗਰਨੀ ਵਿਖੇ ਸ. ਕਿਸ਼ਨ ਸਿੰਘ ਜੀ ਦੇ ਘਰ ਮਾਤਾ ਭਾਗੋ ਜੀ ਦੀ ਕੁੱਖੋਂ ਇਸ ਸ਼ਹੀਦ ਦਾ ਜਨਮ ਹੋਇਆ। ਇਹ ਏਅਰ ਫੋਰਸ 'ਚੋਂ ਸਰਵਿਸ ਛੱਡ ਕੇ ਅੰਮ੍ਰਿਤਪਾਨ ਕਰ ਕੇ ਗੁਰਮਤਿ ਪ੍ਰਚਾਰ ਲਹਿਰ ਵਿਚ ਸ਼ਾਮਲ ਹੋ ਗਏ। ਬੜੇ ਗੁਰਮੁਖ, ਮਿਲਣਸਾਰ, ਨਿਮਰਤਾ ਤੇ ਪਿਆਰ ਦੇ ਪੁੰਜ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਹਿਤ ਆਪ ਜੀ ਨੇ 13 ਅਪ੍ਰੈਲ 1978 ਨੂੰ ਸ਼ਹੀਦੀ ਦਿੱਤੀ।

### 9. "ਸ਼ਹੀਦ ਭਾਈ ਹਰੀ ਸਿੰਘ ਜੀ"

ਸ਼ਹੀਦ ਭਾਈ ਹਰੀ ਸਿੰਘ ਜੀ ਦਾ ਜਨਮ ਪਿੰਡ ਜੰਡਾਂ ਵਾਲੇ, ਤਹਿਸੀਲ ਖਾਰੀਆਂ, ਜ਼ਿਲ੍ਹਾ ਗੁਜਰਾਤ ਦੇ ਵਸਨੀਕ ਗਿਆਨੀ ਗੁਰਚਰਨ ਸਿੰਘ ਜੀ ਦੇ ਘਰ ਮਾਤਾ ਭਾਗ ਕੌਰ ਜੀ ਦੀ ਕੁੱਖੋਂ 17 ਜੂਨ 1923 ਨੂੰ ਹੋਇਆ। ਆਪ ਦਸਤਕਾਰੀ ਦਾ ਕਾਰ ਵਿਹਾਰ ਕਰਦੇ ਸਨ, ਅੰਮ੍ਰਿਤਧਾਰੀ ਪੂਰਨ ਗੁਰਸਿੱਖ ਸਨ। ਪੰਥਕ ਸੇਵਾ ਦੀ ਲਗਨ ਆਪ ਨੂੰ ਪਿਤਾ ਜੀ ਤੋਂ ਵਿਰਸੇ ਵਿਚ ਪ੍ਰਾਪਤ ਹੋਈ। 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਹਿਤ ਆਪ ਜੀ ਨੇ ਸ਼ਹੀਦੀ ਦਿੱਤੀ। ਆਪ ਜੀ ਦੀ ਸਿੰਘਣੀ ਬੜੀ ਸਿੱਖ ਸਿਦਕ ਵਾਲੀ ਹੈ। ਜਦੋਂ 23 ਅਪ੍ਰੈਲ 1978 ਨੂੰ ਆਪ ਜੀ ਦੀ ਸੁਪਤਨੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਨਮਾਨਿਤ ਕੀਤਾ ਤਾਂ ਉਨ੍ਹਾਂ ਨੇ ਕਿਹਾ, ''ਮੇਰੇ ਪਤੀ ਜੀ ਗੁਰੂ ਕੇ ਲੇਖੇ ਲੱਗੇ ਹਨ ਅਤੇ ਜਦੋਂ ਪੰਥ ਨੂੰ ਹੋਰ ਲੋੜ ਪਵੇ ਤਾਂ ਮੇਰੇ ਤਿੰਨ ਪੁੱਤਰ ਵੀ ਹਾਜ਼ਰ ਹਨ।''

### 10. "ਸ਼ਹੀਦ ਭਾਈ ਗੁਰਚਰਨ ਸਿੰਘ ਜੀ"

ਸ਼ਹੀਦ ਗੁਰਚਰਨ ਸਿੰਘ ਜੀ ਦਾ ਜਨਮ 1 ਅਕਤੂਬਰ 1946 ਨੂੰ ਭਾਈ ਦਲੀਪ ਸਿੰਘ ਜੀ ਦੇ ਘਰ ਸਰਦਾਰਨੀ ਨਰੈਣ ਕੌਰ ਦੀ ਕੁੱਖੋਂ ਹੋਇਆ। ਆਪ ਜੀ ਨੇ ਪੰਜ ਸਾਲ ਦੀ ਉਮਰ ਵਿਚ ਅੰਮ੍ਰਿਤਪਾਨ ਕੀਤਾ। ਪੰਜਵੀਂ ਵਿਚ ਪੜ੍ਹਦਿਆਂ ਤੱਕ ਨਿਤਨੇਮ ਦੀਆਂ ਪੰਜੇ ਬਾਣੀਆਂ ਕੰਠ ਕਰ ਲਈਆਂ ਤੇ ਪੱਕੇ ਨਿਤਨੇਮੀ ਬਣ ਗਏ। ਲੁਧਿਆਣਾ ਐਗਰੀਕਲਚਰ ਯੂਨੀਵਰਸਿਟੀ ਵਿਚ ਐਕਸਟੈਨਸ ਡੀਮਾਨਸਟਰੇਟਰ ਦੀ ਅਸਾਮੀ 'ਤੇ ਨਿਯੁਕਤ ਸਨ। ਆਪ ਸਿੰਘਾਂ ਨਾਲ ਬੜਾ ਪ੍ਰੇਮ ਕਰਦੇ ਸਨ। 13 ਅਪ੍ਰੈਲ 1978 ਦੇ ਸ਼ਹੀਦੀ ਜਥੇ ਵਿਚ ਸ਼ਹੀਦੀ ਪਾ ਕੇ ਆਪ ਨੇ ਸੁੱਤੀ ਹੋਈ ਕੌਮ ਨੂੰ ਜਗਾਉਣ ਵਿਚ ਯੋਗਦਾਨ ਪਾਇਆ।

### 11. "ਸ਼ਹੀਦ ਭਾਈ ਗੁਰਦਿਆਲ ਸਿੰਘ ਜੀ ਮੋਦੇ"

ਭਾਈ ਗੁਰਦਿਆਲ ਸਿੰਘ ਜੀ ਆਪਣੇ ਖਾਨਦਾਨ 'ਚੋਂ ਪਹਿਲੇ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਸਿੰਘ ਸਨ। ਅਖੰਡ ਪਾਠਾਂ ਵਿਚ ਸ਼ਾਮਲ ਹੁੰਦੇ ਪਰ ਭੇਟਾ ਨਹੀਂ ਸਨ ਲੈਂਦੇ। ਆਪ ਨੇ 1966 ਨੂੰ ਭਿੰਡਰਾਂ ਵਾਲੇ ਜਥੇ ਤੋਂ ਅੰਮ੍ਰਿਤਪਾਨ ਕੀਤਾ। ਆਪ ਨਾਮ ਅਭਿਆਸੀ ਤੇ ਰਹਿਤਵਾਨ ਸਿੰਘ ਸਨ। 1978 ਦੀ ਵਿਸਾਖੀ ਮੌਕੇ ਅੰਮ੍ਰਿਤਸਰ ਆਏ ਤੇ 'ਗੁਰ ਕੀ ਨਿੰਦਾ ਸੁਨਹਿ ਨ ਕਾਨ' 'ਤੇ ਫੁੱਲ ਚੜ੍ਹਾਉਂਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋਏ। ਸੰਤ ਜਰਨੈਲ ਸਿੰਘ ਜੀ ਵੀ ਇਸ ਜਥੇ ਵਿਚ ਜਾਣਾ ਚਾਹੁੰਦੇ ਸਨ। ਪਰ ਜਥੇ ਦੇ ਸਿੰਘਾਂ ਨੇ ਸੰਤਾਂ ਨੂੰ ਕਿਹਾ ਕਿ ਆਪ ਜੀ ਇਸ ਜਥੇ 'ਚ ਨਾ ਜਾਓ, ਕਿਉਂਕਿ ਅਗਾਂਹ ਆਪ ਲੋੜ ਪੈਣ 'ਤੇ ਹੋਰ ਵੀ ਸਿੰਘ ਤਿਆਰ ਕਰ ਸਕਦੇ ਹੋ। ਇਸ ਲਈ ਸਿੰਘਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਸ਼ਹੀਦੀ ਜਥੇ ਵਿਚ ਜਾਣ ਤੋਂ ਰੋਕਿਆ ਤੇ ਆਪ ਧਰਮ-ਕਾਰਜ ਵਿਚ ਜਾਣ ਦੀ ਆਗਿਆ ਮੰਗੀ। ਉਹਨਾਂ ਪੰਜਾਂ ਸਿੰਘਾਂ ਵਿਚ ਭਾਈ ਗੁਰਦਿਆਲ ਸਿੰਘ ਜੀ ਵੀ ਸ਼ਾਮਲ ਸਨ। ਆਪ ਅਕਸਰ ਅਰਦਾਸ ਕਰਦੇ ਸਨ ਕਿ 'ਹੇ ਸਤਿਗੁਰੂ ਤੇਰੇ ਚਰਨਾਂ ਵਿਚ ਹੀ ਮੇਰਾ ਸੀਸ ਲੱਗੇ'

### 12. "ਸ਼ਹੀਦ ਬਾਬਾ ਦਰਸ਼ਨ ਸਿੰਘ ਜੀ ਮਹਿਤਾ"

ਪਿੰਡ ਨਵਾਂ ਵੈਰੋਨੰਗਲ ਤਹਿਸੀਲ ਬਟਾਲਾ ਦੇ ਵਸਨੀਕ ਸ. ਅੱਛਰ ਸਿੰਘ ਜੀ ਦੇ ਘਰ ਸ਼ਹੀਦ ਬਾਬਾ ਦਰਸ਼ਨ ਸਿੰਘ ਦਾ ਜਨਮ ਹੋਇਆ। ਸ਼ਹੀਦੀ ਸਮੇਂ ਆਪ ਦੀ ਉਮਰ 80 ਸਾਲ ਸੀ। 13 ਅਪ੍ਰੈਲ ਦੇ 13 ਸ਼ਹੀਦਾਂ ਵਿਚੋਂ ਆਪ ਸਭ ਤੋਂ ਵੱਡੀ ਉਮਰ ਦੇ ਸਨ। ਆਪ ਜੀ ਚੇਲੇਆਣੇ ਦੇ ਸ਼ਹੀਦੀ ਸਾਕੇ ਵਿਚ ਵੀ ਸ਼ਾਮਲ ਸਨ। ਆਪ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਇਕ ਸਨ। ਆਪ ਜੀ ਨੂੰ 'ਸੁਤੰਤਰਤਾ ਸੰਗਰਾਮੀ' ਵਜੋਂ ਪੈਨਸ਼ਨ ਵੀ ਮਿਲਦੀ ਸੀ। ਆਪ ਜੀ ਬੜੇ ਧਾਰਮਿਕ ਰੁਚੀਆਂ ਵਾਲੇ ਸਨ ਤੇ ਬੇਹੰਗਮ ਰਹਿ ਕੇ ਗੁਰਦੁਆਰਿਆਂ ਵਿਚ ਗ੍ਰੰਥੀ ਦੀ ਸੇਵਾ ਕਰਦੇ ਰਹੇ। ਸੰਤ ਕਰਤਾਰ ਸਿੰਘ ਜੀ ਖਾਲਸਾ ਜਥਾ ਭਿੰਡਰਾਂ ਨੇ ਆਪ ਨੂੰ ਗੁਰਦੁਆਰਾ ਮਹਿਤਾ ਦੀ ਜ਼ਮੀਨ ਦੀ ਸੇਵਾ ਸੰਭਾਲ ਦਾ ਜਥੇਦਾਰ ਨਿਯੁਕਤ ਕਰ ਦਿੱਤਾ। ਇਹ ਸੇਵਾ ਆਪ ਨੇ ਤਨ-ਮਨ ਨਾਲ ਨਿਭਾਈ। ਸਤਿਗੁਰ ਦੇ ਭਾਣੇ ਵਿਚ ਰਹਿ ਕੇ ਆਪ ਨੇ ਸ਼ਾਂਤਮਈ ਢੰਗ ਨਾਲ ਸ਼ਹੀਦੀ ਪ੍ਰਾਪਤ ਕੀਤੀ।

### 13. "ਸ਼ਹੀਦ ਭਾਈ ਧਰਮਬੀਰ ਸਿੰਘ ਜੀ"

ਭਾਈ ਧਰਮਬੀਰ ਸਿੰਘ ਜੀ ਦਾ ਜਨਮ 15 ਮਾਰਚ 1953 ਨੂੰ ਦਿੱਲੀ ਵਿਖੇ ਭਾਈ ਲਾਲ ਸਿੰਘ ਜੀ ਦੇ ਘਰ ਮਾਤਾ ਬਾਲ ਕੌਰ ਜੀ ਦੀ ਕੁੱਖੋਂ ਹੋਇਆ। ਆਪ ਦਾ ਪਰਿਵਾਰ ਪਿੰਡ ਸਾਹੋਵਾਲ, ਤਹਿਸੀਲ ਡਸਕਾ ਜ਼ਿਲ੍ਹਾ ਸਿਆਲਕੋਟ ਦਾ ਰਹਿਣ ਵਾਲਾ ਸੀ। ਆਪ ਨੇ ਸਕੂਲੀ ਵਿੱਦਿਆ ਪ੍ਰਾਪਤੀ ਸਮੇਂ ਹੀ ਅੰਮ੍ਰਿਤਪਾਨ ਕਰ ਲਿਆ ਸੀ ਤੇ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਸਨ। ਆਪ ਨੇ ਬੜੀ ਮਿਹਨਤ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਇਕ ਕਿਰਪਾਨ ਫੈਕਟਰੀ ਕਾਇਮ ਕੀਤੀ। ਆਪ ਕੀਰਤਨ ਸੁਣਨ ਦੇ ਬੜੇ ਰਸੀਏ ਸਨ। ਭਾਈ ਫੌਜਾ ਸਿੰਘ ਜੀ ਸ਼ਹੀਦ ਨਾਲ ਆਪ ਦਾ ਗੂੜ੍ਹਾ ਪਿਆਰ ਸੀ। ਆਪ ਦੋਹਾਂ ਨੇ ਮਿਲ ਕੇ 'ਗੁਰੂ ਕੇ ਮਹਿਲ' ਵਿਚ ਤੇ ਟੋਭਾ ਭਾਈ ਸਾਲੋ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਸ਼ਰਾਰਤੀਆਂ ਨੂੰ ਖਾਲਸਈ ਹੱਥ ਦਿਖਾਏ। ਉਸ ਕੇਸ ਵਿਚ ਗ੍ਰਿਫ਼ਤਾਰ ਹੋਣ ਵਾਲਿਆਂ ਵਿਚੋਂ ਆਪ ਵੀ ਸਨ ਤੇ ਤਿੰਨ ਮਹੀਨੇ ਜੇਲ੍ਹ ਕੱਟੀ ਸੀ। ਦੋ ਮਹੀਨਿਆਂ ਬਾਅਦ ਪਰਿਵਾਰ ਨੇ ਆਪ ਦਾ ਅਨੰਦ ਕਾਰਜ ਰੱਖਿਆ ਹੋਇਆ ਸੀ ਕਿ ਨਕਲੀ ਨਿਰੰਕਾਰੀਆਂ ਵੱਲੋਂ ਹੁੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਬਰਦਾਸ਼ਤ ਨਾ ਕਰਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਮੌਤ ਲਾੜੀ ਨੂੰ ਅਪਨਾ ਕੇ ਗੁਰੂ ਚਰਨਾਂ ਵਿਚ ਜਾ ਬਿਰਜੇ।



# ਵੈਸਾਖੀ, ਅੰਮ੍ਰਿਤ ਅਤੇ ਖਾਲਸਾ ਸਾਜਨਾ ਦਿਵਸ ਦੀ ਮਹਾਨਤਾ

ਲੇਖਕ : ਅਵਤਾਰ ਸਿੰਘ

ਵੈਸਾਖੀ-ਸੰਸਕ੍ਰਿਤ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਵਿਸ਼ਾਖਾ ਨਸ਼ੱਤ੍ਰ ਵਾਲੀ ਪੂਰਨਮਾਸ਼ੀ, ਸੂਰਜ ਦੇ ਹਿਸਾਬ ਵੈਸਾਖ ਮਹੀਨੇ ਦਾ ਪਹਿਲਾ ਦਿਨ। ਬ੍ਰਾਹਮਣੀ ਮੱਤ ਅਨੁਸਾਰ 27 ਨਸ਼ੱਤ੍ਰ ਹਨ ਇਨ੍ਹਾਂ ਚੋਂ ਵੈਸਾਖ ਨਸ਼ੱਤ੍ਰ ਪਵਿਤਰ ਮੰਨਿਆਂ ਜਾਂਦਾ ਹੈ। ਬ੍ਰਾਹਮਣ ਨੇ ਚਾਰ ਪ੍ਰਮੁੱਖ ਤਿਉਹਾਰ ਮੰਨੇ ਹਨ-ਵੈਸਾਖੀ, ਦੁਸ਼ਹਿਰਾ,. ਦੀਵਾਲੀ ਅਤੇ. ਹੋਲੀ। ਕ੍ਰਮਵਾਰ ਵੈਸਾਖੀ ਬ੍ਰਾਹਮਣਾਂ ਦਾ, ਦੁਸ਼ਹਿਰਾ ਖੱਤਰੀਆਂ ਦਾ, ਦਿਵਾਲੀ ਵੈਸ਼ਾਂ ਦਾ, ਅਤੇ ਹੋਲੀ ਸ਼ੂਦਰਾਂ ਦਾ ਤਿਉਹਾਰ ਹੈ। ਬ੍ਰਾਹਮਣੀ ਗ੍ਰੰਥਾਂ ਜਿਵੇਂ ਮੰਨੂੰ ਸਿਮਰਤੀ ਆਦਿਕ ਅਨੁਸਾਰ ਮਨੁੱਖਤਾ ਨੂੰ ਉਚ-ਨੀਚ, ਜਾਤਿ-ਪਾਤਿ, ਛੂਆ-ਛਾਤਿ, ਵਹਿਮ-ਭਰਮ, ਕਰਮ-ਕਾਂਡ ਵਿੱਚ ਵੰਡਿਆ ਹੋਇਆ ਸੀ ਅਤੇ ਉਨ੍ਹਾਂ ਦੇ ਰੀਤੀ ਰਿਵਾਜ ਤੇ ਤਿਉਹਾਰਾਂ ਦੀਆਂ ਵੀ ਬ੍ਰਾਹਮਣ ਨੇ ਹੀ ਵੰਡੀਆਂ ਪਾਈਆਂ ਸਨ। ਇਸ ਸਾਰੀ ਵਰਣਵੰਡ ਨੂੰ ਕ੍ਰਾਂਤੀਕਾਰੀ ਭਗਤਾਂ ਅਤੇ ਸਿੱਖ ਗੁਰੂਆਂ ਖਤਮ ਕੀਤਾ ਭਾਵ ਇਨ੍ਹਾਂ ਵਹਿਮਾਂ ਤੋਂ ਮਨੁੱਖਤਾ ਦਾ ਖਹਿੜਾ ਛੁਡਾਇਆ-ਨਾਨਕ ਵੈਸਾਖੀ ਪ੍ਰਭ ਪਾਵੈ ਸੁਰਤਿ ਸਬਦਿ ਮਨੁ ਮਾਨਾ॥ (1108) ਵੈਸਾਖ ਦੇ ਮਹੀਨੇ ਦੁਆਰਾ ਵੀ ਸ਼ਬਦ ਸੁਰਤ ਰਾਹੀਂ ਪ੍ਰਭੂ ਨੂੰ ਪਾਉਣ ਦੀ ਗੱਲ ਕੀਤੀ ਹੈ ਨਾ ਕਿ ਕਿਸੇ ਬ੍ਰਾਹਮਣ ਜਾਂ ਸਾਧੂ-ਸੰਤ ਨੂੰ ਪੁੰਨ ਦਾਨ ਕਰਨ ਦੀ। ਗੁਰਸਿੱਖ ਕਿਸੇ ਮਹੀਨੇ ਜਾਂ ਥਿੱਤਵਾਰ ਦਾ ਪੁਜਾਰੀ ਨਹੀਂ ਹੈ, ਜੇ ਹੈ ਤਾਂ, ਉਹ ਗੁਰਸਿੱਖ ਨਹੀਂ ਹੋ ਸਕਦਾ ਸਗੋਂ ਜੇ ਥਿੱਤਾਂ ਵਾਰਾਂ ਨੂੰ ਚੰਗਾ-ਮੰਦਾ ਮੰਨਦਾ ਹੈ ਤਾਂ ਗੁਰਬਾਣੀ ਅਨੁਸਾਰ ਉਹ ਮਹਾਂ ਮੂਰਖ ਹੈ-ਸਤਿਗੁਰ ਬਾਝਹੁ ਅੰਧ ਅੰਧਾਰ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥ (842) ਰੱਬ ਦੇ ਬਣਾਏ ਦਿਨ-ਰਾਤ, ਥਿੱਤ-ਵਾਰ, ਮਹੀਨੇ-ਸਾਲ ਸਾਰੇ ਹੀ ਭਲੇ ਹਨ-ਮਹਾ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥ (136) ਵੈਸਾਖੀ ਇੱਕ ਮੌਸਮੀ ਤਿਉਹਾਰ ਹੈ ਇਸ ਦੇ ਮੇਲੇ ਤਾਂ ਪਹਿਲਾਂ ਵੀ ਲਗਦੇ ਸਨ ਅਤੇ ਫਸਲ ਪੱਕਣ ਦੀ ਖੁਸ਼ੀ ਵਿੱਚ ਜੱਟ-ਜਿਮੀਦਾਰ ਪਹਿਲਾਂ ਹੀ ਭੰਗੜੇ ਪਉਂਦੇ ਅਤੇ ਬ੍ਰਾਹਮਣ ਨੂੰ ਦਾਨ ਪੁੰਨ ਕਰਦੇ ਸਨ। ਸਮਾਂ ਬਦਲਿਆ ਸਾਧਾਂ ਦੇ ਡੇਰਿਆਂ ਤੇ ਵੀ ਦਾਨ ਕਰਨ ਲੱਗ ਪਏ ਅਤੇ ਵੈਸਾਖੀ ਮੇਲੇ ਤੇ ਗੌਣ ਵਾਲੀਆਂ ਅਤੇ ਤੂੰਬੀਆਂ ਵਾਲੇ ਵੀ ਬੁਲਾਏ ਜਾਣ ਲੱਗ ਪਏ। ਅੱਜ ਤਾਂ ਵੈਸਾਖੀ ਨਾਈਟਾਂ ਵੀ ਮਨਾਈਆਂ ਜਾਂਦੀਆਂ ਹਨ, ਵੱਡੇ-ਵੱਡੇ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹਨ। ਅੱਜ ਵੈਸਾਖੀ ਪੰਜਾਬੀ ਮੇਲੇ ਦੇ ਰੂਪ ਵਿੱਚ ਹੀ ਵੱਧ ਮਨਾਈ ਜਾ ਰਹੀ ਹੈ। ਆਓ ਜਰਾ ਵਿਚਾਰ ਕਰੀਏ ਕਿ ਫਿਰ ਵੈਸਾਖੀ ਨਾਲ ਸਿੱਖ ਕੌਮ ਦਾ ਕੀ ਸਬੰਧ ਹੈ? ਵੈਸਾਖੀ ਨਾਲ ਸਿੱਖ ਕੌਮ ਦਾ ਸਬੰਧ-ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਮਹੀਨਾ ਅਤੇ ਖਾਲਸਾ ਸਾਜਨ ਦਿਵਸ ਕਰਕੇ ਸਬੰਧ ਹੈ। ਮਨੁੱਖਤਾ ਦੇ ਸੱਚੇ-ਸੁੱਚੇ ਰਹਿਬਰ, ਸਿੱਖ ਕੌਮ ਦੇ ਬਾਨੀ ਬਾਬਾ ਨਾਨਕ ਜੀ ਦਾ ਇੰਨਸਾਨੀ ਜਨਮ ਅਤੇ ਰੂਹਾਨੀ ਪ੍ਰਕਾਸ਼ ਵੈਸਾਖ ਮਹੀਨੇ ਵਿੱਚ ਹੋਇਆ ਅਤੇ ਦਸਵੇਂ ਜਾਮੇ ਵਿੱਚ ਖੰਡੇ ਦੀ ਪਾਹੁਲ ਦੇ ਕੇ ਸਿੱਖ ਨੂੰ ਸਿੰਘ ਅਤੇ ਕੌਰ ਦੀ ਸੰਗਿਆ ਬਖਸ਼ਿਸ਼ ਦਰਦੇ ਹੋਏ ਨਿਰਮਲ ਪੰਥ ਦੀ ਰੱਖੀ ਹੋਈ ਨੀਂਹ ਨੂੰ ਖਾਲਸਾ ਪੰਥ ਦੇ ਰੂਪ ਵਿੱਚ ਮਨੁੱਖੀ ਬਰਾਬਰਤਾ ਦਿੰਦੇ ਹੋਏ ਸੰਨ 1699 ਦੀ ਵੈਸਾਖੀ ਨੂੰ ਮੁਕੰਮਲ ਕੀਤਾ। ਇਸ ਕਰਕੇ ਖਾਲਸੇ ਦੀ ਵੈਸਾਖੀ ਥਿਤੀ ਵਾਰ ਵਾਲੀ ਬ੍ਰਾਹਮਣੀ ਵੈਸਾਖੀ ਨਾਲੋਂ ਵਿਲੱਖਣ ਤੇ ਮਹਾਂਨ ਹੈ ਅਤੇ ਇਸ ਵਿਲੱਖਣ ਤੇ ਮਹਾਨਤਾ ਵਾਲੀ ਵੈਸਾਖੀ ਨਾਲ ਸਿੱਖ ਕੌਮ ਦਾ ਸਿਧਾ ਸਬੰਧ ਹੈ। ਗੁਰੂ ਸਾਹਿਬਾਨ ਵੈਸਾਖੀ ਤੇ ਵਿਸ਼ੇਸ਼ ਜੋੜ ਮੇਲਾ ਕਰਿਆ ਕਰਦੇ ਸਨ। ਇਤਿਹਾਸ ਮੁਤਾਬਿਕ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਵੱਡੀ ਪੱਧਰ ਤੇ ਵੈਸਾਖੀ ਜੋੜ ਮੇਲਾ ਸ਼ੁਰੂ ਕੀਤਾ। ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਰੂਪ ਵਿੱਚ ਇਸ ਦਿਨ ਖੰਡੇ ਦੀ ਪਾਹੁਲ ਦੇ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਅਤੇ ਗੁਰਸਿੱਖਾਂ ਨੂੰ ਖਾਲਸੇ ਦੀ ਸੰਗਿਆ ਦਿੱਤੀ ਕਿਉਂਕਿ ਸਿੱਖ ਹੁਣ ਜਾਤਾਂ-ਪਾਤਾਂ, ਛੂਆ-ਛਾਤਾਂ, ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਦੀ ਮਿਲਾਵਟ ਤੋਂ ਖਾਲਸ ਹੋ ਚੁੱਕਾ ਸੀ। ਵੈਸਾਖੀ ਵਾਲੇ ਦਿਨ ਹੀ ਖਾਲਸਾ ਪੰਥ ਸਰਬੱਤ ਖਾਲਸੇ ਦੇ ਰੂਪ ਵਿੱਚ ਇਕੱਤਰ ਹੋ ਕੇ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਵਿਖੇ ਆਪਸੀ ਵਿਚਾਰ ਵਿਟਾਂਦਰੇ ਉਪ੍ਰੰਤ ਗੁਰਬਾਣੀ ਦੀ ਰੌਸ਼ਨੀ ਵਿੱਚ ਮਤੇ ਅਤੇ ਗੁਰਮਤੇ ਪਾਸ ਕਰਦਾ ਸੀ ਅਤੇ ਅਭਿਲਾਖੀਆਂ ਨੂੰ ਖੰਡੇ ਦੀ ਪਾਹੁਲ ਦਿੰਦਾ ਸੀ। ਇਸ ਕਰਕੇ ਸਾਰੇ ਖਾਲਸਾ ਪੰਥ ਦੀ ਮਰਯਾਦਾ ਇੱਕ ਸੀ ਤੇ ਖਾਲਸਾ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ। ਇਹ ਮਰਯਾਦਾ ਪਹਿਲਾਂ ਮਹੰਤਾ ਨੇ ਅੰਗ੍ਰੇਜ਼ੀ ਸਰਕਾਰ ਰਾਹੀਂ ਗੁਰਦੁਆਰਿਆਂ ਤੇ ਕਾਬਜ਼ ਹੋ ਕੇ ਖਤਮ ਕੀਤੀ ਅਤੇ ਫਿਰ ਸਿੰਘਾਂ ਨੇ ਸਿੰਘ ਸਭਾ ਦੇ ਰੂਪ ਵਿੱਚ ਇਨ੍ਹਾਂ ਹੰਕਾਰੀ, ਵਿਕਾਰੀ ਅਤੇ ਦੁਰਾਚਾਰੀ ਮਹੰਤਾਂ ਨੂੰ ਗੁਰੂ ਘਰਾਂ ਵਿੱਚੋਂ ਕੱਢ ਕੇ ਬਹਾਲ ਕੀਤੀ। ਜਿਸ ਮਰਯਾਦਾ ਨੂੰ ਅੱਜ ਦੇ ਮਾਇਆਧਾਰੀ, ਗਿਆਨ ਵਿਹੂਣੇ ਹੰਕਾਰੀ ਪ੍ਰਬੰਧਕਾਂ ਅਤੇ ਭੇਖੀ ਸਾਧਾਂ ਸੰਤਾਂ ਨੇ ਧੱਕੇ ਨਾਲ ਖਤਮ ਕਰ ਦਿੱਤਾ ਹੈ।

ਹੁਣ ਵੈਸਾਖੀ ਵਾਲੇ ਦਿਨ ਗੁਰਮਤੇ ਕਰਨ ਦੀ ਥਾਂ ਪਾਠਾਂ ਦੀਆਂ ਲੜੀਆਂ ਚਲਾਈਆਂ ਜਾਂਦੀਆਂ ਹਨ। ਇੱਕ ਥਾਂ ਤੇ ਕਈ-2 ਇਕੱਠੇ ਪਾਠ ਰੱਖੇ ਜਾਂਦੇ ਹਨ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਅਖੰਡ ਪਾਠ ਕਰਾਉਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਹਨ ਪਰ ਗੁਰਬਾਣੀ ਸਿੱਖਣ ਸਿਖਾਉਣ ਦੀ ਅਪੀਲ ਕੋਈ ਨਹੀਂ ਕੀਤੀ ਜਾਂਦੀ ਕਿਉਂ? ਕੀ ਇਨ੍ਹਾਂ ਗੁਰਪੁਰਬਾਂ ਦਾ ਮਕਸਦ ਪਾਠਾਂ ਦੀਆਂ ਲੜੀਆਂ ਚਲਾ ਕੇ ਪੈਸਾ ਇੱਕਠਾ ਕਰਨਾਂ ਅਤੇ ਸੰਗਤਾਂ ਨੂੰ ਸਦਾ ਲਈ ਪੇਅਡ ਪਾਠੀਆਂ ਤੇ ਹੀ ਡੀਪੈਂਡ ਕਰਨਾ ਹੈ? ਅੱਜ ਸੈਂਕੜਿਆਂ ਚੋਂ ਕਿਸੇ ਇੱਕ ਗੁਰੂ ਘਰ ਵਿੱਚ ਹੀ ਅਕਾਲ ਤਖਤ ਤੋਂ ਪ੍ਰਵਾਣਿਤ ਮਰਯਾਦਾ ਲਾਗੂ ਹੈ ਬਾਕੀ ਸਭ ਗੁਰਦੁਆਰਿਆਂ ਵਿੱਚ ਮਹੰਤੀ ਅਤੇ ਸੰਪਰਦਾਈ ਮਰਯਾਦਾ ਹੀ ਚਲਾਈ ਜਾਂਦੀ ਹੈ। ਸਿੱਖ ਅਗਿਆਨਤਾ ਤੇ ਕਮਜ਼ੋਰੀ ਦੀ ਨੀਂਦ ਵਿੱਚ ਸੁੱਤੇ ਪਏ ਹਨ। ਗੁਰਬਾਣੀ ਦੇ ਅਸਲੀ ਮਨੋਰਥ ਨੂੰ ਛੱਡ ਕੇ ਸਾਧਾਂ ਦੀਆਂ ਬਣਾਈਆਂ ਮਨੋ ਕਲਪਿਤ ਕਹਾਣੀਆਂ ਹੀ ਗੁਰੂ ਘਰਾਂ ਵਿੱਚ ਪ੍ਰਚਾਰੀਆਂ ਜਾ ਰਹੀਆਂ ਹਨ। ਵੈਸਾਖੀ ਦੇ ਸੰਦੇਸ਼ ਨੂੰ ਕਰਮ ਕਾਂਡਾਂ ਦੇ ਚਿੱਕੜ ਵਿੱਚ ਰੋਲਿਆ ਜਾ ਰਿਹਾ ਹੈ। ਪਿਆਰੇ ਖਾਲਸਾ ਜੀ! ਵੈਸਾਖੀ ਦੀ ਵਿਲੱਖਣ ਮਹਾਨਤਾ ਨੂੰ ਸਮਝ ਕੇ ਗੁਰੂ ਘਰਾਂ ਵਿੱਚ ਆ ਵੜੇ ਬ੍ਰਾਹਮਣੀ ਅਤੇ ਸੰਪਰਦਾਈ ਕਰਮਕਾਂਡਾਂ ਤੋਂ ਖਹਿੜਾ ਛੁਡਾਈਏ ਅਤੇ ਗੁਰਬਾਣੀ ਦੇ ਸੱਚੇ ਸੁੱਚੇ ਵਿਚਾਰਾਂ ਅਤੇ ਮਰਯਾਦਾ ਨੂੰ ਧਾਰਨ ਕਰੀਏ।

ਖਾਲਸਾ ਸ਼ਬਦ ਦੀ ਮਹਾਂਨਤਾ-ਖਾਲਸਾ ਅਰਬੀ ਭਾਸ਼ਾ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਨਿਰੋਲ, ਸ਼ੁੱਧ ਅਤੇ ਖਰਾ, ਬਿਨਾ ਕਿਸੇ ਮਿਲਾਵਟ ਅਤੇ ਪੰਥ ਦਾ ਅਰਥ ਹੈ ਰਾਹ (ਇੱਕਸਾਰਤਾ-ਰਸਤਾ) ਖਾਲਸਾ ਦਾ ਮਤਲਬ ਇਹ ਵੀ ਹੈ ਕਿ ਉਹ ਜ਼ਮੀਨ ਜਾਂ ਮੁਲਕ ਜਿਸ ਦਾ ਬਾਦਸ਼ਾਹ ਨਾਲ ਸਿੱਧਾ ਸਬੰਧ ਹੈ ਜੋ ਕਿਸੇ ਜਗੀਰਦਾਰ ਜਾਂ ਜਿਮੀਦਾਰ ਦੇ ਅੰਡਰ ਨਹੀਂ (ਮਹਾਂਨ ਕੋਸ਼ ਭਾ. ਕਾਨ੍ਹ ਸਿੰਘ ਨਾਭਾ) ਸੋ ਗੁਰੂਆਂ ਤੋਂ ਪਹਿਲਾਂ ਭਗਤਾਂ ਨੇ ਵੀ ਖਾਲਸਾ ਲਫ਼ਜ਼ ਦੀ ਵਰਤੋਂ ਕੀਤੀ ਹੈ ਜਿਵੇਂ ਭਗਤ ਕਬੀਰ ਜੀ ਫੁਰਮਾਂਦੇ ਹਨ-ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (655) ਜਿਨ੍ਹਾਂ ਨੇ ਪ੍ਰੇਮਾਂ ਭਗਤੀ ਭਾਵ ਖਲਕਤ ਵਿੱਚ ਵਸਦੇ ਰੱਬੀ ਪਿਆਰ ਨੂੰ ਜਾਣ ਲਿਆ ਹੈ ਉਹ ਖਾਲਸੇ ਹਨ ਪਰ ਅੱਜ ਸਾਡੇ ਬਹੁਤੇ ਭਾਈ ਕੇਵਲ ਤੇ ਕੇਵਲ ਪੰਜ ਕਕਾਰੀ ਬਾਣਾਧਾਰੀ ਮਨੁੱਖ ਨੂੰ ਹੀ ਖਾਲਸਾ ਕਹਿੰਦੇ ਹਨ ਤੇ ਬਾਕੀ ਹੋਰਾਂ ਨੂੰ ਨਹੀਂ ਭਾਂਵੇਂ ਉਹ ਗੁਰਬਾਣੀ ਦੇ ਅਤਿਅੰਤ ਰਸੀਏ ਵੀ ਕਿਉਂ ਨਾਂ ਹੋਣ। ਗੁਰਬਾਣੀ ਅਨੁਸਾਰ ਤਾਂ-ਸਰਬ ਧਰਮ ਮਹਿ ਸ੍ਰੇਸਟ ਧਰਮ॥ ਹਰਿ ਕੋ ਨਾਮਿ ਜਪਿ ਨਿਰਮਲ ਕਰਮ॥ (ਸੁਖਮਨੀ) ਰੱਬ ਦਾ ਨਾਮ ਜਪਣਾ ਤੇ ਨਿਰਮਲ ਕਰਮ ਕਰਨੇ ਹੀ ਸਭ ਦਾ ਸਰਬ ਸਾਂਝਾ ਤੇ ਸਰਬ ਸ਼੍ਰੇਸ਼ਟ ਧਰਮ ਹੈ। ਐਸੇ ਸਰਬ ਸਾਂਝੇ ਧਰਮ ਦਾ ਧਾਰਨੀ ਖਾਲਸਾ ਕਿਉਂ ਨਹੀਂ ਹੋ ਸਕਦਾ? ਕੀ ਸਾਨੂੰ ਗੁਰਬਾਣੀ ਤੇ ਵਿਸ਼ਵਾਸ਼ ਨਹੀਂ? ਗੁਰਬਾਣੀ ਤਾਂ ਪ੍ਰੇਮਾ ਭਗਤੀ ਕਰਨ ਵਾਲਿਆਂ ਨੂੰ ਖਾਲਸਾ ਕਹਿ ਰਹੀ ਹੈ। ਜੇ ਹਿਰਦੇ ਵਿੱਚ ਪ੍ਰੇਮ ਨਹੀਂ ਦਵੈਸ਼ ਹੈ ਤਾਂ ਖਾਲਸਾ ਨਹੀਂ ਹੋ ਸਕਦਾ। ਖਾਲਸੇ ਦਾ ਮਤਲਬ ਹੈ ਖਾਲਸ, ਮਿਲਾਵਟ ਰਹਿਤ ਜਿਸ ਦਾ ਅਕਾਲ ਪੁਰਖ ਨਾਲ ਸਿੱਧਾ ਸਬੰਧ ਹੈ ਪਰ ਅੱਜ ਆਪਣੇ ਆਪ ਨੂੰ ਖਾਲਸਾ ਕਹਿਣ ਵਾਲਿਆਂ ਵਿੱਚ ਬ੍ਰਾਹਮਣੀ ਕਰਮ ਕਾਂਡਾਂ ਦੀ ਮਿਲਾਵਟ ਵੀ ਹੈ ਤੇ ਅਕਾਲ ਪੁਰਖ ਨਾਲ ਸਿੱਧਾ ਸਬੰਧ ਦੀ ਥਾਂ ਸਾਧਾਂ ਤੇ ਸੰਪਰਦਾਈਆਂ ਨਾਲ ਗੂੜਾ ਸਬੰਧ ਵੀ ਹੈ ਅਤੇ ਜੋ ਹੰਕਾਰ ਤੇ ਗੁੱਸੇ ਨਾਲ ਵੀ ਭਰੇ ਪੀਤੇ ਰਹਿੰਦੇ ਹਨ। ਅੰਮ੍ਰਿਤ ਛੱਕ ਕੇ ਵੀ ਉਨ੍ਹਾਂ ਅੰਦਰੋਂ ਜਾਤਿ-ਪਾਤਿ ਦਾ ਅਭਿਮਾਨ ਨਹੀਂ ਗਿਆ ਕਿ ਅਸੀਂ ਜੱਟ ਸਿੱਖ ਹਾਂ, ਰਾਮਗੜੀਏ ਸਿੱਖ ਹਾਂ ਫਲਾਨੇ ਤਾਂ ਮਜ਼ਬੀ ਤੇ ਰਵਿਦਾਸੀਏ ਸਿੱਖ ਹਨ। ਕੀ ਅਜਿਹੇ ਲੋਕ ਗੁਰੂ ਦੇ ਖ਼ਾਲਸੇ-ਸਿੱਖ ਹੋ ਸਕਦੇ ਹਨ? ਗੁਰੂ ਨੇ ਤਾਂ ਇਕੋ ਸੰਗਤ ਪੰਗਤ ਵਿੱਚ ਬੈਠਾਇਆ, ਖਵਾਇਆ ਅਤੇ ਇਕੋ ਬਾਟੇ ਵਿੱਚ ਰੱਬੀ ਬਾਣੀ ਦਾ ਅੰਮ੍ਰਿਤ ਪਿਲਾ ਕੇ ਜਾਤਿ-ਪਾਤਿ ਅਤੇ ਸੁੱਚ-ਭਿੱਟ ਖਤਮ ਕੀਤੀ। ਕੀ ਖਾਲਸਾ ਕਹਾਉਣ ਵਾਲਿਆਂ ਨੇ ਜਾਤਿ-ਪਾਤਿ ਦੀ ਵੀਚਾਰ ਛੱਡ ਦਿੱਤੀ ਹੈ? ਕੀ ਜਾਤਿ ਪਾਤਿ ਤੋਂ ਉੱਪਰ ਉੱਠ ਕੇ ਰਿਸ਼ਤੇਦਾਰੀਆਂ ਕਾਇਮ ਕੀਤੀਆਂ ਹਨ? ਕੀ ਜੱਟ ਖਾਲਸੇ ਨੇ ਆਪਣੀ ਧੀ ਦਾ ਰਿਸ਼ਤਾ ਚਮਾਰ ਖਾਲਸੇ ਦੇ ਪੁੱਤਰ ਨੂੰ ਕੀਤਾ ਹੈ? ਜਦ ਕਿ ਜੱਟ ਚਮਾਰ ਵਾਲਾ ਜਾਤ-ਪਾਤੀ ਵਿਤਕਰਾ ਬ੍ਰਾਹਮਣ ਦੀ ਉਪਜ ਹੈ ਅਤੇ ਰੱਬ ਦੇ ਬਣਾਏ ਬੰਦਿਆਂ ਦੀ ਤਾਂ ਇੱਕ ਹੀ ਮਨੁੱਖਾ ਜਾਤਿ ਹੈ। ਅੱਜ ਦਾ ਖਾਲਸਾ ਅੱਗ, ਤੇਲ ਜਾਂ ਘਿਓ ਦੀ ਜੋਤਿ ਦੀ ਪੂਜਾ ਕਰ ਰਿਹਾ ਹੈ ਜੋ ਹੱਥੀਂ ਬਾਲੀ ਤੇ ਬੁਝ ਵੀ ਜਾਂਦੀ ਹੈ ਪਰ ਗੁਰੂ ਤਾਂ ਉਸ ਜੋਤ ਦੀ ਗੱਲ ਕਰਦੇ ਹਨ ਜੋ ਸਭ ਵਿੱਚ ਸਭ ਥਾਂ ਤੇ ਸਦੀਵ ਜਗਦੀ ਅਤੇ ਚਾਨਣ ਕਰਦੀ ਹੈ-ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣ ਸਭਿ ਮਹਿ ਚਾਨਣ ਹੋਇ॥ (663) ਅੱਜ ਦਾ ਖਾਲਸਾ ਸ਼ਹੀਦਾਂ ਦੀਆਂ ਮੜ੍ਹੀਆਂ ਤੇ ਜੋਤਾਂ-ਦੀਵੇ ਜਗਾ ਰਿਹਾ ਹੈ। ਤੀਰਥਾਂ ਤੇ ਯਾਤਰਾ ਕਰਦਿਆਂ ਵੇਹਲੜਾਂ ਨੂੰ ਕੁਥਾਂਏਂ ਦਾਨ ਕਰ ਰਿਹਾ ਹੈ। ਕੀੜੀਆਂ, ਜੂੰਆਂ, ਸੱਪਾਂ ਆਦਿਕ ਤੇ ਤਾਂ, ਥਾਂ-ਥਾਂ ਦਇਆ ਕਰ ਰਿਹਾ ਹੈ ਪਰ ਆਪਣੇ ਹੀ ਧਰਮ ਭਾਈਆਂ ਦਾ ਹੱਕ ਮਾਰ ਕੇ ਖੂਨ ਪੀ ਰਿਹਾ ਹੈ ਭਾਵ ਕਾਮਿਆਂ ਦਾ ਹੱਕ ਮਾਰ ਰਿਹਾ ਹੈ। ਨੰਗੇ ਪੈਰੀਂ ਚੱਲਣ, ਚਾਲੀਸੇ ਕੱਟਣ ਤੇ ਗਿਣਤੀ ਮਿਣਤੀ ਦੇ ਪਾਠ ਤੇ ਸੰਪਟ ਪਾਠਾਂ ਦੇ ਜਪ ਤਪ ਕਰ ਰਿਹਾ ਹੈ। ਕੀ ਐਸਾ ਵਿਸ਼ਵਾਸੀ ਤੇ ਕਰਮਕਾਂਡੀ ਸਿੱਖ ਖਾਲਸਾ ਹੋ ਸਕਦਾ ਹੈ? ਅੱਜ ਦਾ ਖਾਲਸਾ ਭਰਮੀ ਹੁੰਦਾ ਜਾ ਰਿਹਾ ਹੈ ਜਿਵੇਂ ਸੰਗ੍ਰਾਂਦ ਦਾ ਦਿਨ ਹੀ ਪਵਿਤਰ ਹੈ, ਬਿੱਲੀ ਰਸਤਾ ਕੱਟ ਗਈ ਦਾ ਭਰਮ, ਦਿਸ਼ਾ ਦਾ ਭਰਮ ਕਿ ਇਧਰ ਨੂੰ ਮੂੰਹ ਕਰਕੇ ਹੀ ਪਾਠ ਰੱਖਣਾ ਹੈ ਓਧਰ ਨੂੰ ਨਹੀਂ। ਰੋਟੀ ਕੇਵਲ ਤੱਪੜ ਤੇ ਬੈਠ ਕੇ ਖਾਣਾ ਹੀ ਧਰਮ ਹੈ ਕੁਰਸੀ ਮੇਜ ਤੇ ਖਾਣ ਨਾਲ ਧਰਮ ਟੁੱਟ ਜਾਵੇਗਾ। ਗੁਰੂ ਮਹਾਂਰਾਜ ਦੀ ਸਵਾਰੀ ਅੱਗੇ ਬੂੰਦ ਬੂੰਦ ਪਾਣੀ ਛਿੜਕਣਾ ਕਿ ਧਰਤੀ ਪਵਿਤਰ ਹੋ ਜਾਂਦੀ ਹੈ ਜਦ ਕਿ ਜਦੋਂ ਰਸਤੇ ਕੱਚੇ ਹੁੰਦੇ ਸਨ ਓਦੋਂ ਧੂੜ ਬੈਠਾਉਣ ਲਈ ਅਜਿਹਾ ਕੀਤਾ ਜਾਂਦਾ ਸੀ। ਅੱਜ ਪੱਕੇ ਘਰਾਂ, ਪੱਕੀਆਂ ਸੜਕਾਂ ਅਤੇ ਕਾਰਾਂ ਤੇ ਪਾਣੀ ਛਿੜਕਣਾ ਭਰਮ ਨਹੀਂ ਤਾਂ ਹੋਰ ਕੀ ਹੈ? ਭਰਮ ਭੇਖ ਤੇ ਰਹੇ ਨਿਆਰਾ ਭਾਵ ਭੇਖ ਨੂੰ ਹੀ ਧਰਮ ਨਾਂ ਸਮਝ ਲਵੇ, ਕ੍ਰਿਪਾਨ ਲਹਿ ਗਈ, ਕੰਘਾ ਡਿੱਗ ਪਿਆ, ਕਛਹਿਰਾ ਦੋਹਾਂ ਪੈਰਾਂ ਚੋਂ ਲਹਿ ਗਿਆ ਤਾਂ ਅੰਮ੍ਰਿਤ ਟੁੱਟ ਗਿਆ ਦਾ ਭਰਮ, ਮਾਸ ਖਾਣ ਜਾਂ ਨਾ ਖਾਣ ਦਾ ਭਰਮ, ਕ੍ਰਿਪਾਨ ਨਾ ਲਹੁਣਾ ਦਾ ਭਰਮ ਫਿਰ ਭਾਰਤ ਤੋਂ ਬਾਹਰ ਜਾਂ ਭਾਰਤ ਵਿੱਚ ਵੀ ਹਵਾਈ ਸਫਰ ਤਾਂ ਕਰ ਹੀ ਨਹੀਂ ਸਕਦਾ। ਪੰਜ ਕਕਾਰ ਫੌਜੀ ਖਾਲਸੇ ਦੀ ਵਰਦੀ ਹੈ ਪਰ ਫੌਜੀ ਵੀ ਡਿਊਟੀ ਦੇ ਟਾਈਮ ਹੀ ਵਰਦੀ ਪਹਿੰਨਦਾ ਹੈ ਹਰ ਵੇਲੇ ਨਹੀਂ, ਵਿਦਿਆਰਥੀ ਸਕੂਲ ਟਾਈਮ ਵਰਦੀ ਪਾਉਂਦਾ ਹੈ ਹਰ ਵੇਲੇ ਨਹੀਂ ਇਵੇਂ ਹੀ ਖਾਲਸੇ ਦੀ ਵਰਦੀ ਹੈ ਜੇ ਕਿਤੇ ਲੋੜ ਪੈਣ ਤੇ ਲਾਹੁਣੀ ਵੀ ਪਵੇ ਤਾਂ ਭਰਮ ਨਹੀਂ ਕਰਨਾ। ਕ੍ਰਿਪਾਨ ਪਹਿਨ ਕੇ ਅਸੀਂ ਘੋਲ ਕਬੱਡੀ ਆਦਿਕ ਖੇਡਾਂ ਖੇਡ ਹੀ ਨਹੀਂ ਸਕਦੇ ਕਿਉਂਕਿ ਇਸ ਦਾ ਆਪਣੇ ਆਪ ਨੂੰ ਲੱਗਣ ਦਾ ਵੀ ਡਰ ਰਹਿੰਦਾ ਹੈ ਦੂਜੇ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਨਹਾਉਣ ਵੇਲੇ ਕਦੇ ਕ੍ਰਿਪਾਨ ਸਿਰ ਤੇ ਕਦੇ ਲੱਕ ਨਾਲ ਬੰਨਣਾ ਭਰਮ ਨਹੀਂ ਤਾਂ ਹੋਰ ਕੀ ਹੈ? ਕੀ ਕੋਈ ਫੌਜੀ ਜਾਂ ਸਕੂਲ ਦਾ ਵਿਦਿਆਰਥੀ ਵਰਦੀ ਸਮੇਤ ਨਹਾਉਂਦਾ ਹੈ?

ਖਾਲਸਾ ਸ਼ਬਦ ਔਰਤ ਤੇ ਮਰਦ ਦੋਹਾਂ ਲਈ ਸਾਂਝਾ ਹੈ ਔਰਤ ਲਈ ਕਿਤੇ ਖਾਲਸੀ ਸ਼ਬਦ ਨਹੀਂ ਵਰਤਿਆ ਗਿਆ ਫਿਰ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਖਾਲਸਾ ਔਰਤ ਕਿਉਂ ਨਹੀਂ ਲੈ ਸਕਦੀ ਅਤੇ ਪੰਜਾਂ ਪਿਆਰਿਆਂ ਦੀ ਸੇਵਾ ਖਾਲਸਾ ਔਰਤ ਕਿਉਂ ਨਹੀਂ ਕਰ ਸਕਦੀ? ਔਰਤ ਮਾਂ ਹੈ ਜਿਸ ਨੇ ਬੱਚੇ ਨੂੰ ਜਨਮ ਦਿੱਤਾ ਹੈ ਉਹ ਨੀਵੀਂ ਕਿਵੇਂ ਹੋ ਗਈ? ਸੰਪਰਦਾਈ ਤੇ ਡੇਰੇਦਾਰ ਔਰਤ ਨੂੰ ਗਲੀਚ ਕਹਿੰਦੇ ਹਨ ਕਿ ਉਸ ਨੂੰ ਮਾਂਹਵਾਰੀ ਆਉਂਦੀ ਹੈ ਪਰ ਜਰਾ ਸੋਚੋ ਆਦਮੀ ਦੇ ਮਨ ਵਿੱਚ ਵੀ ਤਾਂ ਬੁਰੇ ਵਿਚਾਰ ਆਉਂਦੇ ਹੀ ਰਹਿੰਦੇ ਹਨ ਫਿਰ ਆਦਮੀ ਕਿਵੇਂ ਪਵਿਤਰ ਰਹਿ ਗਿਆ ਤੇ ਔਰਤ ਮਲੀਨ ਹੋ ਗਈ? ਜਦ ਕਿ ਮਹਾਂਵਾਰੀ ਕੁਦਰਤੀ ਕਿਰਿਆ ਹੈ। ਸੋ ਜੋ ਪ੍ਰਾਣੀ ਅਜਿਹੇ ਭਰਮਾਂ ਤੋਂ ਉਪਰ ਉੱਠਦਾ ਹੈ, ਪ੍ਰੇਮਾ ਭਗਤੀ ਕਰਦਾ ਹੈ ਉਹ ਖਾਲਸਾ ਹੈ ਅਤੇ ਜੋ ਪੰਜ ਕਕਾਰ ਧਾਰਣ ਕਰਕੇ ਖੰਡੇ ਦੀ ਪਾਹੁਲ ਪੰਜਾਂ ਸਿੰਘਾਂ ਤੋਂ ਗੁਰਬਾਣੀ ਦੇ ਨਾਮ ਅੰਮ੍ਰਿਤ ਰਾਹੀਂ ਲੈਂਦਾ ਹੈ ਉਹ ਫੌਜੀ ਖਾਲਸਾ ਹੈ ਪਰ ਅੱਜ ਦਾ ਫੌਜੀ ਖਾਲਸਾ ਸ਼ਸਤਰ ਵਿਦਿਆ ਤੋਂ ਵਿਹੂਣਾ ਹੈ ਕਿਉਂਕਿ ਉਹ ਸ਼ਸ਼ਤਰਾਂ ਦੀ ਸਜੋਗ ਵਰਤੋਂ ਕਰਨ ਦੀ ਥਾਂ ਪੂਜਾ ਕਰਨ ਲੱਗ ਪਿਆ ਹੈ। ਖ਼ਾਲਸੇ ਨੂੰ ਸਮੇਂ ਅਨੁਸਾਰ ਨਵੀਨ ਸ਼ਸ਼ਤਰਾਂ ਨੂੰ ਵੀ ਸਿੱਖਣਾ ਚਾਹੀਦਾ ਹੈ ਨਾਂ ਕਿ ਇਕੱਲੇ ਕ੍ਰਿਪਾਨ ਪਹਿਨਣ ਕੇ ਹੀ ਸ਼ਸ਼ਤ੍ਰਧਾਰੀ ਹੋਣ ਦਾ ਭਰਮ ਪਾਲਣਾ ਚਾਹੀਦਾ ਹੈ।

ਅੰਮ੍ਰਿਤ ਦੀ ਵਿਆਖਿਆ- ਅੰਮ੍ਰਿਤ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਪ੍ਰਕਰਣ ਅਨੁਸਾਰ ਵੱਖ-ਵੱਖ ਅਰਥ ਹਨ ਪਰ ਮੇਨ ਅਰਥ ਪ੍ਰਮੇਸ਼ਰ ਦਾ ਨਾਮ ਹੀ ਹੈ ਜਿਵੇਂ-ਅੰਮ੍ਰਿਤ ਨਾਮੁ ਪ੍ਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥ (616) ਅੰਮ੍ਰਿਤ ਬਾਣੀ ਅਮਿਉ ਰਸੁ, ਅੰਮ੍ਰਿਤੁ ਹਰਿ ਕਾ ਨਾਉ॥ ਮਨਿ ਤਨਿ ਹਿਰਦੈ ਸਿਮਰਿ ਹਰਿ, ਆਠ ਪਹਰ ਗੁਣ ਗਾਉ॥ (963) ਅੰਮ੍ਰਿਤ ਹਰਿ ਕਾ ਨਾਮੁ ਹੈ ਮੇਰੀ ਜਿੰਦੜੀਏ, ਅੰਮ੍ਰਿਤ ਗੁਰਮਤਿ ਪਾਇ ਰਾਮ॥ (538) ਅੰਮ੍ਰਿਤੁ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ॥ (318) ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥ ਨਾਨਕ ਅੰਮ੍ਰਿਤ ਨਾਮ ਸਦਾ ਸੁਖ ਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥ (118). . ਸਚਾ ਅੰਮ੍ਰਿਤੁ ਨਾਮੁ ਭੋਜਨੁ ਆਇਆ. .॥ (150) ਹੋਰ ਪਦਾਰਥਾਂ ਨੂੰ ਵੀ ਅੰਮ੍ਰਿਤ ਕਿਹਾ ਗਿਆ ਹੈ ਜਿਵੇਂ-ਮੱਖਣ-ਰਸਨਾ ਨਾਮਿ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤੁ ਪਾਵਹੁ॥ (728) ਦੁੱਧ-ਸੋਇਨ ਕਟੋਰੀ ਅੰਮ੍ਰਿਤ ਭਰੀ॥ (1163) ਮਿਠਾਸ-ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ॥ (69) ਸੁਵਾਦਿਸ਼ਟ ਭੋਜਨ-ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ (269) ਅਮਰ-ਹਰਿ ਅੰਮ੍ਰਿਤ ਸਜਣ ਮੇਰਾ॥ (ਸੂਹੀ ਮਹਲਾ 5) ਪ੍ਰਮੇਸ਼ਰ ਤੇ ਪ੍ਰਮੇਸ਼ਰ ਦਾ ਨਾਮ ਅਮਰ ਹੈ ਜੋ ਇਸ ਨੂੰ ਜਪਦੇ ਤੇ ਧਾਰਦੇ ਹਨ ਉਹ ਵੀ ਅਮਰ ਹੋ ਜਾਂਦੇ ਹਨ ਪਰ ਇਹ ਪਦਵੀ ਗੱਲੀਂ ਬਾਤੀਂ ਨਹੀਂ ਪਾਈ ਜਾ ਸਕਦੀ ਜਿਵੇਂ-ਖਾਂਡ ਖਾਂਡ ਕਹੈ ਜਿਹਬਾ ਨਾ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ। ਸ਼ ਅੰਮ੍ਰਿਤ ਅੰਮ੍ਰਿਤ ਕਹੈ ਪਾਈਐ ਨਾ ਅਮਰ ਪਦ, ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨਾ ਚਾਖੀਐ (ਭਾ. ਗੁ.) ਅੰਮ੍ਰਿਤ ਕਿੱਥੇ ਹੈ ਅਤੇ ਕਿੱਥੋਂ ਮਿਲਦਾ ਹੈ? ਅੰਮ੍ਰਿਤ ਸਾਡੇ ਅੰਦਰ ਹੈ ਜਿਸ ਨੂੰ ਸ਼ਬਦ ਗੁਰੂ ਦੁਆਰਾ ਪਾਇਆ ਜਾ ਸਕਦਾ ਹੈ-ਸਬਦੁ ਗੁਰ ਪੀਰਾ ਗਹਿਰ ਗੰਭੀਰਾ॥ ਬਿਨਿ ਸਬਦੈ ਜਗੁ ਬਉਰਾਨੰ॥ (635) ਭੇਖ ਤੋਂ ਉੱਪਰ ਉੱਠ ਕੇ ਸ਼ੁਭ ਗੁਣ ਧਾਰਨ ਕਰਕੇ ਹੀ ਅੰਮ੍ਰਿਤ ਪੀਤਾ ਜਾ ਸਕਦਾ ਹੈ।

ਗੁਰਬਾਣੀ ਅਨੁਸਾਰ ਪ੍ਰਮੇਸ਼ਰ ਦਾ ਨਾਮ, ਚੰਗੇ ਗੁਣ, ਚੰਗਾ ਭੋਜਨ, ਸਫਲ ਸੇਵਾ ਅਤੇ ਰੱਬ ਦੀ ਸਿਫਤੋ ਸਲਾਹ ਹੀ ਅੰਮ੍ਰਿਤ ਹੈ, ਜੋ ਸਾਡੇ ਹਿਰਦੇ ਵਿੱਚ ਹੀ ਹੈ, ਜਿਸ ਦੀ ਪ੍ਰਾਪਤੀ ਗੁਰੂ ਗਿਆਨ ਦੁਆਰਾ ਹੁੰਦੀ ਹੈ ਪਰ ਅੱਜ ਅਸੀਂ ਮਨ ਮਰਜੀ ਦੇ ਅੰਮ੍ਰਿਤ ਪੀ ਰਹੇ ਹਾਂ ਜਿਵੇਂ ਚਰਨ ਅੰਮ੍ਰਿਤ-ਧਰਮ ਅਸਥਾਨਾਂ ਦੇ ਬਾਹਰ ਪੈਰ ਦੋਣ ਵਾਲੇ ਚੁਬੱਚੇ ਚੋਂ ਪੈਰਾਂ ਦੇ ਧੋਣ (ਗੰਦੇ ਪਾਣੀ) ਨੂੰ, ਕਿਸੇ ਘੜੇ ਜਾਂ ਸ਼ੀਸ਼ੀ ਬੋਤਲ ਵਿੱਚ ਪਾ ਰੱਖੇ ਪਾਣੀ ਨੂੰ ਅਤੇ ਸਰੋਵਰਾਂ ਦੇ ਪਾਣੀ ਨੂੰ ਅੰਮ੍ਰਿਤ ਸਮਝ ਪੀ ਰਹੇ ਹਾਂ। ਜੇ ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛਕਦੇ ਹਾਂ ਤਾਂ ਉਸ ਵਿੱਚ ਵੀ ਵੰਡੀਆਂ ਪਾਈ ਜਾ ਰਹੇ ਹਾਂ, ਜਿਵੇਂ ਕਿੱਥੋਂ ਅੰਮ੍ਰਿਤ ਛੱਕਿਆ ਹੈ? ਨਿਰੰਗਾਂ ਤੋਂ, ਭਿੰਡਰਾਂਵਾਲਿਆਂ ਤੋਂ, ਰਾੜੇਵਾਲਿਆਂ ਤੋਂ, ਪਹੇਵੇ ਵਾਲਿਆਂ ਤੋਂ, ਫਲਾਨੇ ਸੰਤਾਂ ਤੋਂ ਅਤੇ ਮਿਸ਼ਨਰੀ ਕਾਲਜ, ਸ਼੍ਰੋਮਣੀ ਕਮੇਟੀ ਤੋਂ ਆਦਿ। ਗੁਰੂ ਤੋਂ ਛੱਕਿਆ ਕੋਈ ਨਹੀਂ ਕਹਿੰਦਾ ਕਿਉਂ? ਫਿਰ ਸਭ ਮਰਯਾਦਾ ਵੀ ਵੱਖਰੀ-ਵੱਖਰੀ ਦ੍ਰਿੜ ਕਰਵਾਉਂਦੇ ਹਨ ਐਸਾ ਕਿਉਂ? ਕੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵੱਖਰੀ-ਵੱਖਰੀ ਮਰਯਾਦਾ ਦ੍ਰਿੜ ਕਰਵਾਈ ਸੀ? ਜਰਾ ਸੋਚੋ! ਜਦੋਂ ਖਾਲਸਾ ਪੰਥ ਇੱਕ ਹੈ ਫਿਰ ਖਾਲਸੇ ਪੰਥ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਦੀ ਹੈ। ਨੋਟ-ਕੇਵਲ ਸ਼੍ਰੋਮਣੀ ਕਮੇਟੀ ਅਤੇ ਸਿੱਖ ਮਿਸ਼ਨਰੀ ਕਾਲਜ ਹੀ ਸਿੱਖ ਰਹਿਤ ਮਰਯਾਦਾ ਦ੍ਰਿੜ ਕਰਵਾਉਂਦੇ ਹਨ। ਅੰਮ੍ਰਿਤ ਇੱਕ ਪ੍ਰਣ ਹੈ-ਸਿੱਖ ਗੁਰੂ ਅੱਗੇ ਪ੍ਰਣ ਕਰਦਾ ਹੈ ਕਿ ਉਹ ਕਿਰਤਮ ਦੀ ਥਾਂ ਅਕਾਲ ਦੀ ਪੂਜਾ ਕਰੇਗਾ, ਨਾਮ ਜਪੇਗਾ ਅਤੇ ਧਰਮ ਦੀ ਕਿਰਤ ਕਰਦਾ ਹੋਇਆ ਵੰਡ ਛਕੇਗਾ। ਮਨੁੱਖਤਾ ਦੀ ਸੇਵਾ ਕਰਦਾ ਹੋਇਆ ਪਰਉਪਕਾਰੀ ਜੀਵਨ ਜੀਵੇਗਾ। ਜਾਤਿ-ਪਾਤਿ ਨੂੰ ਨਹੀਂ ਮੰਨੇਗਾ। ਕਿਸੇ ਦੇਹਧਾਰੀ ਸਾਧ ਸੰਤ ਦੀ ਥਾਂ ਗੁਰੂ ਗ੍ਰੰਥ ਨੂੰ ਹੀ ਸੀਸ ਨਿਵਾਏਗਾ। ਬੁਰੇ ਕਰਮਾਂ ਦਾ ਤਿਆਗ ਕਰੇਗਾ। ਕੇਸਾਂ ਦੀ ਬੇਅਦਬੀ ਨਹੀਂ ਕਰੇਗਾ, ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਨਹੀਂ ਕਰੇਗਾ। ਜਗਤ ਜੂਠ ਤਮਾਕੂ ਨਹੀਂ ਪੀਵੇਗਾ, ਗੁਲਾਮੀ ਦੀ ਨਿਸ਼ਾਨੀ ਹਲਾਲ ਕੀਤਾ ਕੁੱਠਾ ਮਾਸ ਨਹੀਂ ਖਾਏਗਾ। ਸਰੀਰਕ ਸਫਾਈ ਨੂੰ ਮੁੱਖ ਰੱਖ ਨਿੱਤ ਇਸ਼ਨਾਨ ਕਰੇਗਾ ਪਰ ਬ੍ਰਾਹਮਣ ਵਾਲੀ ਸੁੱਚ ਭਿੱਟ ਨਹੀਂ ਰੱਖੇਗਾ। ਪੰਜ ਕਕਾਰੀ ਵਰਦੀ ਧਾਰਨ ਕਰਕੇ ਗੁਰਬਾਣੀ ਦਾ ਪਾਠ ਨਿਤਾ ਪ੍ਰਤੀ ਕਰੇ ਤੇ ਵਿਚਾਰੇਗਾ। ਸ਼ਸ਼ਤ੍ਰ ਵਿਦਿਆ ਦਾ ਅਭਿਆਸ ਜਾਰੀ ਰੱਖੇਗਾ ਅਤੇ ਮਜ਼ਲੂਮਾਂ ਦੀ ਰੱਖਿਆ ਕਰੇਗਾ। "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਮਹਾਂ ਵਾਕ ਅਨੁਸਾਰ ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਸਮਝੇਗਾ। ਗੁਰਬਾਣੀ ਨੂੰ ਮੂਰਤੀਆਂ ਦੀ ਤਰ੍ਹਾਂ ਧੂਫਾਂ ਧੁਖਾ ਅਤੇ ਜੋਤਾਂ ਬਾਲ ਕੇ ਨਹੀਂ ਪੂਜੇਗਾ ਸਗੋਂ ਗੁਰੂਆਂ ਭਗਤਾਂ ਦੇ ਰੱਬੀ ਗਿਆਨ ਨੂੰ ਵਿਚਾਰ ਨਾਲ ਸਮਝ ਕੇ ਸਮੁੱਚੇ ਸੰਸਾਰ ਵਿੱਚ ਵੰਡਦਾ ਹੋਇਆ ਆਪਣਾ ਅੰਮ੍ਰਿਤਧਾਰੀ ਜੀਵਨ ਸਫਲ ਕਰੇਗਾ।

ਸੋ ਖ਼ਾਲਸਾ ਜੀ! ਗੁਰੂ ਜੀ ਨੇ ਐਸਾ ਪਰਉਪਕਾਰੀ ਖਾਲਸਾ ਪੰਥ ਸਾਜਿਆ ਸੀ ਨਾਂ ਕਿ ਵੱਖ-ਵੱਖ ਸੰਪਰਦਾਵਾਂ ਜਾਂ ਡੇਰੇ ਪੈਦਾ ਕੀਤੇ ਸਨ। ਜਰਾ ਆਪਣੇ ਮਨਾਂ ਅੰਦਰ ਡੂੰਗੀ ਝਾਤ ਮਾਰ ਕੇ ਸੋਚੋ! ਫਿਰ ਇਹ ਡੇਰੇ ਤੇ ਸੰਪਰਦਾਵਾਂ ਦੀਆਂ ਵੰਡੀਆਂ ਸਾਡੇ ਵਿੱਚ ਕਿਵੇਂ ਪੈ ਗਈਆਂ? ਸਿੱਖ ਧਰਮ (ਖਾਲਸਾ ਧਰਮ) ਵਿਗਿਆਨਕ, ਅਧੁਨਿਕ ਤੇ ਸਾਰੇ ਸੰਸਾਰ ਦਾ ਧਰਮ ਹੈ ਜਿਸ ਨੂੰ ਸੰਸਾਰ ਦਾ ਕੋਈ ਵੀ ਮਾਨੁੱਖ ਧਾਰਨ ਕਰ ਸਕਦਾ ਹੈ। ਵੈਸਾਖੀ ਦੇ ਪੁਰਬ ਤੇ ਐਸੇ ਉਪਰਾਲੇ ਕਿਉਂ ਨਹੀਂ ਕੀਤੇ ਜਾ ਰਹੇ? ਦੇਖੋ ਈਸਾਈਆਂ ਨੇ ਦੁਨੀਆਂ ਦੀ ਹਰੇਕ ਭਾਸ਼ਾ ਵਿੱਚ ਪਵਿਤਰ ਬਾਈਬਲ ਦਾ ਗਿਆਨ ਵੰਡ ਦਿੱਤਾ ਹੈ। ਕੈਸੀ ਭਾਵਨਾ ਹੈ ਉਨ੍ਹਾਂ ਵਿੱਚ ਪਰ ਅਸੀਂ ਪੰਜਾਬੀ ਅਤੇ ਵਰਲਡ ਭਾਸ਼ਾ ਅੰਗ੍ਰੇਜ਼ੀ ਵਿੱਚ ਵੀ ਐਸਾ ਨਹੀਂ ਕਰ ਸੱਕੇ। ਜਰਾਂ ਧਿਆਨ ਦਿਉ! ਗੁਰੂ ਗ੍ਰੰਥ ਸਹਿਬ ਵਿੱਚ ਐਸੀ ਭਾਵਨਾ ਪਹਿਲਾਂ ਹੀ ਦਰਸਾਈ ਗਈ ਹੈ ਕਿ ਅਨੇਕਾਂ ਬੋਲੀਆਂ ਗੁਰਬਾਣੀ ਵਿੱਚ ਵਰਤੀਆਂ ਗਈਆਂ ਹਨ ਜੋ ਸਰਬਸਾਂਝੀਵਾਲਤਾ ਦਾ ਪ੍ਰਤੀਕ ਹਨ। ਸਾਨੂੰ ਗੁਰਬਾਣੀ ਤੋਂ ਸੇਧ ਲੈ ਕੇ ਚੱਲਣਾ ਚਾਹੀਦਾ ਹੈ ਨਾਂ ਕਿ ਕਿਸੇ ਸਾਧ-ਸੰਤ, ਸੰਪਰਦਾ ਜਾਂ ਸੰਸਥਾ ਆਦਿਕ ਤੋਂ। ਗੁਰੂ ਜੀ ਸਦਾ ਲਈ ਸਾਨੂੰ ਗੁਰੂ ਗ੍ਰੰਥ ਦੇ ਲੜ ਲਾ ਗਏ ਤੇ ਅੱਜ ਵੀ ਸਾਨੂੰ ਲੱਗੇ ਰਹਿੰਣਾ ਚਾਹੀਦਾ ਹੈ। ਇਹ ਹੀ ਵੈਸਾਖੀ, ਅੰਮ੍ਰਿਤ, ਖਾਲਸਾ ਸਾਜਨ ਦਿਵਸ ਦਾ ਅਸਲੀ ਸੰਦੇਸ਼ ਵਿਲੱਖਣਤਾ ਅਤੇ ਮਹਾਂਨਤਾ ਹੈ।

# Happy Sikh Heritage Month

# ਸਿੱਖ ਵਿਰਾਸਤ ਮਹੀਨੇ ਅਤੇ ਵਿਸਾਖੀ
# ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

# JMG CARRIER LTD.
SURREY, B.C.

## ਵੈਨਕੂਵਰ ਤੋਂ ਕੈਲੇਫੋਰਨੀਆਂ ਰੂਟ ਲਈ
## Drivers ਅਤੇ Owner-Operators ਦੀ ਜ਼ਰੂਰਤ ਹੈ।




- ਵਧੀਆ ਤਨਖਾਹ ਦਿੱਤੀ ਜਾਵੇਗੀ। - ਤਜ਼ਰਬੇ ਵਾਲੇ ਅਤੇ ਨਵੇਂ ਡਰਾਈਵਰ ਵੀ ਸੰਪਰਕ ਕਰ ਸਕਦੇ ਹਨ।
- Auto Trucks Available ਹਨ। - ਕਾਬਲ ਡਰਾਈਵਰ ਨੂੰ Owner-Operator ਬਣਨ ਵਿੱਚ ਮਦਦ ਕੀਤੀ ਜਾਵੇਗੀ।

## FOR OWNER OPERATORS

ਵਧੀਆ ਰੇਟ, ਡੀਜ਼ਲ ਤੇ ਵੀ ਵਧੀਆ Discount Available ਹਨ।

ਟਰੱਕ ਦਾ ਲਾਈਸੈਂਸ ਕੈਨੇਡੀਅਨ ਹੋਵੇ ਅਤੇ ਅਮਰੀਕਾ ਦਾ ਵੀਜ਼ਾ ਹੋਵੇ।

ਸਾਨੂੰ ਆਪਣੇ ਟਰੱਕ ਰਿਪੇਅਰ ਸ਼ਾਪ ਲਈ ਮਕੈਨਿਕ ਚਾਹੀਦੇ ਹਨ ਜਿਨ੍ਹਾਂ ਲਈ LMIA ਵੀ ਉਪਲੱਬਧ ਹੈ।

ਸਾਨੂੰ ਵੈਨਕੂਵਰ ਤੋਂ ਕੈਲੇਫੋਰਨੀਆ ਲਈ ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ।

## JAGMINDER, MALWINDER, GAGAN

## 604-210-1036, 604-245-2176, 604-598-3999

FAX YOUR RESUME AT 604-599-7020

Email: dispatch@jmgcarrierltd.com Website : www.jmgcarrier.com


Liberal
ਕੈਨੇਡਾ ਸਟਰੌਂਗ
CANADA STRONG
ਮਾਰਕ ਕਾਰਨੀ ਟੈਕਸ ਘਟਾਉਣਗੇ, ਇਕੋਨੋਮੀ ਮਜ਼ਬੂਤ ਕਰਨਗੇ, ਅਤੇ ਕਰਾਈਮ ਨੂੰ ਨੱਥ ਪਾਉਣਗੇ
Mark Carney will cut taxes, build a stronger economy and cut down on crime
ਵੋਟ ਲਿਬਰਲ • VOTE LIBERAL
Authorized by the registered agent for the Liberal Party of Canada.



# ਕੌਮ ਦੇ ਹੀਰੇ ਮਹਾਨ ਬੁਧੀਜੀਵੀ
# ਗਿਆਨੀ ਦਿੱਤ ਸਿੰਘ ਜੀ

**ਲੇਖਕ : ਮੇਜਰ ਸਿੰਘ 'ਬੁਢਲਾਡਾ'**

ਸਿੱਖ ਕੌਮ ਦੇ ਹੀਰੇ ਗਿਆਨੀ ਦਿੱਤ ਸਿੰਘ ਜੀ ਨੂੰ ਪ੍ਰੋਫੈਸਰ ਤੇ ਭਾਈ ਦਿੱਤ ਸਿੰਘ ਜੀ ਕਰਕੇ ਵੀ ਜਾਣਿਆ ਜਾਂਦਾ ਹੈ। ਮਹਾਨ ਬੁਧੀਜੀਵੀ ਗਿਆਨੀ ਦਿੱਤ ਸਿੰਘ ਜੀ ਨੂੰ ਵਿਸ਼ਵ ਭਰ ਵਿਚ ਪੰਜਾਬੀ ਦੇ ਪਹਿਲੇ ਪ੍ਰੋਫ਼ੈਸਰ ਹੋਣ ਦਾ ਮਾਣ ਹੈ ਅਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਵੀ ਕਿਹਾ ਜਾਂਦਾ ਹੈ। ਸ੍ਰ.ਪ੍ਰੀਤਮ ਸਿੰਘ ਐੱਮ.ਏ.ਮੋਹਾਲੀ ਦੀ ਖੋਜ ਮੁਤਾਬਕ ਗਿਆਨੀ ਜੀ ਨੇ 72 ਕਿਤਾਬਾਂ ਲਿਖੀਆਂ ਹਨ ਅਤੇ ਇਹਨਾਂ ਸਾਰੀਆਂ ਕਿਤਾਬਾਂ ਦੇ ਨਾਮ ਵੀ ਦਿੱਤੇ ਹਨ, ਜਿਹਨਾਂ ਵਿੱਚੋਂ - ਮੇਰਾ ਤੇ ਸਵਾਮੀ ਦਇਆ ਨੰਦ ਦਾ ਸੰਵਾਦ, ਗੁੱਗਾ ਗਪੌੜਾ, ਸੁਲਤਾਨ ਪੁਆੜਾ, ਨਕਲੀ ਸਿਖ ਪ੍ਰਬੋਧ, ਸਵਪਨ ਨਾਟਕ, ਦੁਰਗਾ ਪ੍ਰਬੋਧ, ਦਲੇਰ ਸਿੰਘ, ਡਰਪੋਕ ਸਿੰਘ, ਅਬਲਾ ਨਾਰੀ, ਆਦਿ ਕਾਫੀ ਕਿਤਾਬਾਂ ਚਰਚਾ ਵਿੱਚ ਹਨ।

72 ਕਿਤਾਬਾਂ, ਸਿੱਖ ਕੌਮ ਅਤੇ ਪੰਜਾਬੀ ਸਹਿਤ ਦੀ ਝੋਲੀ ਵਿੱਚ ਪਾਉਣੀਆਂ, ਕੋਈ ਛੋਟੀ-ਮੋਟੀ ਗੱਲ ਨਹੀਂ,ਇਹ ਉਸ ਸਮੇਂ ਦਾ ਰਿਕਾਰਡ, ਉਸ ਇਨਸਾਨ ਨੇ ਬਣਾਇਆ ਹੈ, ਜਿਹਨਾਂ ਪ੍ਰਤੀ ਬਹੁਤਿਆਂ ਦਾ ਅੱਜ ਵੀ ਖਿਆਲ ਇਹਨਾਂ ਅਖੋਤੀ ਅਛੂਤ ਜਾਤੀਆਂ ਲਈ ਗਲਤ ਬਣਿਆ ਹੋਇਆ ਹੈ, ਜੋ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ।

ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ 1850 ਨੂੰ ਪਿੰਡ ਨੰਦਪੁਰ ਕਲੌੜ ( ਫਤਿਹਗੜ੍ਹ ਸਾਹਿਬ ) ਵਿਖੇ ਅਖੌਤੀ ਨੀਵੀਂ ਸਮਝੀ ਜਾਂਦੀ ਰਵਿਦਾਸੀਆ ਜਾਤੀ ਵਿਚ ਮਾਤਾ ਰਾਮ ਕੌਰ ਦੀ ਕੁੱਖੋਂ ਪਿਤਾ ਸੰਤ ਦਿਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਗਿਆਨੀ ਦਿੱਤ ਸਿੰਘ ਦਾ ਵਿਆਹ ਜੂਨ 1872 ਵਿਚ 'ਗੁਲਾਬਦਾਸੀਏ' ਮੱਤ ਦੇ ਪ੍ਰਚਾਰਕ ਭਾਗ ਸਿੰਘ ਦੀ ਪੁੱਤਰੀ ਜੋ ਕਿ ਬਹੁਤ ਹੀ ਸੁਝਵਾਨ ਸੀ, ਬੀਬੀ ਬਿਸਨ ਕੌਰ ਨਾਲ ਹੋਇਆ, ਜਿਸ ਦੀ ਕੁੱਖੋਂ ਕੋਈ ਦਸ ਸਾਲ ਪਿੱਛੋਂ ਪੁੱਤਰ ਬਲਦੇਵ ਸਿੰਘ 'ਤੇ ਪੁੱਤਰੀ ਵਿਦਿਆਵੰਤ ਕੌਰ ਨੇ ਜਨਮ ਲਿਆ। (ਪੁੱਤਰੀ ਵਿਦਿਆਵੰਤ ਕੌਰ ਦੀ 1901 ਵਿੱਚ ਅਕਾਲ ਚਲਾਣਾ ਕਰ ਗਈ ਸੀ ਅਤੇ ਪੁੱਤਰ ਬਲਦੇਵ ਸਿੰਘ ਦੀ ਉਲਾਦ ਵਿੱਚੋਂ ਇਹਨਾਂ ਇਕ ਪੁੱਤਰੀ ਬੀਬੀ ਊਸ਼ਾ ਰਾਣੀ ਲਖਨਪਾਲ ਪਤਨੀ ਪ੍ਰੋ. ਐੱਸ ਕੇ.'ਲਖਨਪਾਲ' "ਪੋਤਰੀ, ਗਿਆਨੀ ਦਿੱਤ ਸਿੰਘ ਜੀ" ਅੱਜ-ਕੱਲ ਸਸਕਾਤੂਨ (ਕਨੇਡਾ) ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। (ਪ੍ਰਿੰ.ਨਸੀਬ ਸਿੰਘ 1918)

ਗਿਆਨੀ ਦਿੱਤ ਸਿੰਘ ਜੀ 8/9 ਸਾਲਾਂ ਦੀ ਉਮਰ ਆਪਣੇ ਪਿਤਾ ਪਾਸੋਂ ਪੰਜ ਗ੍ਰੰਥੀ ਤੋਂ ਬਾਅਦ ਦਸ ਗ੍ਰੰਥੀ ਦੀ ਸੰਥਿਆ ਵੀ ਲੈ ਚੁੱਕਿਆ ਸੀ ਅਤੇ ਘਰ ਆਏ ਸਾਧੂ-ਸੰਤਾਂ ਨਾਲ ਵਿਚਾਰ-ਚਰਚਾ ਵੀ ਕਰਨ ਲਗ ਪਏ ਸੀ।, ਗਿਆਨੀ ਦਿੱਤ ਸਿੰਘ ਜੀ ਆਪ ਲਿਖਦੇ ਨੇ-" ਜਨਮ ਲਿਆ ਮੈਂ ਸੰਤ ਘਰ ਜੋ ਕਰਦੇ ਉਪਦੇਸ਼।ਜਿਸ ਮੈਂ ਬਾਲਕ ਉਮਰ ਮਹਿਂ ਮੈਂ ਭੀ ਹਰੇ ਕਲੇਸ਼। ਜਿਸ ਕਰਕੇ ਇਹਨਾਂ ਦੇ ਪਿਤਾ ਨੇ ਘਰੋ ਇਹ ਕਹਿਕੇ ਤੋਰ ਦਿਤਾ, " ਜਾਓ, ਮੇਰੇ ਪਿੱਛੇ ਕਿਉਂ ਫਿਰਦਾ ਹੈ, ਤੂੰ ਵੀ ਬ੍ਰਹਮਤੇ ਮੈਂ ਵੀ ਬ੍ਰਹਮਹਾਂ, ਬ੍ਰਹਮੰਡ ਤੇਰਾ ਹੀ ਹੈ, ਜਾਕੇ ਸੰਭਾਲ।" ਇਸ ਲਈ ਗਿਆਨੀ ਦਿੱਤ ਸਿੰਘ ਜੀ ਤੁਰਦੇ-ਫਿਰਦੇ ਆਪਣੇ ਪਿਤਾ ਦੇ ਗੁਰਭਾਈ ਭਾਗ ਸਿੰਘ ਬਡਾਲਾ ਕੋਲ (ਖਰੜ) ਪਹੁੰਚ ਗਏ। ਇਥੇ ਕੁਝ ਚਿਰ ਠਹਿਰਣ ਤੋਂ ਬਾਅਦ ਭਾਗ ਸਿੰਘ ਜੀ ਨੇ, ਗਿਆਨੀ ਦਿੱਤ ਸਿੰਘ ਜੀ ਨੂੰ ਪਿੰਡ ਤਿਉੜ (ਜਿਲ੍ਹਾ ਅੰਬਾਲਾ) ਦੇ 'ਗੁਲਾਬਦਾਸੀਏ' ਮੱਤ ਦੇ ਡੇਰੇ, ਸੰਤ ਕੌਲ ਦਾਸ ਕੋਲ ਪੜਨ-ਲਿਖਣ ਲਈ ਛੱਡ ਦਿੱਤਾ ਗਿਆ।

19 ਕੁ ਸਾਲ ਦੀ ਉਮਰ ਵਿੱਚ ਭਾਈ ਦਿੱਤ ਸਿੰਘ ਜੀ, ਵੱਖ-ਵੱਖ ਨਿਰਮਲੇ ਸਾਧੂ-ਸੰਤਾਂ ਕੋਲੋ ਅਤੇ ਹੋਰਨਾਂ ਪਾਸੋਂ ਗੁਰਮੁਖੀ, ਉਰਦੂ, ਬ੍ਰਿਜ, ਫਾਰਸੀ, ਸੰਸਕ੍ਰਿਤ, ਆਦਿ ਭਾਸ਼ਾਵਾਂ ਦੇ ਗਿਆਨ ਤੋਂ ਇਲਾਵਾ ਪਿੰਗਲ, ਵਿਆਕਰਣ, ਵੇਦਾਂਤ, ਸਮੇਤ ਕਈ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਭਾਈ ਦਿੱਤ ਸਿੰਘ ਜੀ ਹਰ ਤਰਾਂ ਦੀਆਂ ਬਹਿਸਾਂ ਵਿਚ ਖੁੱਲਕੇ ਹਿੱਸਾ ਲੈਣ ਲੱਗ ਪਏ ਸਨ, ਜਿਸ ਕਰਕੇ ਡੇਰੇ ਵਿੱਚ ਆਉਂਦੇ/ਜਾਂਦੇ ਸਾਧਾਂ ਸੰਤਾਂ ਰਾਹੀਂ ਦੂਰ ਦੂਰ ਤੱਕ ਵੱਡੇ ਵਿਦਵਾਨਾਂ ਤੱਕ ਆਪ ਜੀ ਦੇ ਨਾਮ ਦੀ ਚਰਚਾ ਹੋਣ ਲੱਗ ਪਈ, ਕਿਉਂਕਿ ਉਸ ਵਕਤ 'ਗੁਲਾਬਦਾਸੀਏ' ਡੇਰੇ, ਵਿਚਾਰ ਚਰਚਾ ਦੇ ਕੇਂਦਰ ਬਣੇ ਹੋਏ ਸਨ। ਗਿਆਨੀ ਦਿੱਤ ਸਿੰਘ ਜੀ ਦੀ ਵਿਦਵਤਾ ਅਤੇ ਖੂਬ ਚਰਚਾ ਨੂੰ ਵੇਖਦੇ ਹੋਏ 'ਗੁਲਾਬਦਾਸੀਏ' ਸੰਤਾਂ ਨੇ ਆਪਣੇ ਪ੍ਰਚਾਰ ਲਈ ਗਿਆਨੀ ਦਿੱਤ ਸਿੰਘ ਜੀ ਨੂੰ 'ਗੁਲਾਬਦਾਸੀਆਂ' ਦੇ ਪ੍ਰਸਿੱਧ ਡੇਰੇ "ਚੱਠਿਆਂ ਵਾਲੇ" ਲਾਹੌਰ ਵਿਖੇ ਭੇਜ ਦਿੱਤਾ, ਜਿੱਥੇ ਲੋਕਾਂ ਵਿੱਚ ਆਪਣੇ ਪ੍ਰਭਾਵਸ਼ਾਲੀ ਵਿਚਾਰ (ਲੈਕਚਰ) ਦੇਣੇ ਸ਼ੁਰੂ ਕਰ ਦਿੱਤੇ ਅਤੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ। ਇਥੇ ਰਹਿੰਦਿਆਂ ਹੀ ਇਹਨਾਂ ਦਾ ਮੇਲ "'ਕੰਵਰ ਬਿਕ੍ਰਮ ਸਿੰਘ'(ਕਪੂਰਥਲਾ) ਦੀ ਨਿਗਰਾਨੀ ਵਿੱਚ ਵੱਡੇ ਹੋਏ ਅਤੇ ਪੜੇ -ਲਿਖੇ" ਸਿੱਖ ਸਿਧਾਂਤਾਂ ਵਿੱਚ ਰੰਗੇ ਹੋਏ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਨਾਲ ਹੋਇਆ, ਜੋ ਬਹੁਤ ਹੀ ਸੂਝਵਾਨ ਵਿਦਵਾਨ ਸਨ। ਜਿਹਨਾਂ ਨੇ ਭਾਈ ਦਿੱਤ ਸਿੰਘ ਜੀ ਦੀ ਲਿਆਕਤ ਨੂੰ ਵੇਖਦੇ ਹੋਏ ਭਾਈ ਦਿੱਤ ਸਿੰਘ ਜੀ ਨੂੰ 'ਗਿਆਨੀ' ਦੀ ਪ੍ਰੀਖਿਆ ਪਾਸ ਕਰਨ ਲਈ ਜੋਰ ਦਿੱਤਾ ਅਤੇ ਆਪਣੇ ਕੋਲ ਹੀ ਰਹਿਣ ਦਾ ਪ੍ਰਬੰਧ ਕੀਤਾ। ਪ੍ਰੋਫੈਸਰ ਗੁਰਮੁਖ ਸਿੰਘ ਦੇ ਕੋਲ ਰਹਿੰਦਿਆਂ ਭਾਈ ਦਿੱਤ ਸਿੰਘ ਤੇ ਸਿੱਖੀ ਦੇ ਪ੍ਰਚਾਰ ਦਾ ਗੂੜਾ ਅਸਰ ਹੋ ਗਿਆ ਸੀ ਅਤੇ ਬਾਅਦ ਵਿਚ ਅਮ੍ਰਿਤਧਾਰੀ ਵੀ ਬਣ ਗਏ ਸਨ। ਗਿਆਨੀ ਵਿੱਚੋਂ ਫਸਟ ਆਉਣ ਤੇ, ਕਾਲਜ ਪ੍ਰਿੰਸੀਪਲ ਵਲੋਂ ਉਸ ਟਾਇਮ ਵਿੱਚ ਵਧੀਆ 'ਘੜੀ' ਦਾ ਗਿਫਟ ਵੀ ਪ੍ਰਾਪਤ ਕੀਤਾ। ਦਿੱਤ ਸਿੰਘ ਜੀ ਤੋਂ ਪ੍ਰਭਾਵਤ ਕਾਲਜ ਦੇ ਪ੍ਰਿੰਸੀਪਲ ਨੇ ਕਾਲਜ ਦੇ ਸਟਾਫ ਵਿੱਚ ਭਰਤੀ ਕਰ ਲਿਆ, ਭਾਈ ਦਿੱਤ ਸਿੰਘ ਜੀ ਇਸੇ ਕਾਲਜ ਵਿੱਚ ਪੜਾਉਣ ਲੱਗ ਪਏ, ਪੜਾਉਣ ਦੇ ਵਧੀਆ ਢੰਗ ਨੂੰ ਵੇਖਦੇ ਹੋਏ, ਇਸੇ ਕਾਲਜ ਵਿੱਚ ਧਾਰਮਿਕ ਪ੍ਰੋਫੈਸਰ ਦੀ ਪੱਕੀ ਪਦਵੀ ਦਿੱਤੀ ਗਈ, ਜਿੱਥੇ 1877 ਤੋਂ 1885 ਤੱਕ ਪੜਾਉਂਦੇ ਰਹੇ ਅਤੇ ਗਿਆਨੀ ਦਿੱਤ ਸਿੰਘ ਜੀ ਨੂੰ ਹੁਣ ਤੱਕ ਗੁਰਮੁਖੀ, ਉਰਦੂ, ਹਿੰਦੀ, ਫਾਰਸੀ, ਬ੍ਰਿਜ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਸਾਵਾਂ ਦਾ ਵੀ ਕਾਫੀ ਗਿਆਨ ਹੋ ਚੁੱਕਾ ਸੀ । ਹੈਰਾਨੀ ਜਨਕ ਗੱਲ ਇਹ ਹੈ ਕਿ, ਇਕ ਅਛੂਤ ਸਮਝੀ ਜਾਣ ਵਾਲੀ ਅਖੌਤੀ ਨੀਵੀਂ ਜਾਤੀ ਵਿੱਚ ਜਨਮ ਲੈਕੇ ਭਾਈ ਦਿੱਤ ਸਿੰਘ ਜੀ ਨੇ ਇਸ ਤਰਾਂ ਦੀ ਯੋਗਤਾ ਗਿਆਨ ਹਾਸਲ ਕਰਕੇ ਵੱਡੇ-ਵੱਡੇ ਪੰਡਤਾਂ ਦੇ ਮੂੰਹ ਵਿਚ ਉਂਗਲਾਂ ਪਵਾ ਦਿੱਤੀਆਂ ਸਨ ਅਤੇ ਇਕ ਵੱਡੀ ਕਰਾਮਾਤ ਕਰ ਦਿੱਤੀ ਸੀ। ਖੋਜ ਬਿਰਤੀ ਅਤੇ ਤੇਜ ਬੁੱਧੀ ਦੇ ਮਾਲਕ ਨੇ ਉਦੋਂ ਤਾਂ ਹੱਦ ਹੀ ਕਰ ਦਿੱਤੀ ਜਦ ਆਰੀਆ ਸਮਾਜੀ ਸਵਾਮੀ ਦਯਾਨੰਦ ਨੂੰ ਆਪ ਜੀ ਨੇ

1'ਜਗਤ ਦਾ ਕਰਤਾ ਕੌਣ ਹੈ?' 2'ਵੇਦਾਂ ਦਾ ਕਰਤਾ ਈਸ਼ਵਰ ਨਹੀਂ' 3'ਮੁਕਤੀ ਦਾ ਸਰੂਪ ਕਿਆ ਹੈ', ਵਿਸ਼ੇ 'ਤੇ ਅਪ੍ਰੈਲ ਤੇ ਜੂਨ 1877 ਵਿਚ ਤਿੰਨ ਵਾਰ ਜਬਰਦਸਤ ਬਹਿਸ ਹੋਈ ਅਤੇ ਤਿੰਨਾਂ ਵਿੱਚੋਂ ਸਵਾਮੀ ਦਯਾਨੰਦ ਨੂੰ ਹਰਾਕੇ ਜਿੱਤ ਪ੍ਰਾਪਤ ਕੀਤੀ ਅਤੇ ਸਵਾਮੀ ਦਯਾਨੰਦ ਦੀ ਵਿਦਵਾਨੀ ਦਾ ਹੰਕਾਰ ਤੋੜ ਦਿੱਤਾ। ਇਹਨਾਂ ਜਿੱਤਾਂ ਨਾਲ ਗਿਆਨੀ ਦਿੱਤ ਸਿੰਘ ਜੀ ਦੀਆਂ ਹਰ ਪਾਸੇ ਧੁੰਮਾਂ ਪੈ ਗਈਆਂ।

ਇਥੇ ਮਾਣ ਨਾਲ ਕਿਹਾ ਜਾ ਸਕਦਾ, ਚੌਧਵੀਂ ਸਦੀ ਅੰਦਰ ਗੁਰੂ ਰਵਿਦਾਸ ਜੀ ਨੇ ਰਾਜੇ ਦੀ ਕਚਿਹਰੀ ਵਿੱਚ ਹੰਕਾਰੀ ਵਿਦਵਾਨ ਪੰਡਤਾਂ ਦਾ ਹੰਕਾਰ ਤੋੜਿਆ ਸੀ, ਹੁਣ ਫਿਰ ਉਸੇ ਦੀ ਫੁੱਲਵਾੜੀ ਦੇ ਬੂਟੇ ਗਿਆਨੀ ਦਿੱਤ ਸਿੰਘ ਜੀ ਨੇ ਇਕ ਆਰੀਆਂ ਸਮਾਜੀ ਵਿਦਵਾਨ ਦਾ ਹੰਕਾਰ ਚਕਨਾਚੂਰ ਕਰ ਦਿੱਤਾ,ਇਹ ਇਕ ਬਹੁਤ ਵੱਡੀ ਗੱਲ ਸੀ।

ਉਧਰ ਇਹਨਾਂ ਦਿਨਾਂ ਵਿੱਚ ਹੀ 'ਗੁਲਾਬਦਾਸੀਏ', ਸਵਾਮੀ ਦਇਆ ਨੰਦ ਦਾ ਪ੍ਰਭਾਵ ਕਬੂਲਕੇ ਆਰੀਆ ਸਮਾਜੀ ਬਣ ਗਏ ਸਨ, ਜਿਸ ਕਰਕੇ ਭਾਈ ਦਿੱਤ ਸਿੰਘ ਜੀ ਨੇ ਇਹਨਾਂ 'ਗੁਲਾਬਦਾਸੀਆਂ' ਦਾ ਖਹਿੜਾ ਛੱਡ ਦਿੱਤਾ ਸੀ।

ਦੂਜੇ ਪਾਸੇ ਇਸ ਸਮੇਂ ਅੰਦਰ ਸਿੱਖੀ ਦੀ ਬਹੁਤ ਬੁਰੀ ਹਾਲਤ ਹੋ ਰਹੀ ਸੀ, ਦਰਬਾਰ ਸਾਹਿਬ ਵਿਖੇ ਮੂਰਤੀ ਪੂਜਾ ਕੀਤੀ ਜਾ ਰਹੀ ਸੀ ਅਤੇ ਹਿੰਦੂ ਸ਼ਾਸਤਰਾਂ ਵਿਚੋਂ ਕਥਾ ਕੀਤੀ ਤੇ ਸੁਣਾਈ ਜਾ ਰਹੀ ਸੀ, ਸਰੋਵਰ ਦੇ ਦੁਆਲੇ ਕਈ ਤਰਾਂ ਦੀ ਮਨਮੱਤ ਹੋ ਰਹੀ ਸੀ, ਹਰ ਤਰਾਂ ਦਾ ਕਰਮਕਾਂਡ ਇਥੇ ਹੋ ਰਿਹਾ ਸੀ, ਇਥੋ ਤੱਕ ਕਿ ਭੈੜੇ ਆਚਰਣ ਵਾਲੇ ਮਰਦ ਔਰਤਾਂ ਦਾ ਬੋਲਬਾਲਾ ਵੀ ਹੋ ਗਿਆ ਸੀ, ਜਾਤ-ਪਾਤ ਦੇ ਅਧਾਰ 'ਤੇ ਲੋਕਾਂ ਨਾਲ ਭੈੜਾ ਸਲੂਕ ਕੀਤਾ ਜਾ ਰਿਹਾ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਾਰੇ ਇਤਿਹਾਸਕ ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜਾ ਸੀ। ਗੁਰੂਆਂ ਦੇ ਬੰਸ ਵਿਚੋਂ ਹੋਣ ਕਰਕੇ, ਬੇਦੀ, ਸੋਢੀ, ਭੱਲੇ ਆਦਿ, ਲੋਕਾਂ ਵਿਚ ਸ੍ਰੇਸ਼ਟ ਬਣੇ ਹੋਏ ਸਨ, ਤੇ ਲੋਕਾਂ ਕੋਲੋਂ ਆਪਣੀ ਪੂਜਾ ਕਰਵਾਉਂਦੇ ਸਨ। ਉੱਪਰ ਗਾਤਰਾ, ਹੇਠ ਦੀ ਜਨਾਊ ਪਾਕੇ ਰੱਖਣ ਵਾਲੇ ਬਾਬਾ ਖੇਮ ਸਿੰਘ ਬੇਦੀ ਨੂੰ ਅੰਗਰੇਜ਼ਾਂ ਦੀ ਪੂਰੀ ਸ਼ਹਿ ਸੀ। ਅੰਗਰੇਜ਼ ਸਰਕਾਰ ਨੇ ਉਸ ਨੂੰ ਕਾਫੀ ਖਿਤਾਬ ਦਿੱਤੇ ਹੋਏ ਸੀ। ਗੁਰੂ ਨਾਨਕ ਦੀ ਤੇਰਵੀਂ ਬੰਸ ਵਿੱਚੋਂ ਬਾਬਾ ਖੇਮ ਸਿੰਘ ਬੇਦੀ, ਲੱਗਭਗ 2700 ਏਕੜ ਜਮੀਨ ਦਾ ਮਾਲਕ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਅਖਵਾ ਰਿਹਾ ਸੀ, ਉਹ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬਹਿੰਦਾ ਸੀ, ਸਾਰੀਆਂ ਰਹੁ-ਰੀਤਾ, ਬ੍ਰਾਹਮਣ ਵਿਧੀ ਅਨੁਸਾਰ ਹੁੰਦੀਆਂ ਸਨ। ਸਾਰੇ ਗੁਰਦੁਆਰਿਆਂ ਵਿੱਚ ਬ੍ਰਾਹਮਣਵਾਦ ਮੁਤਾਵਕ ਕਰਮਕਾਂਡ ਜੋਰਾਂ ਤੇ ਕੀਤੇ ਜਾ ਰਹੇ ਸਨ।

ਗੁਰੂ ਸਹਿਬਾਨਾਂ ਦੀ ਸੋਚ ਦੇ ਉਲਟ ਹੋ ਰਹੇ ਗਲਤ ਕੰਮਾਂ ਨੂੰ ਰੋਕਣ ਤੇ ਖਤਮ ਕਰਨ ਲਈ ਬਣਾਈ ਗਈ 'ਸਿੰਘ ਸਭਾ ਅੰਮ੍ਰਿਤਸਰ' ਵੀ ਦੋ ਫਾੜ ਹੋ ਗਈ ਸੀ, ਜਿਸ ਤੋਂ ਬਾਅਦ, ਪ੍ਰੋ ਗੁਰਮੁਖ ਸਿੰਘ, ਭਾਈ ਦਿੱਤ ਸਿੰਘ ਜੀ ਆਦਿ ਦੀ ਅਗਵਾਈ ਵਿੱਚ ਕੰਵਰ ਬਿਕ੍ਰਮ ਸਿੰਘ ਦੇ ਸਹਿਯੋਗ ਨਾਲ 'ਸਿੰਘ ਸਭਾ ਲਾਹੌਰ' ਦੀ ਸਥਾਪਨਾ ਕੀਤੀ ਗਈ, ਜਿਸ ਦੀਆਂ ਬਹੁਤ ਸਾਰੀਆਂ ਹੋਰ ਸਖਾਵਾਂ ਹੋਂਦ ਵਿੱਚ ਆਈਆਂ। ਇਸ ਸਭਾ ਦੇ ਜੋਰਦਾਰ ਪ੍ਰਚਾਰ ਲਈ ਜੂਨ 1886 ਵਿਚ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ਤੇ 'ਖਾਲਸਾ ਅਖਵਾਰ ਚਾਲੂ ਕੀਤਾ ਗਿਆ, ਜਿਸ ਦਾ ਸੰਪਾਦਕ ਗਿਆਨੀ ਦਿੱਤ ਸਿੰਘ ਜੀ ਬਣਾਇਆ ਗਿਆ । ਇਸ ਅਖ਼ਬਾਰ ਦੇ ਲੇਖਾਂ ਅਤੇ ਹੋਰ ਭਰਭੂਰ ਜਾਣਕਾਰੀ ਨੇ ਜਿੱਥੇ ਸੁੱਤੀ ਪਈ ਅਤੇ ਕੁਰਾਹੇ ਪਈ ਕੌਮ ਨੂੰ ਝੰਜੋੜਕੇ ਰੱਖ ਦਿੱਤਾ, ਉਥੇ ਗੁਰੂ ਘਰਾਂ ਤੇ ਕਾਬਜ ਮਹੰਤਾਂ ਪਖੰਡੀਆਂ ਨੂੰ ਵੀ ਭਾਜੜਾਂ ਪੈ ਗਈਆਂ। ਇਕ ਸਮੇਂ ਤਾਂ ਗਿਆਨੀ ਦਿੱਤ ਸਿੰਘ ਜੀ ਨੇ ਬਾਬਾ ਖੇਮ ਸਿੰਘ ਹੇਠੋਂ 'ਗਦੈਲਾ' (ਗੱਦੀ) ਖਿੱਚਕੇ ਬਾਹਰ ਸੁੱਟ ਦਿਤਾ/ਦਿੱਤੀ ਸੀ। ਇਸ ਸਮੇਂ 'ਸਿੰਘ ਸਭਾ ਅੰਮ੍ਰਿਤਸਰ' ਵਾਲਿਆਂ ਨੂੰ 'ਗਦੈਲਾ' ਪਾਰਟੀ' ਕਿਹਾ ਜਾਣ ਲੱਗ ਪਿਆ ਸੀ।

ਜਿਸ ਕਰਕੇ ਅਖੌਤੀ ਬਾਬਾ ਖੇਮ ਸਿੰਘ ਬੇਦੀ ਅਤੇ ਇਹਨਾਂ ਦੇ ਸਾਥੀਆਂ ਨੇ ਭਾਈ ਦਿੱਤ ਸਿੰਘ ਜੀ ਨੂੰ ਚੁਮਾਰ ਅਤੇ ਪ੍ਰੋ. ਗੁਰਮੁਖ ਸਿੰਘ ਲਾਂਗਰੀ ਦਾ ਪੁੱਤ ਕਹਿਕੇ ਜਲੀਲ ਵੀ ਕੀਤਾ ਜਾਣ ਲੱਗ ਪਿਆ ਤੇ ਨੀਵੀਂ ਜਾਤ ਦਾ ਮੁੱਦਾ ਉਛਾਲਕੇ, ਜਾਤੀ ਤੌਰ ਤੇ ਅਪਮਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਇਹਨਾਂ ਤੇ ਗੁਰਦੁਆਰਿਆਂ ਅੰਦਰ ਪ੍ਰਚਾਰ ਕਰਨ ਉਤੇ ਪਾਬੰਦੀ ਲਾ ਦਿੱਤੀ।

ਪਰ 'ਸਿੰਘ ਸਭਾ ਲਾਹੌਰ' ਦੀ ਚੜ੍ਹਤ ਹੀ ਐਨੀ ਸੀ, ਇਹਨਾਂ ਪਖੰਡੀ ਬਾਬਿਆਂ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਆਖਰ ਖੇਮ ਸਿੰਘ ਬੇਦੀ ਨੇ ਮਾਰਚ 1887 ਨੂੰ, ਪ੍ਰੋ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਕਰਵਾ ਦਿੱਤਾ। ਇਸ ਫੈਸਲੇ ਦਾ ਗਿਆਨੀ ਦਿੱਤ ਸਿੰਘ ਜੀ ਨੇ ਜੋਰਦਾਰ ਵਿਰੋਧ ਕੀਤਾ ਅਤੇ ਇਹਨਾਂ ਪੁਜਾਰੀਆਂ ਦੇ ਗੁੰਡਿਆਂ ਦੀ ਕੋਈ ਪ੍ਰਵਾਹ ਨਾ ਕਰਦਿਆਂ 'ਸਵਪਨ ਨਾਟਕ' ਲਿਖਕੇ ਪਿੰਡਾਂ ਵਿੱਚ ਸਟੇਜਾਂ ਲਾਕੇ, ਇਹਨਾਂ ਦੀ ਖੂਬ ਮਿੱਟੀ ਪਲੀਤ ਕੀਤੀ, ਅਤੇ ਹੁਕਮਨਾਮੇ ਅਤੇ ਪਖੰਡੀਆਂ ਦੀਆਂ ਦੀਆਂ ਧੱਜੀਆਂ ਉਡਾ ਦਿੱਤੀਆਂ। ਗਿਆਨੀ ਦਿੱਤ ਸਿੰਘ ਦੇ ਇਸ ਪ੍ਰਚਾਰ ਤੋਂ ਬੁਖਲਾਹਟ ਵਿੱਚ ਆਏ ਇਹਨਾਂ ਪੁਜਾਰੀਆਂ ਨੇ 'ਉਦੇ ਸਿੰਘ ਬੇਦੀ' ਰਾਹੀਂ ਅਖਵਾਰ ਅਤੇ ਗਿਆਨੀ ਦਿੱਤ ਸਿੰਘ ਤੇ ਅਦਾਲਤ ਵਿਚ ਮੁਕੱਦਮਾ ਦਰਜ ਕਰਵਾ ਦਿੱਤਾ ਗਿਆ। ਲੰਮੇ ਸਮੇਂ ਬਾਅਦ ਗਿਆਨੀ ਦਿੱਤ ਸਿੰਘ ਜੀ ਦੇ ਖਿਲਾਫ ਫੇਸਲਾ ਸੁਣਾਇਆ ਗਿਆ ਅਤੇ ਗਿਆਨੀ ਜੀ ਨੂੰ 51 ਨੂੰ ਰੁਪੈ ਜੁਰਮਾਨਾ ਕੀਤਾ ਗਿਆ, ਜੋ ਕਿ ਉਪਰਲੀ ਅਦਾਲਤ ਵਿਚ ਕੀਤੀ ਗਈ ਅਪੀਲ ਕਰਕੇ ਸਾਰੇ ਦੋਸ਼ਾਂ ਤੋਂ ਬਰੀ ਹੋ ਗਿਆ। ਇਸ ਮੁਕੱਦਮੇ ਵਿੱਚ ਆਰਥਿਕ ਪੱਖੋ ਸਥਿਤੀ ਕਾਫੀ ਡਾਵਾਂ- ਡੋਲ ਹੋ ਗਈ, ਜੋ ਕਾਫੀ ਮਿਹਨਤ ਤੋਂ ਬਾਅਦ ਫਿਰ ਸਥਿਤੀ ਠੀਕ ਹੋਈ।

20 ਫਰਵਰੀ 1890 ਵਿੱਚ ਫਿਰ ਸਭਾ ਦੀ ਮੀਟਿੰਗ ਹੋਈ, ਜਿਸ ਵਿਚ ਸਰਦਾਰਾਂ ਨੂੰ ਵੀ ਸੱਦਾ ਦੇਕੇ ਉਚੇਚੇ ਤੌਰ ਤੇ ਬੁਲਾਇਆ ਗਿਆ। ਇਸ ਇਕੱਤਰਤਾ ਵਿੱਚ ਸ੍ਰ.ਅਤਰ ਸਿੰਘ ਭਦੌੜ ਵਾਲਿਆਂ ਦੀ ਅਗਵਾਈ ਵਿੱਚ ਇਕ ਕਮੇਟੀ ਬਣਾਈ ਗਈ, ਜਿਸ ਵਿੱਚ 'ਖਾਲਸਾ ਕਾਲਜ ਨੂੰ ਸਿਰੇ ਲਾਉਣ ਦੀ ਡਿਊਟੀ ਲਾਈ ਗਈ। ਇਸ ਕਾਲਜ ਨੂੰ ਸਿਰੇ ਚਾੜਨ ਲਈ, ਕਈ ਮੁਸੀਬਤਾਂ ਪਾਰ ਕਰਦੇ ਹੋਏ ਆਖਿਰ 5 ਮਾਰਚ 1892 ਨੂੰ ਅੰਮ੍ਰਿਤਸਰ ਵਿਖੇ ਪੰਜਾਬ ਦੇ ਗਵਰਨਰ ਸਰ ਜੇਮਜ਼ ਬਰਾਡਵੁੱਡ ਲਾਇਲ ਨੇ ਨੀਂਹ ਪੱਥਰ ਰੱਖਕੇ ਸ਼ੁਰੂਆਤ ਕਰ ਦਿੱਤੀ ਗਈ, ਜੋ ਕਿ ਇਕ ਸਾਲ ਦੇ ਕਰੀਬ ਬਣਕੇ ਤਿਅਰ ਹੋ ਗਿਆ, ਜਿਸ ਨੂੰ 22 ਅਕਤੂਬਰ 1893 ਵਿੱਚ ਹਾਈ ਸਕੂਲ ਦੀ ਸ਼ਕਲ ਕਾਲਜ ਨੂੰ ਸ਼ੁਰੂ ਕੀਤਾ ਗਿਆ। ਗਿਆਨੀ ਦਿੱਤ ਸਿੰਘ ਜੀ ਦੇ ਪ੍ਰਚਾਰ ਤੋਂ ਕਈ ਸਰਦਾਰ ਵੀ ਬਹੁਤ ਪ੍ਰਭਾਵਤ ਸਨ, ਬਹੁਤ ਸਾਰੇ ਗੈਰ ਸਿੱਖ ਵੀ ਸਿੱਖ ਧਰਮ ਵਿੱਚ ਸਾਮਲ ਹੋਣੇ ਸ਼ੁਰੂ ਹੋ ਗਏ ਸਨ। ਜਦ ਇਹ ਪ੍ਰਚਾਰ ਜੋਰਾਂ ਤੇ ਚੱਲ ਰਿਹਾ ਸੀ ਤਾਂ, ਇਸੇ ਵਕਤ 1895 ਵਿੱਚ ਖਾਲਸਾ ਦਿਵਾਨ ਦੇ ਮੋਢੀਆਂ ਵਿੱਚੋਂ ਸ੍ਰ.ਅਤਰ ਸਿੰਘ ਜੀ ਭਦੌੜ ਵਾਲੇ ਅਤੇ ਇਹਨਾਂ ਤੋਂ ਬਾਅਦ ਭਾਈ ਦਿੱਤ ਸਿੰਘ ਦੀ ਸੱਜੀ ਬਾਂਹ ਪ੍ਰੋ. ਗੁਰਮੁਖ ਜੀ 1898 ਵਿੱਚ ਇਸ ਦੁਨੀਆਂ ਨੂੰ ਸਦਾ ਲਈ ਛੱਡਕੇ ਇਸ ਦੁਨੀਆਂ ਤੋਂ ਚਲੇ ਗਏ, ਜਿਹਨਾਂ ਦੇ ਜਾਣ ਨਾਲ ਭਾਈ ਦਿੱਤ ਸਿੰਘ ਅਤੇ ਕੌਮ ਨੂੰ ਪੂਰਾ ਨਾ ਹੋਣ ਵਾਲਾ ਘਾਟਾ ਪਿਆ। ਜਿਸ ਕਰਕੇ ਇਕ ਵਾਰ ਫੇਰ ਗਿਆਨੀ ਦਿੱਤ ਸਿੰਘ ਨੂੰ ਕਈ ਮੁਸ਼ਕਿਲਾਂ ਨੇ ਘੇਰ ਲਿਆ, ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਹੋਰਨਾਂ ਸਾਥੀਆਂ ਨਾਲ ਮਿਲਕੇ, ਸਿੱਖ ਕੌਮ ਦੀ ਚੜਦੀ ਕਲਾ ਲਈ ਆਪਣਾ ਸੰਘਰਸ਼ ਤੇ ਅਖਵਾਰ ਨੂੰ ਅਖ਼ਬਾਰ ਜਾਰੀ ਰੱਖਿਆ।

1900 ਵਿੱਚ ਆਪ ਜੀ ਦੀ ਸਿਹਤ ਢਿੱਲੀ ਰਹਿਣ ਲੱਗ ਪਈ, ਫਿਰ ਵੀ ਹਰ ਪ੍ਰੋਗਰਾਮ ਵਿਚ ਵਧ ਚੜਕੇ ਹਿੱਸਾ ਲੈਂਦੇ ਰਹੇ, ਕਦੇ ਠੀਕ ਹੋ ਜਾਂਦੇ ,ਕਿਤੇ ਬਿਮਾਰ ਹੋ ਜਾਂਦੇ ਸਨ। ਜੂਨ 1901 ਵਿੱਚ ਆਪ ਜੀ ਦੀ ਹੋਣਹਾਰ ਬਹੁਤ ਹੀ ਪਿਆਰੀ ਨੌਵੀਂ ਕਲਾਸ ਵਿਚ ਪੜ੍ਹਦੀ ਬੇਟੀ ਵਿੱਦਿਆਵੰਤ ਦੀ ਮੌਤ ਹੋ ਗਈ, ਜਿਸ ਨਾਲ ਗਿਆਨੀ ਜੀ ਨੂੰ ਬਹੁਤ ਗਹਿਰਾ ਸਦਮਾ ਲੱਗਿਆ, ਅੰਤ 6 ਸਤੰਬਰ 1901 ਨੂੰ ਕੋਈ 10/11 ਵਜੇ ਦੇ ਕਰੀਬ 51 ਸਾਲ ਦੀ ਉਮਰ ਵਿੱਚ ਗਿਆਨੀ ਦਿੱਤ ਸਿੰਘ ਜੀ ਸਦਾ ਵਾਸਤੇ ਇਸ ਦੁਨੀਆਂ ਤੋਂ ਉਥੇ ਚਲੇ ਗਏ, ਜਿੱਥੋ ਮੁੜਕੇ ਅੱਜ ਤੱਕ ਕੋਈ ਵਾਪਸ ਨਹੀਂ ਆਇਆ।

ਉਸ ਟਾਇਮ 'ਖਾਲਸਾ ਸਮਾਚਾਰ' ਦੇ ਸੰਪਾਦਕ ਭਾਈ ਵੀਰ ਸਿੰਘ ਨੇ ਲਿਖਿਆ ਸੀ - "ਕੌਮ ਲੁੱਟੀ ਗਈ, ਜੋ ਐਡੀਟਰੀ ਗਿਆਨੀ ਦਿੱਤ ਸਿੰਘ ਕਰ ਗਏ, ਉਹ ਨਾਲ ਹੀ ਲੈ ਗਏ।"

ਅਫਸੋਸ! ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਆਖਰੀ ਦਮ ਤੱਕ ਲੜਨ ਤੇ ਕੰਮ ਕਰਨ ਵਾਲਾ, ਸਿੱਖ ਕੌਮ ਦੀ 19 ਲੱਖ ਤੋਂ ਵੀ ਘੱਟ ਅਬਾਦੀ ਨੂੰ ਕਰੋੜਾਂ ਵਿੱਚ ਲਿਜਾਣ ਵਾਲਾ ਅਤੇ ਆਰੀਆਂ ਸਮਾਜੀ ਦਿਆ ਨੰਦ ਨੂੰ ਹਰਾਕੇ, ਸਿੱਖ ਕੌਮ ਦਾ ਨਾਮ ਰੋਸ਼ਨ ਵਾਲੇ ਭਲੇ ਵਿਦਵਾਨ ਇਨਸਾਨ ਦਾ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਦੇ ਜਥੇਦਾਰਾਂ ਨੇ ਗਿਆਨੀ ਦਿੱਤ ਸਿੰਘ ਜੀ ਦੀ ਕਦਰ ਇਸ ਕਰਕੇ ਨਹੀਂ ਪਾਈ ਨਹੀਂ ਲਗਦੀ, ਕਿਉਂਕਿ ਇਹ ਵਿਦਵਾਨ ਇਨਸਾਨ ਦਾ ਜਨਮ ਕਿਸੇ ਅਖੌਤੀ ਉੱਚ ਜਾਤੀ ਵਿੱਚ ਨਹੀਂ ਹੋਇਆ।

ਇਕ ਗਰੀਬ ਪਰਿਵਾਰ ਵਿੱਚ ਜਨਮ ਲੈਕੇ,
'ਦਿੱਤ ਸਿੰਘ' ਨੇ ਵੱਡੀਆਂ ਮੱਲਾਂ ਮਾਰੀਆਂ ਜੀ।
ਨੀਅਤ ਸਾਫ਼ ਨਹੀਂ ਹੈ ਕੌਮ ਦੇ ਆਗੂਆਂ ਦੀ,
ਮੇਜਰ ਤਾਂਹੀਓਂ ਸਭੇ ਗਈਆਂ ਵਿਸਾਰੀਆਂ ਜੀ।

ਦੂਜੇ ਪਾਸੇ ਗਿਆਨੀ ਦਿੱਤ ਸਿੰਘ ਜੀ ਤੋਂ ਹਾਰ ਖਾਣ ਵਾਲੇ 'ਸਵਾਮੀ ਦਿਆ ਨੰਦ' ਦੇ ਵਾਰਸਾ ਨੇ 'ਸਵਾਮੀ ਦਿਆ ਨੰਦ' ਦੇ ਨਾਮ ਤੇ ਪੂਰੇ ਦੇਸ਼ ਵਿੱਚ ਸਕੂਲਾਂ ਕਾਲਜਾਂ, ਹਸਪਤਾਲਾਂ ਦੀ ਹਨੇਰੀ ਲਿਆਕੇ ਨਾਮ ਰੌਸ਼ਨ ਕੀਤਾ ਹੋਇਆ ਹੈ।

# ਸਿੱਖੀ ਸਿਧਾਂਤਾਂ ਦੇ ਨਿਧੜਕ ਜਰਨੈਲ ਪ੍ਰੋ. ਗੁਰਮੁਖ ਸਿੰਘ

ਲੇਖਕ : ਡਾ. ਸੰਦੀਪ ਕੌਰ ਸੇਖੋਂ
ਸੰਪਰਕ: 70871-64303

ਪ੍ਰੋ. ਗੁਰਮੁਖ ਸਿੰਘ ਸਿੱਖ ਜਗਤ ਦੀਆਂ ਉਨ੍ਹਾਂ ਸ਼ਖ਼ਸੀਅਤਾਂ ਵਿਚੋਂ ਹਨ ਜਿਨ੍ਹਾਂ ਨੇ ਸਿੱਖ ਪੰਥ ਨੂੰ ਸਹੀ ਸੇਧ ਦੇਣ ਅਤੇ ਸਿੱਖੀ ਦੇ ਪ੍ਰਚਾਰ ਲਈ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦਾ ਜਨਮ ਅਪਰੈਲ 1849 ਨੂੰ ਕਪੂਰਥਲੇ ਬਸਾਵਾ ਸਿੰਘ ਦੇ ਘਰ ਹੋਇਆ। ਉਨ੍ਹਾਂ ਦਾ ਪਿੰਡ ਚੰਧੜ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਸੀ। ਬਸਾਵਾ ਸਿੰਘ ਕਪੂਰਥਲੇ ਵਿਚ ਮਹਾਰਾਜਾ ਬਿਕਰਮ ਸਿੰਘ ਦੇ ਲਾਂਗਰੀ ਸਨ। ਪ੍ਰੋ. ਗੁਰਮੁਖ ਸਿੰਘ ਨੇ ਮੁੱਢਲੀ ਸਿੱਖਿਆ ਕਪੂਰਥਲਾ ਦੇ ਸਰਕਾਰੀ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਫਿਰ ਗੌਰਮੈਂਟ ਕਾਲਜ ਲਾਹੌਰ ਵਿਚੋਂ ਬੀਏ ਕੀਤੀ। ਮਹਾਰਾਜਾ ਬਿਕਰਮ ਸਿੰਘ ਆਪ ਨੂੰ ਕਾਲਜ ਤੋਂ ਹੀ ਸਿੰਘ ਸਭਾ ਦੇ ਸਮਾਗਮਾਂ ਵਿਚ ਲੈ ਜਾਂਦੇ ਸਨ ਜਿਸ ਕਰਕੇ ਆਪ ਨੂੰ ਸਿੱਖੀ ਦੇ ਪ੍ਰਚਾਰ ਦੀ ਲਗਨ ਲੱਗੀ। ਉਹ ਕੇਵਲ ਨਾਂ ਤੋਂ ਹੀ ਗੁਰਮੁਖ ਨਹੀਂ ਸਨ, ਕਰਨੀ ਵਿਚ ਵੀ ਗੁਰਮੁਖ ਸਨ। ਉਨ੍ਹਾਂ ਆਪਣੀ ਜ਼ਿੰਦਗੀ ਵਿਚ ਸਿੱਖੀ ਸਿਧਾਂਤਾਂ ਉੱਤੇ ਡਟ ਕੇ ਪਹਿਰਾ ਦਿੱਤਾ ਅਤੇ ਮਨਮੁਖਾਂ ਨੂੰ ਕਰਾਰੀ ਹਾਰ ਦਿੱਤੀ।

ਪ੍ਰੋ. ਗੁਰਮੁਖ ਸਿੰਘ ਨੇ ਸਾਥੀਆਂ ਦੀ ਮਦਦ ਨਾਲ 1877 ਵਿਚ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਲਾਗੂ ਕਰਵਾਈ। ਉਹ ਓਰੀਐਂਟਲ ਕਾਲਜ ਲਾਹੌਰ ਵਿਚ ਪ੍ਰੋਫੈਸਰ ਲੱਗ ਗਏ। ਉਨ੍ਹਾਂ ਦੀ ਬਦਲੀ 1885 ਵਿਚ ਗੌਰਮੈਂਟ ਕਾਲਜ ਵਿਚ ਹੋ ਗਈ। ਉਸ ਸਮੇਂ ਆਪ ਵਰਗਾ ਵਿਦਵਾਨ ਮਿਲਣਾ ਮੁਸ਼ਕਿਲ ਸੀ, ਇਸ ਲਈ ਆਪ ਦੀ ਬਦਲੀ 1888 ਵਿਚ ਫਿਰ ਓਰੀਐਂਟਲ ਕਾਲਜ ਵਿਚ ਹੋ ਗਈ ਅਤੇ ਆਪ ਨੇ ਸਾਰੀ ਸੇਵਾ ਇੱਥੇ ਹੀ ਨਿਭਾਈ। ਉਨ੍ਹਾਂ ਦੀ ਪ੍ਰੇਰਨਾ ਸਦਕਾ ਗਿਆਨੀ ਦਿੱਤ ਸਿੰਘ ਨੇ ਇਸੇ ਕਾਲਜ ਵਿਚੋਂ ਗਿਆਨੀ ਪਾਸ ਕੀਤੀ ਅਤੇ ਫਿਰ ਇੱਥੇ ਹੀ ਧਰਮ ਦੇ ਪ੍ਰੋਫੈਸਰ ਲੱਗ ਗਏ। ਕੁਝ ਵਿਚਾਰਾਂ ਵਿਚ ਮਤਭੇਦ ਹੋਣ ਕਰਕੇ ਪ੍ਰੋ. ਗੁਰਮੁਖ ਸਿੰਘ ਨੇ 1879 ਵਿਚ 'ਸਿੰਘ ਸਭਾ ਅੰਮ੍ਰਿਤਸਰ' ਨਾਲੋਂ ਅਲੱਗ 'ਸਿੰਘ ਸਭਾ ਲਾਹੌਰ' ਬਣਾ ਲਈ। ਉਹ ਮਹਾਰਾਜਾ ਬਿਕਰਮ ਸਿੰਘ ਭਦੌੜ (ਪਟਿਆਲਾ) ਨੂੰ ਲੁਧਿਆਣੇ ਲੈ ਆਏ। ਅਤਰ ਸਿੰਘ ਜੀ ਦੀ ਸਰਕਾਰੇ-ਦਰਬਾਰੇ ਬਹੁਤ ਪਹੁੰਚ ਸੀ। ਸਿੱਖਾਂ ਵਿਚ ਵਿੱਦਿਅਕ ਘਾਟ ਨੂੰ ਦੇਖਦੇ ਹੋਏ ਪ੍ਰੋ. ਗੁਰਮੁਖ ਸਿੰਘ ਨੇ ਵਿੱਦਿਅਕ ਲਹਿਰ ਚਲਾਈ ਜਿਸ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਲਗਭਗ ਹਰ ਇਲਾਕੇ ਵਿਚ ਸਿੰਘ ਸਭਾ ਬਣ ਗਈ।

ਪ੍ਰੋ. ਗੁਰਮੁਖ ਸਿੰਘ ਨੇ 1880 ਵਿਚ ਸਹੀ ਅਰਥਾਂ ਵਿਚ ਪੰਜਾਬੀ ਦਾ ਪਹਿਲਾ ਅਖ਼ਬਾਰ 'ਗੁਰਮੁਖੀ ਅਖ਼ਬਾਰ' ਚਾਲੂ ਕੀਤਾ। ਉਨ੍ਹਾਂ ਨੇ 'ਸੁਧਾਰਕ' ਅਤੇ 'ਵਿਦਿਆਰਕ' ਨਾਂ ਦੇ ਦੋ ਪੱਤਰ ਕੱਢੇ। ਉਨ੍ਹਾਂ ਕੁਝ ਪੰਥ ਦਰਦੀਆਂ ਨਾਲ ਮਿਲ ਕੇ 1886 ਵਿਚ 'ਖਾਲਸਾ ਅਖ਼ਬਾਰ' ਚਾਲੂ ਕੀਤਾ। 'ਖਾਲਸਾ ਪ੍ਰੈੱਸ' ਵੀ ਚਲਾਈ। ਪ੍ਰੈੱਸ ਦੀ ਮਦਦ ਲਈ ਮਹਾਰਾਜਾ ਹੀਰਾ ਸਿੰਘ ਨਾਭਾ ਨੇ 700 ਰੁਪਏ



ਦਿੱਤੇ। 'ਖਾਲਸਾ ਅਖ਼ਬਾਰ' ਦੀ ਛਪਾਈ ਇਸੇ ਪ੍ਰੈੱਸ ਵਿਚ ਕੀਤੀ ਜਾਂਦੀ ਸੀ। ਉਸ ਸਮੇਂ ਸਿੱਖ ਧਰਮ ਵਿਚ ਕਈ ਕੁਰੀਤੀਆਂ ਆ ਗਈਆਂ ਸਨ। ਗੁਰੂ ਸਾਹਿਬਾਨ ਨੇ ਭਾਵੇਂ ਦੇਹਧਾਰੀ ਗੁਰੂ, ਮੂਰਤੀ ਪੂਜਾ ਅਤੇ ਜਾਤ-ਪਾਤ ਦਾ ਖੰਡਨ ਕਰਕੇ ਸ਼ਬਦਾਂ ਵਿਚ ਕੀਤਾ ਪਰ ਸਮਾਂ ਪਾ ਕੇ ਇਨ੍ਹਾਂ ਕੁਰੀਤੀਆਂ ਨੇ ਫਿਰ ਜ਼ੋਰ ਫੜ ਲਿਆ। ਬਾਬਾ ਖੇਮ ਸਿੰਘ ਬੇਦੀ ਵਰਗੇ ਧਾਰਮਿਕ ਆਗੂ ਸ੍ਰੀ ਗੁਰੂ ਗ੍ਰੰਥ ਸਾਹਿਬ (ਹਰਿਮੰਦਰ ਸਾਹਿਬ) ਦੀ ਹਜ਼ੂਰੀ ਵਿਚ ਗਦੈਲਾ ਲਾ ਕੇ ਬੈਠਦੇ ਸਨ ਅਤੇ ਸੰਗਤਾਂ ਤੋਂ ਮੱਥਾ ਟਿਕਾਉਂਦੇ ਸਨ। ਪ੍ਰੋ. ਗੁਰਮੁਖ ਸਿੰਘ ਨੇ ਇਸ ਨੂੰ ਗੁਰਮਿਤ ਦੇ ਉਲਟ ਦੱਸਦਿਆਂ ਇਸ ਦਾ ਵਿਰੋਧ ਕੀਤਾ। ਇਨ੍ਹਾਂ ਹੀ ਦਿਨਾਂ ਵਿਚ ਮਹਾਰਾਜਾ ਬਿਕਰਮ ਸਿੰਘ ਫਰੀਦਕੋਟ ਅਤੇ ਬਾਬਾ ਖੇਮ ਸਿੰਘ ਬੇਦੀ, ਬਦਨ ਸਿੰਘ ਤੋਂ ਗੁਰਬਾਣੀ ਦਾ ਟੀਕਾ ਕਰਵਾਉਣ ਲੱਗੇ। ਜਦੋਂ ਪ੍ਰੋ. ਗੁਰਮੁਖ ਸਿੰਘ ਨੇ ਦੇਖਿਆ ਕਿ ਗੁਰਬਾਣੀ ਦੇ ਅਰਥ ਸਹੀ ਢੰਗ ਨਾਲ ਨਹੀਂ ਕੀਤੇ ਜਾ ਰਹੇ ਤਾਂ ਉਨ੍ਹਾਂ ਨੇ ਸਾਫ਼ ਕਹਿ ਦਿੱਤਾ, "ਗਿਆਨੀ ਬਦਨ ਸਿੰਘ ਜੀ ਆਦਿ ਟੀਕਾਕਾਰ ਇੰਨੀ ਨਹੀਂ ਸਮਝ ਰੱਖਦੇ ਜੋ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹੀ-ਸਹੀ ਅਰਥ ਕਰ ਸਕਣ ਕਿਉਂਕਿ ਉਨ੍ਹਾਂ ਵਿਚ ਵਿੱਦਿਆ, ਬੁੱਧੀ ਅਤੇ ਗੁਰਮਿਤ ਫਿਲਾਸਫੀ ਦੇ ਡਾਢੇ ਘਾਟੇ ਹਨ ਜਿਸ ਕਰਕੇ ਟੀਕਾਕਰਨ ਦੇ ਕਦਾਚਿਤ ਯੋਗ ਨਹੀਂ ਹਨ।" ਇੰਨਾ ਸੁਣ ਕੇ ਗਿਆਨੀ ਬਦਨ ਸਿੰਘ ਨੇ ਬਾਬਾ ਖੇਮ ਸਿੰਘ ਬੇਦੀ ਕੋਲ ਸ਼ਿਕਾਇਤ ਕੀਤੀ।

ਉਹ ਪਹਿਲਾਂ ਹੀ ਪ੍ਰੋ. ਗੁਰਮੁਖ ਸਿੰਘ ਤੋਂ ਖਿਝੇ ਹੋਏ ਸਨ। ਮਹਾਰਾਜਾ ਬਿਕਰਮ ਸਿੰਘ ਦੇ ਹੁੰਦਿਆਂ ਉਹ ਪ੍ਰੋਫੈਸਰ ਖਿਲਾਫ਼ ਕੁਝ ਨਾ ਕਰ ਸਕੇ ਪਰ ਜਦੋਂ 1887 ਵਿਚ ਕੰਵਰ ਬਿਕਰਮ ਸਿੰਘ ਦੀ ਮੌਤ ਹੋ ਗਈ ਤਾਂ ਉਨ੍ਹਾਂ ਉੱਪਰ ਕਹਿਰਾਂ ਦੇ ਪਹਾੜ ਟੁੱਟ ਗਏ। ਬਾਬਾ ਖੇਮ ਸਿੰਘ ਬੇਦੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਬਹਾਨਾ ਲਗਾਇਆ ਕਿ ਪ੍ਰੋ. ਗੁਰਮੁਖ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਵਰਗੇ ਮਹਾਨ ਕੰਮ ਵਿਚ ਰੋੜਾ ਅਟਕਾਇਆ ਹੈ। ਇਸ ਲਈ ਇਸ ਨੂੰ ਸਿੱਖ ਪੰਥ ਵਿਚੋਂ ਛੇਕਿਆ ਜਾਂਦਾ ਹੈ। ਗਿਆਨੀ ਦਿੱਤ ਸਿੰਘ ਨੇ 'ਸੁਪਨ ਨਾਟਕ' ਲਿਖ ਕੇ ਬਾਬਾ ਖੇਮ ਸਿੰਘ ਬੇਦੀ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਹਰਕਤਾਂ ਨੂੰ ਜਨਤਾ ਸਾਹਮਣੇ ਲਿਆਂਦਾ। ਅਖ਼ੀਰ ਬਾਬਾ ਖੇਮ ਸਿੰਘ ਬੇਦੀ ਨੂੰ ਗਦੈਲਾ ਛੱਡਣਾ ਪਿਆ ਅਤੇ ਪ੍ਰੋ. ਗੁਰਮੁਖ ਸਿੰਘ ਦੀ ਜਿੱਤ ਹੋਈ।

ਪ੍ਰੋ. ਗੁਰਮੁਖ ਸਿੰਘ ਨੂੰ ਸਿੱਖਾਂ ਦੀ ਵਿੱਦਿਅਕ ਸੰਸਥਾ (ਕਾਲਜ) ਦੀ ਘਾਟ ਬਹੁਤ ਰੜਕਦੀ ਸੀ। ਇਸ ਲਈ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਰਲ ਕੇ ਸਿੱਖਾਂ ਦੀ ਵੱਡੀ ਵਿੱਦਿਅਕ ਸੰਸਥਾ ਖੋਲ੍ਹਣ ਦੀ ਯੋਜਨਾ ਬਣਾਈ। ਕਈ ਅਮੀਰਾਂ ਨੇ ਉਨ੍ਹਾਂ ਨੂੰ ਆਪਣੇ ਨਾਂ 'ਤੇ ਕਾਲਜ ਦਾ ਨਾਂ ਰੱਖਣ ਦੀ ਸ਼ਰਤ ਰੱਖ ਕੇ ਮਦਦ ਕਰਨ ਲਈ ਕਿਹਾ ਤਾਂ ਉਨ੍ਹਾਂ ਸਾਫ਼ ਮਨ੍ਹਾ ਕਰ ਦਿੱਤਾ; ਉਹ ਤਾਂ ਸਿੱਖਾਂ ਦੀ ਸਾਂਝੀ ਸੰਸਥਾ ਖੋਲ੍ਹਣੀ ਚਾਹੁੰਦੇ ਸਨ। ਅਖ਼ੀਰ 5 ਮਾਰਚ 1892 ਨੂੰ ਖਾਲਸਾ ਕਾਲਜ ਦੀ ਸਥਾਪਨਾ ਨਾਲ ਉਨ੍ਹਾਂ ਦਾ ਇਹ ਸੁਫ਼ਨਾ ਪੂਰਾ ਹੋਇਆ ਅਤੇ 22 ਅਗਸਤ 1893 ਨੂੰ ਸਕੂਲ ਦੀਆਂ ਕਲਾਸਾਂ ਆਰੰਭ ਹੋਈਆਂ। ਓਰੀਐਂਟਲ ਕਾਲਜ ਵਿਚ ਪੜ੍ਹਾਉਣ ਤੋਂ ਬਾਅਦ ਉਨ੍ਹਾਂ ਕੋਲ ਜਿੰਨਾ ਸਮਾਂ ਬਚਦਾ, ਉਹ ਪੰਥ ਦੇ ਕਾਰਜਾਂ ਵਿਚ ਬਿਤਾਉਂਦੇ। ਉਨ੍ਹਾਂ ਦੀ ਉਸ ਸਮੇਂ ਮਾਸਿਕ ਤਨਖਾਹ ਅੱਸੀ ਰੁਪਏ ਸੀ। ਘਰ ਵਿਚ ਆਰਥਿਕ ਮੰਦਹਾਲੀ ਸੀ। ਪ੍ਰੋ. ਗੁਰਮੁਖ ਸਿੰਘ ਕਦੇ ਵੀ ਟਿਕ ਕੇ ਘਰ ਨਹੀਂ ਬੈਠਦੇ ਸਨ। ਆਉਣ-ਜਾਣ ਦਾ ਖਰਚ ਆਪਣੀ ਤਨਖਾਹ ਵਿਚੋਂ ਹੀ ਕਰਦੇ ਸਨ। ਆਰਾਮ ਦੀ ਥੁੜ੍ਹ ਕਾਰਨ ਉਨ੍ਹਾਂ ਦੀ ਸਿਹਤ ਵਿਗੜਨ ਲੱਗੀ, ਅਖ਼ੀਰ ਉਹ 24 ਸਤੰਬਰ 1898 ਨੂੰ ਦਿਲ ਦੀ ਹਰਕਤ ਬੰਦ ਹੋਣ ਕਾਰਨ ਅਕਾਲ ਚਲਾਣਾ ਕਰ ਗਏ।

ਪ੍ਰੋ. ਗੁਰਮੁਖ ਸਿੰਘ ਬਾਰੇ ਗਿਆਨੀ ਦਿੱਤ ਸਿੰਘ ਨੇ 30 ਸਤੰਬਰ 1898 ਵਿਚ 'ਖਾਲਸਾ ਅਖ਼ਬਾਰ' ਵਿਚ ਲਿਖਿਆ: ਇਨ੍ਹਾਂ ਨੇ ਕਈ ਵਿਦਵਾਨ ਪੁਰਖਾਂ ਨੂੰ ਪ੍ਰੇਰਨਾ ਕੀਤੀ ਜੋ ਜਿਨ੍ਹਾਂ ਦੇ ਪ੍ਰੇਰਕ ਬਚਨਾਂ ਨਾਲ ਪਰੇਰੇ ਗਏ।" ਗਹੁ ਨਾਲ ਦੇਖੀਏ ਤਾਂ ਅੱਜ ਵੀ ਹਲਾਤ ਉਸ ਸਮੇਂ ਵਰਗੇ ਹੀ ਹਨ। ਅੱਜ ਵੀ ਕਈ ਦੇਹਧਾਰੀ ਗੁਰੂ ਬਣੇ ਬੈਠੇ ਹਨ ਜੋ ਸੰਗਤ ਤੋਂ ਮੱਥਾ ਟਿਕਾ ਰਹੇ ਹਨ ਪਰ ਅਫ਼ਸੋਸ! ਅੱਜ ਸ਼ਾਇਦ ਸਾਡੇ ਕੋਲ ਪ੍ਰੋ. ਗੁਰਮੁਖ ਸਿੰਘ ਵਰਗੇ ਨਿਧੜਕ ਆਗੂ ਨਹੀਂ ਹਨ ਜੋ ਇਨ੍ਹਾਂ ਕੁਰੀਤੀਆਂ ਵਿਰੁੱਧ ਅਵਾਜ਼ ਚੁੱਕ ਸਕਣ।

---

# ...ਨਾਨਕ ਕਿਛੁ ਸੁਣੀਐ ਕਿਛੁ ਕਹੀਐ

ਲੇਖਕ : ਸੰਜੀਵ ਕੁਮਾਰ ਸ਼ਰਮਾ, ਸੰਪਰਕ: 98147-11605

ਕੋਈ ਵੀ ਸਮਾਜ ਉਦੋਂ ਹੀ ਸਿਹਤਮੰਦ ਅਤੇ ਮਜ਼ਬੂਤ ਹੋ ਸਕਦਾ ਹੈ, ਜਦੋਂ ਉਸ ਅੰਦਰ ਵਸਦੇ ਲੋਕ, ਇੱਕ-ਦੂਜੇ ਦੀਆਂ ਭਾਵਨਾਵਾਂ ਦਾ ਧਿਆਨ ਰੱਖਦਿਆਂ, ਨਿਰਭੈ ਹੋ ਕੇ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਣ, ਆਪਣੇ ਹੰਕਾਰ ਨੂੰ ਪਰ੍ਹੇ ਰੱਖ ਕੇ ਇੱਕ-ਦੂਜੇ ਦੀ ਗੱਲ ਸੁਣਨ ਅਤੇ ਆਪਣੀ ਆਲੋਚਨਾ ਸਹਿਣ ਦੀ ਤਾਕਤ ਰੱਖਦੇ ਹੋਣ- ਭਾਵ, ਸੰਵਾਦ ਕਰ ਸਕਦੇ ਹੋਣ। ਸੰਵਾਦ ਇੱਕ ਬਿਹਤਰੀਨ ਅਤੇ ਉੱਨਤ ਸਮਾਜ ਦੀ ਸਿਰਜਣਾ ਕਰਕੇ ਲੋਕਾਂ ਲਈ ਉੱਜਲ ਭਵਿੱਖ ਦੀ ਸਥਾਪਨਾ ਵੀ ਕਰਦੀ ਹੈ।

ਸਮੱਸਿਆਵਾਂ ਉਦੋਂ ਸ਼ੁਰੂ ਹੁੰਦੀਆਂ ਹਨ ਜਦੋਂ ਅਸੀਂ ਸੰਵਾਦ ਦੀ ਥਾਂ ਵਿਵਾਦ ਦਾ ਰਾਹ ਚੁਣਦੇ ਹਾਂ, ਜਦੋਂ ਅਸੀਂ ਸਿਰਫ਼ ਆਪਣੀ ਗੱਲ ਕਹਿਣ ਵਿੱਚ ਹੀ ਯਕੀਨ ਰੱਖਣ ਲੱਗਦੇ ਹਾਂ ਅਤੇ ਦੂਜੇ ਦੀ ਗੱਲ ਨੂੰ ਤਵੱਜੋ ਨਾ ਦੇ ਕੇ ਅਣਗੌਲਿਆਂ ਕਰਦੇ ਹਾਂ। ਗੁਰਬਾਣੀ ਦੀ ਇਸ ਤੁਕ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਰਾਹੀਂ ਗੁਰੂ ਨਾਨਕ ਦੇਵ ਜੀ ਸੰਵਾਦ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਜਦ ਤੱਕ ਅਸੀਂ ਇਸ ਸੰਸਾਰ ਵਿੱਚ ਰਹਿੰਦੇ ਹਾਂ, ਸਾਨੂੰ ਨਾ ਸਿਰਫ਼ ਆਪਣੀ ਗੱਲ ਸੰਜਮ ਨਾਲ ਕਹਿਣੀ ਚਾਹੀਦੀ ਹੈ, ਬਲਕਿ ਦੂਜੇ ਦੀ ਗੱਲ ਧੀਰਜ ਨਾਲ ਸੁਣਨੀ ਵੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਸਿੱਖਿਆ ਸੁਣਨ ਨੂੰ ਵਧੇਰੇ ਮਹੱਤਵ ਦਿੰਦੀ ਹੈ ਕਿਉਂਕਿ ਸੁਣਨਾ ਹੀ ਕਿਸੇ ਸੰਵਾਦ ਦੀ ਮੁੱਢਲੀ ਨੀਂਹ ਹੈ। ਜਦੋਂ ਅਸੀਂ ਧਿਆਨ ਨਾਲ ਸੁਣਦੇ ਹਾਂ ਤਾਂ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝ ਅਤੇ ਆਪਣੀ ਗੱਲ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰ ਸਕਦੇ ਹਾਂ।

ਜਿਸ ਤਰ੍ਹਾਂ ਧੀਰਜ ਨਾਲ ਸੁਣਨਾ ਅਤੇ ਸੰਜਮ ਨਾਲ ਬੋਲਣਾ ਇੱਕ ਸੰਗਠਿਤ ਸਮਾਜ ਦੀ ਨੀਂਹ ਬਣਦੇ ਹਨ, ਉਸੇ ਤਰ੍ਹਾਂ ਇਹ ਗੁਣ ਸਰੀਰਕ ਤੰਦਰੁਸਤੀ ਦਾ ਵੀ ਆਧਾਰ ਬਣਦੇ ਹਨ। ਅੱਜ ਦੀ ਤੇਜ਼ ਰਫ਼ਤਾਰ, ਭੱਜ-ਦੌੜ, ਚਾਰੋਂ ਪਾਸਿਓਂ ਸ਼ੋਰ-ਸ਼ਰਾਬੇ, ਉਲਝਣਾਂ, ਮਾਨਸਿਕ ਤਣਾਅ ਅਤੇ ਰਿਸ਼ਤਿਆਂ ਦੀਆਂ ਗੁੰਝਲਾਂ ਨਾਲ ਘਿਰੀ ਹੋਈ ਜ਼ਿੰਦਗੀ ਵਿੱਚ ਅਸੀਂ ਸਭ ਤੋਂ ਮਹੱਤਵਪੂਰਨ ਸੰਚਾਰਕ, ਸਾਡੇ ਸਰੀਰ ਨਾਲ ਸੰਵਾਦ ਕਰਨਾ ਹੀ ਭੁੱਲ ਜਾਂਦੇ ਹਾਂ। ਸਾਡਾ ਸਰੀਰ, ਚੁੱਪ ਰਹਿ ਕੇ ਬੋਲਣ ਵਾਲਾ, ਇੱਕ ਸੰਚਾਰਕ ਹੈ। ਇਹ ਸ਼ਬਦਾਂ ਦੀ ਥਾਂ ਸੰਕੇਤਾਂ, ਸੰਵੇਦਨਾਵਾਂ ਅਤੇ ਭਾਵਨਾਵਾਂ ਜ਼ਰੀਏ ਸਾਨੂੰ ਦੱਸਦਾ ਹੈ ਕਿ ਉਸ ਨੂੰ ਸਾਡੀ ਲੋੜ ਹੈ। ਦਿਲ ਦੇ ਮਾਹਿਰ ਡਾਕਟਰ ਅਤੇ ਪਦਮ ਭੂਸ਼ਣ ਪੁਰਸਕਾਰ ਜੇਤੂ ਡਾਕਟਰ ਬੀ.ਐਮ. ਹੇਗੜੇ ਅਨੁਸਾਰ, "ਸਾਡੇ ਸਰੀਰ ਕੋਲ ਆਪਣੇ ਆਪ ਤੰਦਰੁਸਤ ਹੋਣ ਦੀ ਅਪਾਰ ਸ਼ਕਤੀ ਹੈ, ਇਸ ਨੂੰ ਸਿਰਫ਼ ਸਾਡੇ ਸਹਿਯੋਗ ਦੀ ਲੋੜ ਹੈ।" ਅਮਰੀਕੀ ਯੋਗ ਸਿੱਖਿਅਕ ਅਤੇ ਲੇਖਿਕਾ ਡੇਬੋਰਾ ਅਡੇਲ ਅਨੁਸਾਰ, "ਸਾਡਾ ਸਰੀਰ ਗਿਆਨ ਦਾ ਭੰਡਾਰ ਹੈ। ਲੋੜ ਇਸ ਦੇ ਸੰਕੇਤਾਂ ਨੂੰ ਧਿਆਨ ਨਾਲ ਸੁਣਨ, ਇਸ ਦਾ ਸਤਿਕਾਰ ਕਰਨ ਅਤੇ ਸੰਕੇਤਾਂ ਅਨੁਸਾਰ ਕਦਮ ਚੁੱਕਣ ਦੀ ਹੈ।"

ਸਰੀਰ ਨੂੰ ਸੁਣਨ ਤੋਂ ਭਾਵ ਇਸ ਵੱਲੋਂ ਮਿਲ ਰਹੇ ਅੰਦਰੂਨੀ ਸੰਕੇਤਾਂ ਵੱਲ ਧਿਆਨ ਦੇਣਾ ਅਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣਾ ਹੈ। ਅਫ਼ਸੋਸ, ਅਸੀਂ ਇਸ ਨੂੰ ਸਿਰਫ਼ ਇੱਕ ਮਸ਼ੀਨ ਸਮਝਿਆ ਹੋਇਆ ਹੈ- ਜਿਹੜੀ ਲਗਾਤਾਰ ਕੰਮ ਕਰੇ, ਨਵ-ਜੀਵਨ ਦੀ ਸਿਰਜਣਾ ਕਰੇ ਅਤੇ ਬਿਨਾਂ ਥੱਕੇ ਚਲਦੀ ਰਹੇ – ਜਦੋਂ ਤੱਕ ਇਹ ਥੱਕ ਕੇ ਸਦਾ ਲਈ ਸ਼ਾਂਤ ਨਾ ਹੋ ਜਾਵੇ। ਕਿੰਨਾ ਚੰਗਾ ਹੋਵੇ, ਜੇਕਰ ਅਸੀਂ ਰੁਕੀਏ, ਸੁਣੀਏ ਅਤੇ ਸਰੀਰ ਨੂੰ ਇੱਕ ਸਮਝਦਾਰ ਸਾਥੀ ਦੀ ਤਰ੍ਹਾਂ ਦੇਖਣਾ ਸ਼ੁਰੂ ਕਰੀਏ, ਜਿਹੜਾ ਲਗਾਤਾਰ ਸਾਡੇ ਨਾਲ ਸੰਵਾਦ ਕਰਦਾ ਹੈ, ਨਾ ਕਿ ਇੱਕ ਗੂੰਗੇ, ਗੁਲਾਮ ਵਾਂਗੂੰ। ਥੱਕੀਆਂ ਅੱਖਾਂ, ਭੁੱਖੇ ਢਿੱਡ, ਬਦਲੇ ਮੂਡ, ਜਕੜੇ ਮੋਢੇ, ਆਕੜੀ ਪਿੱਠ ਆਦਿ ਦੇ ਜ਼ਰੀਏ ਇਹ ਹੌਲੀ-ਹੌਲੀ ਘੁਸਰ-ਮੁਸਰ ਕਰਦਾ ਹੈ। ਇਹ ਆਪ ਹੀ ਦੱਸਦਾ ਹੈ, ਕਦੋਂ ਅਤਿ ਹੋ ਗਈ ਹੈ, ਕਦੋਂ ਕੋਈ ਕਮੀ ਰਹਿ ਗਈ ਹੈ ਅਤੇ ਕਦੋਂ ਸਭ ਕੁਝ ਠੀਕ-ਠਾਕ ਹੈ। ਪਰ ਅਸੀਂ ਇਸ ਨੂੰ ਅਣਡਿੱਠ ਕਰਨਾ ਹੀ ਸਿੱਖਿਆ ਹੈ ਤੇ ਇਸੇ ਲਈ ਆਰਾਮ ਕਰਨ ਦੀ ਥਾਂ ਚਾਹ-ਕੌਫ਼ੀ ਜਾਂ ਦਰਦ ਨਿਵਾਰਕ ਦਵਾਈਆਂ ਲੈਣ ਲੱਗਦੇ ਹਾਂ, ਤਣਾਅ ਦੀ ਸਥਿਤੀ ਵਿੱਚ ਮਨ ਨੂੰ ਸ਼ਾਂਤ ਕਰਨ ਦੀ ਥਾਂ ਆਪਣਾ ਧਿਆਨ ਭਟਕਾਉਣ ਲੱਗਦੇ ਹਾਂ, ਆਦਿ।

ਸਰੀਰ ਨੂੰ ਸੁਣਨ ਲਈ ਕਿਸੇ ਵੀ ਤਰ੍ਹਾਂ ਦੇ ਔਜ਼ਾਰਾਂ ਦੀ ਲੋੜ ਨਹੀਂ ਹੈ। ਲੋੜ ਸਿਰਫ਼ ਸ਼ਾਂਤੀ ਅਤੇ ਇਕਾਗਰਤਾ ਦੀ ਹੈ। ਜਦੋਂ ਅਸੀਂ ਸ਼ਾਂਤ ਮਨ ਨਾਲ ਮਹਿਸੂਸ ਕਰਦੇ ਹਾਂ – ਬਿਨਾਂ ਆਪਣੇ ਅੰਦਰਲੀ ਆਵਾਜ਼ ਨੂੰ ਦਬਾਇਆਂ – ਉਸ ਵੇਲੇ ਅਸੀਂ ਸੁਣਨਾ ਸ਼ੁਰੂ ਕਰ ਦਿੰਦੇ ਹਾਂ। ਸਿਰ ਦਰਦ, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਅਚਾਨਕ ਭੁੱਖ ਮਰ ਜਾਣਾ, ਆਦਿ – ਸਭ ਸਰੀਰ ਦੀਆਂ ਆਵਾਜ਼ਾਂ ਹਨ। ਇਹ ਅਕਾਰਨ ਹੋਈਆਂ ਬੇਤਰਤੀਬੀਆਂ ਦੀ ਥਾਂ ਅਜਿਹੇ ਸੰਕੇਤ ਹਨ ਜਿਹੜੇ ਸਾਨੂੰ ਧਿਆਨ ਦੇਣ ਲਈ ਕਹਿ ਰਹੇ ਹਨ। ਜੇਕਰ ਅਸੀਂ ਇਨ੍ਹਾਂ ਨੂੰ ਦਬਾਉਣ ਦੀ ਥਾਂ ਸਨੇਹ ਅਤੇ ਉਤਸੁਕਤਾ ਨਾਲ ਸੁਣਦੇ ਹਾਂ ਤਾਂ ਸਰੀਰ ਬਹੁਤ ਸਮਝਦਾਰੀ ਨਾਲ ਜਵਾਬ ਦਿੰਦਾ ਹੈ।

ਅਸੀਂ ਅਕਸਰ ਹੀ ਲਾਲਸਾ ਜਾਂ ਇੱਛਾ ਨੂੰ ਸਰੀਰਕ ਭੁੱਖ ਸਮਝ ਲੈਂਦੇ ਹਾਂ ਅਤੇ ਉਸ ਨੂੰ ਦਬਾਉਣ ਲਈ ਕਿਸੇ ਵੀ ਤਰ੍ਹਾਂ ਦਾ ਤਲਿਆ-ਭੁੰਨਿਆ, ਬੇਕਾਰ (ਜੰਕ) ਭੋਜਨ ਕਰ ਲੈਂਦੇ ਹਾਂ। ਅਸਲ ਭੁੱਖ ਹਮੇਸ਼ਾ ਹੌਲੀ-ਹੌਲੀ ਵਧਦੀ ਹੈ ਅਤੇ ਇਹ ਪੌਸ਼ਟਿਕ ਆਹਾਰ ਵੀ ਸਵੀਕਾਰ ਕਰਦੀ ਹੈ ਜਦੋਂਕਿ ਲਾਲਸਾ ਵਿਸ਼ੇਸ਼ ਚੀਜ਼ ਦੀ ਤਾਂਘ ਹੁੰਦੀ ਹੈ ਜਿਹੜੀ ਤਣਾਅ, ਦੁੱਖ ਜਾਂ ਬੋਰੀਅਤ ਆਦਿ ਭਾਵਨਾ-ਆਧਾਰਿਤ ਹੁੰਦੀ ਹੈ। ਇਸ ਲਈ ਖਾਣ ਤੋਂ ਪਹਿਲਾਂ ਰੁਕ ਕੇ ਆਪਣੇ ਆਪ ਨੂੰ ਜ਼ਰੂਰ ਪੁੱਛੋ ਕਿ ਇਹ ਮੇਰੇ ਸਰੀਰ ਦੀ ਲੋੜ ਹੈ ਜਾਂ ਮਨ ਦੀ ਲਾਲਸਾ? ਇਸੇ ਤਰ੍ਹਾਂ ਜੇਕਰ ਕਮਜ਼ੋਰੀ ਮਹਿਸੂਸ ਹੋ ਰਹੀ ਹੋਵੇ ਤਾਂ ਇਹ ਸਮਝਣ ਦੀ ਲੋੜ ਹੈ ਕਿ ਇਸ ਦਾ ਕਾਰਨ ਨੀਂਦ ਦੀ ਕਮੀ ਹੈ; ਪੌਸ਼ਟਿਕ ਭੋਜਨ ਜਾਂ ਪਾਣੀ ਦੀ ਘਾਟ ਹੈ; ਜਾਂ ਫਿਰ ਆਲਸ ਜਾਂ ਅਕਿਰਿਆਸ਼ੀਲਤਾ ਦਾ ਹੋਣਾ ਹੈ; ਅਤੇ ਉਸਦਾ ਹੱਲ ਕੱਢਿਆ ਜਾਵੇ।

ਜਿੰਨਾ ਮਹੱਤਵ ਸਰੀਰ ਦੀ ਆਵਾਜ਼ ਨੂੰ ਸੁਣਨ ਦਾ ਹੈ, ਓਨਾ ਹੀ ਮਹੱਤਵ ਸੂਝ-ਬੂਝ ਨਾਲ ਇਸ ਨੂੰ ਜਵਾਬ ਦੇਣ ਦਾ ਵੀ ਹੈ। ਭਾਵ, ਜਦੋਂ ਸਰੀਰ ਨੂੰ ਆਰਾਮ ਦੀ ਲੋੜ ਹੋਵੇ ਤਾਂ ਇਸ ਨੂੰ ਮੰਨ ਲੈਣਾ; ਭੁੱਖ ਲੱਗੀ ਹੋਵੇ ਤਾਂ ਪੌਸ਼ਟਿਕ ਆਹਾਰ ਗ੍ਰਹਿਣ ਕਰਨਾ; ਮਾਨਸਿਕ ਤਣਾਅ ਹੋਵੇ ਤਾਂ ਸ਼ਾਂਤੀ ਨਾਲ ਸਮੱਸਿਆ ਦਾ ਹੱਲ ਲੱਭਣਾ; ਆਲਸ ਆ ਰਿਹਾ ਹੋਵੇ ਤਾਂ ਲੋੜ ਅਨੁਸਾਰ ਸੈਰ, ਕਸਰਤ ਜਾਂ ਕੋਈ ਕਾਰਜ ਕਰਨਾ, ਆਦਿ ਇਸ ਨੂੰ ਜਵਾਬ ਦੇਣਾ ਜਾਂ ਬੋਲਣਾ ਕਹਾਉਂਦੇ ਹਨ। ਸਰੀਰ ਨਾਲ ਗੱਲਾਂ ਕਰਨ ਲਈ ਸ਼ਬਦਾਂ ਦੀ ਥਾਂ ਇਰਾਦੇ, ਧਿਆਨ ਅਤੇ ਸਨੇਹ ਦੀ ਲੋੜ ਹੁੰਦੀ ਹੈ।

ਇੱਥੇ ਇਹ ਗੱਲ ਬਹੁਤ ਧਿਆਨ ਦੇਣ ਯੋਗ ਹੈ ਕਿ ਸਰੀਰ ਦੇ ਕਹੇ ਅਨੁਸਾਰ ਚੱਲਣਾ ਜ਼ਰੂਰ ਹੈ, ਪਰ ਉਸ ਨੂੰ ਯਾਤਨਾ ਨਹੀਂ ਦੇਣੀ, ਸੰਤੁਲਨ ਬਣਾ ਕੇ ਰੱਖਣਾ ਹੈ। ਜੇਕਰ ਕਸਰਤ ਕਰਨੀ ਹੈ ਤਾਂ ਆਪਣੀ ਸਮਰੱਥਾ ਅਨੁਸਾਰ ਕਰਨੀ ਹੈ, ਸਰੀਰ 'ਤੇ ਅੱਤਿਆਚਾਰ ਨਹੀਂ ਕਰਨਾ। ਇਸੇ ਤਰ੍ਹਾਂ ਜੇਕਰ ਸੈਰ ਕਰਨੀ ਹੈ ਤਾਂ ਓਨੀ ਕੁ ਤੇਜ਼ ਹੀ ਕਰਨੀ ਹੈ, ਜਿੰਨੀ ਕੁ ਤੇਜ਼ ਸਰੀਰ ਸਹਿ ਸਕਦਾ ਹੋਵੇ, ਸਕਾਰਾਤਮਕ ਊਰਜਾ ਪੈਦਾ ਹੋਵੇ, ਮਨ ਪ੍ਰਫੁੱਲਿਤ ਅਤੇ ਸਰੀਰ ਮੁੜ-ਸੁਰਜੀਤ ਹੋ ਸਕੇ।

ਆਪਣੇ ਸਰੀਰ ਨਾਲ ਗੱਲਾਂ ਕਰਨ ਵਿੱਚ ਸਾਕਾਰਾਤਮਕ ਕਥਨ ਜਾਂ ਧਾਰਨਾਵਾਂ (ਅਫਰਮੇਸ਼ਨਜ਼) ਵੀ ਸ਼ਾਮਿਲ ਹਨ। ਇਨ੍ਹਾਂ ਧਾਰਨਾਵਾਂ ਦੇ ਉਚਾਰਣ ਰਾਹੀਂ ਅਸੀਂ ਆਪਣੀ ਅੰਦਰੂਨੀ ਦੁਨੀਆ ਨਾਲ ਗੱਲਾਂ ਕਰਦੇ ਹਾਂ ਅਤੇ ਆਪਣੀ ਜ਼ਿੰਦਗੀ ਵਿੱਚ ਅੰਦਰੂਨੀ ਸ਼ਾਂਤੀ ਅਤੇ ਸੰਤੁਲਨ ਲਿਆਉਂਦੇ ਹਾਂ। ਜਿਵੇਂ ਹਰ ਸਵੇਰ ਉੱਠਦਿਆਂ ਕਹਿਣਾ, "ਮੈਂ ਅੱਜ ਤਾਜ਼ਗੀ ਮਹਿਸੂਸ ਕਰ ਰਿਹਾ ਹਾਂ ਅਤੇ ਮੇਰਾ ਸਰੀਰ ਤੰਦਰੁਸਤ ਹੈ"; ਬਿਮਾਰੀ ਦੀ ਹਾਲਤ ਵਿੱਚ ਕਹਿਣਾ, "ਮੈਂ ਠੀਕ ਹੋ ਰਿਹਾ ਹਾਂ" ਜਾਂ "ਮੈਂ ਹੁਣ ਠੀਕ ਹੋ ਗਿਆ ਹਾਂ"; ਕਿਸੇ ਮੁਸ਼ਕਲ ਘੜੀ ਵਿੱਚ ਆਤਮ-ਵਿਸ਼ਵਾਸ ਨਾਲ ਕਹਿਣਾ, "ਮੇਰੇ ਅੰਦਰ ਹਰ ਸਮੱਸਿਆ ਦਾ ਹੱਲ ਲੱਭਣ ਦੀ ਸਮਰੱਥਾ ਹੈ"; ਰਾਤ ਨੂੰ ਸੌਣ ਤੋਂ ਪਹਿਲਾਂ ਕਹਿਣਾ, "ਅੱਜ ਦਾ ਦਿਨ ਚੰਗਾ ਰਿਹਾ। ਨਵੀਂ ਸਵੇਰ ਦੀ ਉਮੀਦ ਵਿੱਚ ਮੇਰਾ ਮਨ ਅਤੇ ਸਰੀਰ ਆਰਾਮ ਲਈ ਤਿਆਰ ਹਨ।" ਆਦਿ। ਇਸੇ ਤਰ੍ਹਾਂ ਆਪਣੇ ਅੰਦਰ ਵਾਸ ਕਰਦੀ ਉਸ ਪਰਮ-ਆਤਮਾ ਦਾ ਧੰਨਵਾਦ ਕਰਨਾ (ਗ੍ਰੈਟੀਟੂਡ) ਵੀ ਮਨ ਨੂੰ ਸਥਿਰ ਕਰਦਾ ਹੈ, ਦਿਲ ਵਿੱਚ ਖ਼ੁਸ਼ੀ ਜਗਾਉਂਦਾ ਅਤੇ ਸਰੀਰ ਨੂੰ ਸ਼ਾਂਤੀ ਦਿੰਦਾ ਹੈ। ਜਿਵੇਂ "ਹੇ ਪ੍ਰਭੂ! ਮੈਨੂੰ ਨਵਾਂ ਦਿਨ ਅਤੇ ਨਵੀਂ ਉਮੀਦ ਦੇਣ ਲਈ ਆਪ ਜੀ ਦਾ ਕੋਟਿ-ਕੋਟਿ ਧੰਨਵਾਦ।",
"ਹੇ ਈਸ਼ਵਰ! ਤੁਸੀਂ ਮੇਰੇ ਨਾਲ ਹੋ, ਇਹੋ ਮੇਰੀ ਸਭ ਤੋਂ ਵੱਡੀ ਤਾਕਤ ਹੈ।"

ਅਮਰੀਕੀ ਕਵਿੱਤਰੀ ਅਤੇ ਲੇਖਿਕਾ ਨਯੀਰਾ ਵਹੀਦ ਦੀਆਂ ਇਹ ਸਤਰਾਂ ਉਪਰੋਕਤ ਲੇਖ ਨੂੰ ਸਾਰਥਕਤਾ ਦਿੰਦੀਆਂ ਹਨ: ਅਤੇ ਮੈਂ ਆਪਣੇ ਸਰੀਰ ਨੂੰ ਹੌਲੀ ਜਿਹੇ ਕਿਹਾ, "ਮੈਂ ਤੇਰੀ ਦੋਸਤ ਬਣਨਾ ਚਾਹੁੰਦੀ ਹਾਂ"/ ਉਸਨੇ ਇੱਕ ਲੰਬਾ ਸਾਹ ਲਿਆ ਅਤੇ ਜਵਾਬ ਦਿੱਤਾ,/ "ਮੈਂ ਪੂਰੀ ਜ਼ਿੰਦਗੀ ਇਸੇ ਦਾ ਇੰਤਜ਼ਾਰ ਕਰ ਰਿਹਾ ਸੀ।"

# ਸੱਚੀ ਵਰਿਆਮਗੀ

## ਪ੍ਰੋਫੈਸਰ ਪੂਰਨ ਸਿੰਘ



ਸੱਚੇ ਵਰਿਆਮ-ਮਨੁੱਖ ਧੀਰ; ਗੰਭੀਰ ਤੇ ਆਜ਼ਾਦ ਹੁੰਦੇ ਹਨ। ਉਨ੍ਹਾਂ ਦੇ ਮਨ ਦੀ ਗੰਭੀਰਤਾ ਸਮੁੰਦਰ ਵਾਂਗ ਵਿਸ਼ਾਲ ਤੇ ਡੂੰਘੀ ਜਾਂ ਆਕਾਸ਼ ਵਾਂਗ ਅਡੋਲ ਤੇ ਅਚਲ ਹੁੰਦੀ ਹੈ। ਉਹ ਕਦੀ ਚੰਚਲ ਨਹੀਂ ਹੁੰਦੇ। ਰਾਮਾਇਣ ਵਿਚ ਬਾਲਮੀਕ ਜੀ ਨੇ ਕੁੰਭਕਰਨ ਦੀ ਗੂੜ੍ਹੀ ਨੀਂਦ ਵਿਚ ਸੂਰਮਗਤੀ ਦਾ ਇਕ ਨਮੂਨਾ ਦਿਖਾਇਆ ਹੈ। ਸੱਚ ਹੈ, ਬਹਾਦਰਾਂ ਦੀ ਨੀਂਦ ਸੌਖਿਆਂ ਨਹੀਂ ਖੁੱਲ੍ਹਦੀ, ਉਹ ਸਤੋਗੁਣ ਦੇ ਸ਼ੀਰ-ਸਾਗਰ ਵਿਚ ਅਜੇਹੇ ਪਏ ਰਹਿੰਦੇ ਹਨ ਕਿ ਉਨ੍ਹਾਂ ਨੂੰ ਦੁਨੀਆਂ ਦੀ ਖਬਰ ਨਹੀਂ ਹੁੰਦੀ। ਉਹ ਸੰਸਾਰ ਦੇ ਸੱਚੇ ਪਰਉਪਕਾਰੀ ਹੁੰਦੇ ਹਨ। ਅਜੇਹੇ ਲੋਕ ਸੰਸਾਰ ਦਾ ਭਵਿੱਖ ਆਪਣੀ ਪਲਕ ਦੀ ਝਮਕਣੀ ਨਾਲ ਬਦਲ ਸਕਦੇ ਹਨ। ਜਦ ਇਹ ਸ਼ੇਰ ਜਾਗ ਕੇ ਗਰਜਦੇ ਹਨ ਤਾਂ ਸਦੀਆਂ ਬੱਧੀ, ਇਨ੍ਹਾਂ ਦੀ ਆਵਾਜ਼ ਦੀ ਗੂੰਜ ਸੁਣਾਈ ਦੇਂਦੀ ਰਹਿੰਦੀ ਹੈ। ਹੋਰ ਸਭ ਆਵਾਜ਼ਾਂ ਬੰਦ ਹੋ ਜਾਂਦੀਆਂ ਹਨ। ਵੀਰ ਦੇ ਪੈਰਾਂ ਦੀ ਬਿੜਕ ਕੰਨਾਂ ਵਿਚ ਆਉਂਦੀ ਰਹਿੰਦੀ ਹੈ ਤੇ ਕਦੀ ਮੈਨੂੰ ਕਦੀ ਤੁਹਾਨੂੰ ਮਸਤ ਕਰਦੀ ਰਹਿੰਦੀ ਹੈ। ਕਦੇ ਕਿਸੇ ਦੀ ਜੀਵਨ-ਸਾਰੰਗੀ ਯੋਧੇ ਦੇ ਹੱਥੀਂ ਵੱਜਣ ਲਗਦੀ ਹੈ।

ਦੇਖੋ ਹਰਾ ਦੀਆਂ ਕੰਦਰਾਂ ਵਿਚ ਇਕ ਅਨਾਥ, ਸੰਸਾਰ ਤੋਂ ਲੁਕ ਕੇ, ਇਕ ਨਿਰਾਲੀ ਨੀਂਦ ਸੌਂਦਾ ਹੈ। ਜਿਵੇਂ ਗਲੀ ਵਿਚ ਪਏ ਪੱਥਰ ਵਲ ਕਿਸੇ ਦਾ ਧਿਆਨ ਨਹੀਂ ਜਾਂਦਾ ਉਵੇਂ ਹੀ ਆਮ ਆਦਮੀਆਂ ਵਾਂਗ ਇਸ ਅਨਾਥ ਨੂੰ ਕੋਈ ਨਹੀਂ ਸੀ ਜਾਣਦਾ। ਇਕ ਦਿਲ ਵਾਲੀ ਧਨਾਢ ਇਸਤ੍ਰੀ ਦੀ ਉਹ ਨੌਕਰੀ ਕਰਦਾ ਹੈ। ਉਸ ਦੀ ਸੰਸਾਰੀ ਹੈਸੀਅਤ ਕੇਵਲ ਇਕ ਮਾਮੂਲੀ ਗੋਲੇ ਜੇਹੀ ਹੈ ਪਰ ਕੋਈ ਅਜੇਹਾ ਇਲਾਹੀ ਕਾਰਣ ਹੋਇਆ ਜਿਸ ਤੋਂ ਸੰਸਾਰ ਵਿਚ ਇਸ ਅਣਜਾਣੇ ਗੁਲਾਮ ਦੀ ਵੀ ਵਾਰੀ ਆਈ। ਉਸ ਦੀ ਨੀਂਦ ਖੁੱਲ੍ਹੀ। ਸੰਸਾਰ ਉੱਤੇ ਜਿਵੇਂ ਹਜ਼ਾਰ ਬਿਜਲੀਆਂ ਡਿਗੀਆਂ। ਅਰਬ ਦੇ ਮਾਰੂਥਲ ਵਿਚ ਬਾਰੂਦ ਦੀ ਝੱਲ ਉਠੀ। ਉਸੇ ਸੂਰਮੇ ਦੇ ਨੈਣਾਂ ਦੀ ਜਵਾਲਾ ਇੰਦਰ-ਪ੍ਰਸਥ ਤੋਂ ਲੈ ਕੇ ਸਪੇਨ ਤਕ ਭੜਕੀ। ਉਸ ਅਣਜਾਣੇ ਤੇ ਗੁਪਤ, ਹਰਾ ਦੀਆਂ ਖੁੰਦਰਾਂ ਵਿਚ ਸੌਣ ਵਾਲੇ ਨੇ ਇਕ ਆਵਾਜ਼ ਕੀਤੀ। ਸਾਰੀ ਧਰਤੀ ਡਰ ਨਾਲ ਕੰਬਣ ਲੱਗੀ। ਹਾਂ ਜਦੋਂ ਪੈਗੰਬਰ ਮੁਹੰਮਦ ਨੇ 'ਅੱਲ੍ਹਾ ਹੂ ਅਕਬਰ' ਦੀ ਆਵਾਜ਼ ਦਿੱਤੀ ਤਾਂ ਸਾਰਾ ਸੰਸਾਰ ਚੁੱਪ ਹੋ ਗਿਆ ਤੇ ਕੁਝ ਸਮੇਂ ਪਿਛੋਂ ਸ੍ਰਿਸ਼ਟੀ ਉਸ ਦੀ ਆਵਾਜ਼ ਦੀ ਗੂੰਜ ਨੂੰ ਸਾਰੀਆਂ ਨੁੱਕਰਾਂ ਵਿਚ ਲੈ ਉੱਡੀ। ਪੰਛੀ 'ਅੱਲ੍ਹਾ ਹੂ ਅਕਬਰ' ਗਾਉਣ ਲੱਗੇ ਤਾਂ ਮੁਹੰਮਦ ਦਾ ਸੁਨੇਹਾ ਏਧਰ ਓਧਰ ਲੈ ਉਡੇ। ਪਰਬਤ ਉਸ ਦੇ ਬੋਲਾਂ ਨਾਲ ਪਿਘਲ ਗਏ ਤੇ ਨਦੀਆਂ 'ਅੱਲ੍ਹਾ ਅੱਲ੍ਹਾ' ਦਾ ਅਲਾਪ ਕਰਦੀਆਂ ਵਹਿ ਟੁਰੀਆਂ। ਜੋ ਲੋਕ ਉਸ ਦੇ ਸਾਮ੍ਹਣੇ ਆਏ ਦਾਸ ਬਣ ਗਏ। ਚੰਦ ਸੂਰਜ ਨੇ ਵਾਰੀ ਵਾਰੀ ਉਠ ਕੇ ਸਲਾਮ ਕੀਤਾ। ਉਸ ਵਰਿਆਮ ਦਾ ਬਲ ਦੇਖੋ ਕਿ ਸਦੀਆਂ ਪਿਛੋਂ ਵੀ ਸੰਸਾਰ ਦੇ ਲੋਕਾਂ ਦਾ ਬਹੁਤ ਸਾਰਾ ਹਿੱਸਾ ਉਸ ਦੇ ਪਵਿੱਤਰ ਨਾਉਂ ਤੇ ਜਿਉਂਦਾ ਹੈ ਤੇ ਆਪਣੇ ਛੋਟੇ ਜੇਹੇ ਜੀਵਨ ਨੂੰ ਅਤੀ ਤੁੱਛ ਜਾਣ ਕੇ ਉਸ ਅਣਦੇਖੇ ਤੇ ਅਣਜਾਣੇ ਪੁਰਖ ਦੇ ਕੇਵਲ ਸੁਣੇ ਸੁਣਾਏ ਨਾਉਂ ਤੋਂ ਕੁਰਬਾਨ ਹੋ ਜਾਣਾ ਆਪਣੇ ਜੀਵਨ ਦਾ ਸਭ ਤੋਂ ਉੱਤਮ ਫਲ ਸਮਝਦਾ ਹੈ।

ਸਤੋਗੁਣ ਦੇ ਸਾਗਰ ਵਿਚ ਜਿਨ੍ਹਾਂ ਦਾ ਅੰਦਰਲਾ ਭਿੱਜ ਗਿਆ ਉਹੀ ਮਹਾਤਮਾ, ਸਾਧੂ ਤੇ ਸੂਰਮੇ ਹਨ। ਉਹ ਲੋਕ ਆਪਣੇ ਤੁੱਛ ਜੀਵਨ ਨੂੰ ਤਿਆਗ ਅਜੇਹਾ ਈਸ਼ਵਰੀ ਜੀਵਨ ਪ੍ਰਾਪਤ ਕਰਦੇ ਹਨ ਕਿ ਸੰਸਾਰ ਦੀਆਂ ਸਾਰੀਆਂ ਅਗਾਹ ਰਾਹਾਂ ਉਨ੍ਹਾਂ ਲਈ ਖੁੱਲ੍ਹ ਜਾਂਦੀਆਂ ਹਨ। ਅਕਾਸ਼ ਉਨ੍ਹਾਂ ਤੇ ਬੱਦਲਾਂ ਦੇ ਛੱਤਰ ਤਾਣਦਾ ਹੈ। ਕੁਦਰਤ ਉਨ੍ਹਾਂ ਦੇ ਸੁੰਦਰ ਮੱਥੇ 'ਤੇ ਰਾਜ ਤਿਲਕ ਦੇਂਦੀ ਹੈ, ਅਸਲੀ ਤੇ ਸੱਚੇ ਰਾਜੇ ਸਾਡੇ ਇਹੋ ਸਾਧ ਪੁਰਖ ਹਨ। ਹੀਰਿਆਂ ਲਾਲਾਂ ਜੜੇ, ਸੋਨੇ ਚਾਂਦੀ ਦੇ ਲਿਸ਼ ਲਿਸ਼ ਕਰਦੇ ਤਖ਼ਤਾਂ 'ਤੇ ਬੈਠਣ ਵਾਲੇ ਦੁਨੀਆਂ ਦੇ ਰਾਜਿਆਂ ਨੂੰ ਤਾਂ, ਜੋ ਗਰੀਬ ਕਿਸਾਨਾਂ ਦੀ ਕਮਾਈ ਹੋਈ ਪੂੰਜੀ 'ਤੇ ਪਲਦੇ ਹਨ-ਲੋਕਾਂ ਨੇ ਆਪਣੀ ਮਨੁੱਖਤਾ ਨਾਲ, ਬਹਾਦਰ ਬਣਾ ਰੱਖਿਆ ਹੈ। ਇਹ ਜ਼ਰੀ, ਮਖਮਲ ਤੇ ਗਿਹਣਆਂ ਨਾਲ ਲੱਦੇ ਮਾਸ ਦੇ ਪੁਤਲੇ ਤਾਂ ਹਰ ਵੇਲੇ ਕੰਬਦੇ ਰਹਿੰਦੇ ਹਨ। ਇੰਦਰ ਜੇਹੇ ਪ੍ਰਤਾਪੀ ਤੇ ਬਲਵਾਨ ਹੋ ਕੇ ਵੀ ਦੁਨੀਆਂ ਦੇ ਇਹ ਛੋਟੇ 'ਜਾਰਜ' ਬੜੇ ਕਾਇਰ ਹੁੰਦੇ ਹਨ। ਹੋਣ ਕਿਵੇਂ ਨਾ, ਇਨ੍ਹਾਂ ਦੀ ਹਕੂਮਤ ਲੋਕਾਂ ਦੇ ਦਿਲਾਂ 'ਤੇ ਨਹੀਂ ਹੁੰਦੀ। ਦੁਨੀਆਂ ਦੇ ਰਾਜਿਆਂ ਦੀ ਤਾਕਤ ਦੀ ਦੌੜ ਲੋਕਾਂ ਦੇ ਸਰੀਰ ਤਕ ਹੈ। ਹਾਂ, ਜਦ ਕਦੀ ਕਿਸੇ ਅਕਬਰ ਦਾ ਰਾਜ ਲੋਕਾਂ ਦੇ ਦਿਲਾਂ 'ਤੇ ਹੁੰਦਾ ਹੈ ਤਾਂ ਇਨ੍ਹਾਂ ਕਾਇਰਾਂ ਦੀ ਬਸਤੀ ਵਿਚ ਸਮਝੋ ਇਕ ਸੱਚਾ ਵਰਿਆਮ ਪੈਦਾ ਹੁੰਦਾ ਹੈ।

ਇਕ ਬਾਗ਼ੀ ਗ਼ੁਲਾਮ ਤੇ ਇਕ ਬਾਦਸ਼ਾਹ ਦੀ ਗੱਲਬਾਤ ਹੋਈ। ਇਹ ਗੁਲਾਮ ਕੈਦੀ ਦਿਲ ਦਾ ਅਜ਼ਾਦ ਸੀ। ਬਾਦਸ਼ਾਹ ਨੇ ਕਿਹਾ, "ਮੈਂ ਤੈਨੂੰ ਹੁਣੇ ਜਾਨੋਂ ਮਾਰ ਦਿਆਂਗਾ। ਤੂੰ ਕੀ ਕਰ ਸਕਦਾ ਹੈਂ?" "ਮੈਂ ਫਾਸੀ ਲਟਕ ਜਾਵਾਂਗਾ ਪਰ ਤੇਰੀ ਨਿਰਾਦਰੀ ਤਦ ਹੀ ਕਰਾਂਗਾ।" ਬੱਸ ਇਸ ਗੁਲਾਮ ਨੇ ਦੁਨੀਆਂ ਦੇ ਬਾਦਸ਼ਾਹਾਂ ਦੀ ਤਾਕਤ ਦੀ ਹੱਦ ਦੱਸ ਦਿੱਤੀ, ਬਸ ਇੰਨੇ ਕੁ ਜ਼ੋਰ ਤੇ ਇੰਨੀ ਕੁ ਸ਼ੇਖੀ ਨਾਲ ਇਹ ਝੂਠੇ ਰਾਜੇ ਸਰੀਰ ਨੂੰ ਤਸੀਹੇ ਦੇ ਕੇ ਅਤੇ ਮਾਰ ਕੁੱਟ ਕਰ ਕੇ ਭੋਲੇ ਭਾਲੇ ਲੋਕਾਂ ਨੂੰ ਡਰਾਉਂਦੇ ਹਨ। ਭੋਲੇ ਲੋਕੀਂ ਡਰਦੇ ਰਹਿੰਦੇ ਹਨ ਕਿਉਂਕਿ ਇਹ ਸਾਰੇ ਲੋਕ ਸਰੀਰ ਨੂੰ ਆਪਣੇ ਜੀਵਨ ਦਾ ਧੁਰਾ ਮੰਨਦੇ ਹਨ ? ਇਸੇ ਲਈ ਕਿ ਜਦੋਂ ਕਿਸੇ ਨੇ ਉਨ੍ਹਾਂ ਦੇ ਸਰੀਰ ਨੂੰ ਜ਼ਰਾ ਕਰੜਾ ਹੱਥ ਲਾਇਆ ਨਹੀਂ ਕਿ ਉਹ ਡਰ ਨਾਲ ਹੀ ਅਧਮੋਏ ਹੋ ਗਏ। ਕੇਵਲ ਸਰੀਰਕ ਰੱਖਿਆ ਲਈ ਹੀ ਭੋਲੇ ਲੋਕੀਂ ਰਾਜਿਆਂ ਦੀ ਤਨੋ ਮਨੋ ਪੂਜਾ ਕਰਦੇ ਹਨ। ਜੇਹੋ ਜਹੇ ਰਾਜੇ ਉਹੋ ਜਿਹਾ ਉਨ੍ਹਾਂ ਦਾ ਸਤਿਕਾਰ। ਜਿਨ੍ਹਾਂ ਦਾ ਜ਼ੋਰ ਕੇਵਲ ਦੇਹ ਨੂੰ ਜਰਾ ਜਿੰਨੀ ਰੱਸੀ ਨਾਲ ਲਟਕਾ ਕੇ ਮਾਰ ਦੇਣ ਤਕ ਦਾ ਹੈ, ਭਲਾ ਉਨ੍ਹਾਂ ਦਾ, ਉਨ੍ਹਾਂ ਸੱਚੇ ਬਲਵਾਨ ਰਾਜਿਆਂ ਨਾਲ ਕੀ ਮੁਕਾਬਲਾ, ਜਿਨ੍ਹਾਂ ਦਾ ਸਿੰਘਾਸਣ ਲੋਕਾਂ ਦੇ ਮਨ ਕੰਵਲ ਦੀਆਂ ਪੱਖੜੀਆਂ ਤੇ ਹੈ ? ਸੱਚੇ ਰਾਜੇ, ਆਪਣੇ ਪ੍ਰੇਮ ਦੇ ਜ਼ੋਰ ਨਾਲ, ਲੋਕਾਂ ਦਾ ਮਨ ਸਦਾ ਲਈ ਬੰਨ੍ਹ ਲੈਂਦੇ ਹਨ। ਦਿਲਾਂ ਤੇ ਰਾਜ ਕਰਨ ਵਾਲੇ ਤੋਪ ਬੰਦੂਕ, ਫੌਜ ਆਦਿ ਬਿਨਾਂ ਹੀ ਉਸ ਸੰਸਾਰ ਦੇ ਸ਼ਹਿਨਸ਼ਾਹ ਹੁੰਦੇ ਹਨ। ਮਨਸੂਰ ਨੇ ਆਪਣੀ ਮੌਜ ਵਿਚ ਪੁਕਾਰਿਆ, "ਮੈਂ ਰੱਬ ਹਾਂ।" ਦੁਨੀਆਂ ਦੇ ਬਾਦਸ਼ਾਹ ਨੇ ਕਿਹਾ, "ਇਹ ਕਾਫਿਰ ਹੈ।" ਪਰ ਮਨਸੂਰ ਨੇ ਆਪਣਾ ਬੋਲ ਨਾ ਬਦਲਿਆ ਪੱਥਰ ਮਾਰ ਮਾਰ ਕੇ ਦੁਨੀਆਂ ਵਾਲਿਆਂ ਨੇ ਉਸ ਦੇ ਸਰੀਰ ਦਾ ਬੁਰਾ ਹਾਲ ਕਰ ਦਿੱਤਾ; ਐਪਰ, ਉਸ ਦੇ ਮਰਦਾਨਗੀ ਭਰੇ ਬੋਲਾਂ ਵਿਚੋਂ ਇਹ ਸ਼ਬਦ ਨਿਕਲੇ 'ਅਨਲਹੱਕ' (ਅਹੰ ਬ੍ਰਹਮਾਸੀ) ਅਰਥਾਤ ਮੈਂ ਹੀ ਬ੍ਰਹਮ ਹਾਂ। ਸੂਲੀ 'ਤੇ ਚੜ੍ਹਨਾ 'ਮਨਸੂਰ' ਲਈ ਖੇਡ ਸੀ। ਸ਼ਹਿਨਸ਼ਾਹ ਨੇ ਸਮਝਿਆ 'ਮਨਸੂਰ' ਮਾਰਿਆ ਗਿਆ।

ਸ਼ਮਸ ਤਬਰੇਜ਼ ਨੂੰ ਵੀ ਇਵੇਂ ਹੀ ਕਾਫਿਰ ਸਮਝ ਕੇ ਬਾਦਸ਼ਾਹ ਨੇ ਹੁਕਮ ਦਿੱਤਾ, ਇਸ ਦੀ ਖੱਲ ਉਤਾਰ ਲਵੋ। ਸ਼ਮਸ ਨੇ ਖੱਲ ਉਤਾਰੀ ਤੇ ਬਾਦਸ਼ਾਹ ਨੂੰ ਦਰ 'ਤੇ ਆਏ ਕੁੱਤੇ ਵਾਂਗ, ਭਿਖਾਰੀ ਜਾਣ ਕੇ ਖਾਣ ਲਈ ਦੇ ਦਿੱਤੀ। ਖੱਲ ਦੇ ਕੇ ਉਹ ਆਪਣੀ ਇਹ ਗਜ਼ਲ ਮੁੜ ਮੁੜ ਗਾਂਦਾ ਰਿਹਾ, "ਭਿਖਾਰੀ ਤੇਰੇ ਦੁਆਰੇ ਆਇਆ ਹੈ, ਸ਼ਾਹ ਦਿਲ! ਕੁਝ ਇਸ ਨੂੰ ਖੈਰ ਪਾ।" ਖੱਲ ਲਾਹ ਕੇ ਸੁੱਟ ਦਿੱਤੀ, ਵਾਹ! ਸਤਪੁਰਖਾ, ਵਾਹ!!

ਭਗਵਾਨ ਸ਼ੰਕਰ ਜਦੋਂ ਗੁਜਰਾਤ ਵਲ ਯਾਤਰਾ ਕਰ ਰਹੇ ਸਨ ਤਾਂ ਇਕ ਕਪਾਲਿਕ ਹੱਥ ਜੋੜ ਸਾਹਮਣੇ ਆ ਖੜ੍ਹਾ ਹੋਇਆ ਭਗਵਾਨ ਨੇ ਕਿਹਾ, 'ਮੰਗ ਕੀ ਮੰਗਦਾ ਹੈਂ?' ਕਪਾਲਿਕ ਬੋਲਿਆ, 'ਹੇ ਭਗਵਾਨ! ਅੱਜ ਕੱਲ੍ਹ ਦੇ ਰਾਜੇ ਬੜੇ ਕੰਗਾਲ ਹਨ, ਉਨ੍ਹਾਂ ਪਾਸੋਂ ਹੁਣ ਸਾਨੂੰ ਦਾਨ ਨਹੀਂ ਮਿਲਦਾ। ਇਸ ਲਈ ਆਪ ਦੀ ਸ਼ਰਨ ਆਇਆ ਹਾਂ। ਤੁਸੀਂ ਕਿਰਪਾ ਕਰਕੇ ਮੈਨੂੰ ਆਪਣਾ ਸਿਰ ਦਾਨ ਕਰੋ.. ਮੈਂ ਭੇਟ ਚੜ੍ਹਾ ਕੇ ਦੇਵੀ ਨੂੰ ਪ੍ਰਸੰਨ ਕਰਾਂਗਾ ਤੇ ਆਪਣਾ ਯੱਗ ਪੂਰਾ ਕਰ ਲਵਾਂਗਾ। ਭਗਵਾਨ ਨੇ ਮੌਜ ਵਿਚ ਆ ਕੇ ਕਿਹਾ, 'ਅੱਛਾ, ਸਵੇਰੇ ਇਹ ਸਿਰ ਲਾਹ ਕੇ ਲੈ ਜਾਵੀਂ ਤੇ ਆਪਣਾ ਕਾਰਜ ਸਿੱਧ ਕਰ ਲਵੀਂ।'

ਇਕ ਵਾਰੀ ਦੋ ਯੋਧੇ ਅਕਬਰ ਦੇ ਦਰਬਾਰ ਵਿਚ ਆਏ। ਉਹ ਰੋਜ਼ਗਾਰ ਦੀ ਭਾਲ ਵਿਚ ਸਨ। ਅਕਬਰ ਕਹਿ ਬੈਠਾ 'ਆਪਣੀ ਆਪਣੀ ਬਹਾਦਰੀ ਦਾ ਸਬੂਤ ਦਿਓ।' ਬਾਦਸ਼ਾਹ ਨੇ ਕਿੰਨੀ ਮੂਰਖਤਾ ਕੀਤੀ। ਬਹਾਦਰੀ ਦਾ ਭਲਾ ਉਹ ਕੀ ਸਬੂਤ ਦੇਂਦੇ ? ਪਰ, ਦੋਹਾਂ ਨੇ ਤਲਵਾਰਾਂ ਸੂਤ ਲਈਆਂ ਤੇ ਇਕ ਦੂਜੇ ਦਾ ਸਾਹਮਣਾ ਕਰਕੇ ਪਲ ਭਰ ਵਿਚ ਉਸੇ ਥਾਂ ਬਾਦਸ਼ਾਹ ਦੇ ਸਾਹਮਣੇ ਹੀ ਢੇਰ ਹੋ ਗਏ।

ਅਜੇਹੇ ਕਰਤਾਰੀ ਵੀਰ ਰੁਪਿਆ, ਪੈਸਾ, ਮਾਲ, ਧਨ ਆਦਿ ਦਾਨ ਨਹੀਂ ਕੀਤਾ ਕਰਦੇ। ਜਦੋਂ ਇਹ ਦਾਨ ਦੇਣਾ ਲੋੜਦੇ ਹਨ ਤਾਂ ਆਪਣਾ ਆਪ ਹੀ ਅਰਪ ਦੇਂਦੇ ਹਨ। ਬੁੱਧ ਮਹਾਰਾਜ ਨੇ ਇਕ ਰਾਜੇ ਨੂੰ ਹਿਰਨ ਮਾਰਦੇ ਵੇਖ ਆਪਣਾ ਸਰੀਰ ਅੱਗੇ ਕਰ ਦਿੱਤਾ ਤਾਂ ਜੋ ਹਿਰਨ ਬਚ ਜਾਏ, ਬੁੱਧ ਦਾ ਸਰੀਰ ਭਾਵੇਂ ਚਲਿਆ ਜਾਏ। ਅਜੇਹੇ ਬੰਦੇ ਕਦੀ ਵੱਡੇ ਸਮਿਆਂ ਦੀ ਉਡੀਕ ਨਹੀਂ ਕਰਦੇ ਉਹ ਤਾਂ ਛੋਟੇ ਸਮਿਆਂ ਨੂੰ ਹੀ ਵੱਡਾ ਬਣਾ ਦੇਂਦੇ ਹਨ।

ਜਦ ਕਿਸੇ ਦਾ ਭਾਗ ਜਾਗਿਆ ਤੇ ਉਸ ਨੂੰ ਜੋਸ਼ ਆਇਆ ਤਾਂ ਜਾਣ ਲਵੋ ਦੁਨੀਆਂ ਵਿਚ ਤੂਫ਼ਾਨ ਆ ਗਿਆ। ਉਸ ਦੀ ਚਾਲ ਸਾਹਮਣੇ ਫੇਰ ਕੋਈ ਰੁਕਾਵਟ ਨਹੀਂ ਆ ਸਕਦੀ। ਪਹਾੜਾਂ ਦੀਆਂ ਪਸਲੀਆਂ ਤੋੜ ਕੇ ਇਹ ਲੋਕ ਵਾ ਵਰੋਲੇ ਵਾਂਗ ਨਿਕਲ ਜਾਂਦੇ ਹਨ। ਉਨ੍ਹਾਂ ਦੀ ਤਾਕਤ ਦਾ ਇਸ਼ਾਰਾ ਭੁਚਾਲ ਦੱਸਦਾ ਹੈ। ਕੁਦਰਤ ਦੀ ਹੋਰ ਕੋਈ ਤਾਕਤ ਉਨ੍ਹਾਂ ਦੇ ਸਾਹਮਣੇ ਫਟਕ ਨਹੀਂ ਸਕਦੀ। ਸਭ ਚੀਜ਼ਾਂ ਰੁਕ ਜਾਂਦੀਆਂ ਹਨ। ਪਰਮਾਤਮਾ ਵੀ ਸਾਹ ਰੋਕ ਕੇ ਉਨ੍ਹਾਂ ਦਾ ਰਾਹ ਵੇਖਦਾ ਹੈ। ਯੂਰਪ ਵਿਚ ਜਦੋਂ ਰੋਮ ਦੇ ਪੋਪ ਦਾ ਜ਼ੋਰ ਵਧ ਗਿਆ ਸੀ ਤੇ ਉਸ ਨਾਲ ਕੋਈ ਵੀ ਬਾਦਸ਼ਾਹ ਟੱਕਰ ਲੈਣ ਤੇ ਸਮਰਥ ਨਹੀਂ ਸੀ। ਪੋਪ ਦੇ ਅੱਖ ਦੇ ਇਸ਼ਾਰੇ ਤੇ ਬਾਦਸ਼ਾਹਾਂ ਦੇ ਸਿਰ ਲਾਹੇ ਜਾ ਸਕਦੇ ਸਨ। ਪੋਪ ਦਾ ਸਿੱਕਾ ਲੋਕਾਂ 'ਤੇ ਅਜਿਹਾ ਬੈਠ ਗਿਆ ਸੀ ਕਿ ਉਸ ਦੀ ਗਲ ਰੱਬੀ ਬਾਣੀ ਤੋਂ ਵੀ ਵਧੇਰੀ ਮੰਨੀ ਜਾਂਦੀ ਸੀ। ਪੋਪ ਨੂੰ ਲੋਕ ਈਸ਼ਵਰ ਦਾ ਨਾਇਕ ਮੰਨਦੇ ਸਨ। ਲੱਖਾਂ ਈਸਾਈ ਸਾਧੂ, ਸੰਨਿਆਸੀ ਤੇ ਯੂਰਪ ਦੇ ਗਿਰਜੇ, ਪੋਪ ਦੇ ਹੁਕਮ ਵਿਚ ਬੱਧੇ ਸਨ। ਜਿਵੇਂ ਚੂਹੇ ਦੀ ਜਾਨ ਬਿੱਲੀ ਦੇ ਹੱਥ ਹੁੰਦੀ ਹੈ, ਉਸੇ ਤਰ੍ਹਾਂ ਯੂਰਪ ਵਾਸੀਆਂ ਦੀ ਜਾਨ ਪੋਪ ਨੇ ਆਪਣੀ ਮੁੱਠੀ ਵਿਚ ਲੈ ਰੱਖੀ ਸੀ। ਇਸ ਪੋਪ ਦੀ ਤਾਕਤ ਤੇ ਦਬਦਬਾ ਬੜਾ ਭਿਆਨਕ ਸੀ, ਪਰ ਜਰਮਨੀ ਦੇ ਇਕ ਛੋਟੇ ਜਹੇ ਮੰਦਰ ਦੇ ਇਕ ਕੰਗਾਲ ਪਾਦਰੀ ਦੀ ਆਤਮਾ ਭੜਕ ਉਠੀ। ਪੋਪ ਨੇ ਅਜਿਹੀ ਲੀਲਾ ਪਸਾਰੀ ਸੀ ਕਿ ਯੂਰਪ ਵਿਚ ਸਵਰਗ-ਨਰਕ ਦੇ ਟਿਕਟ ਵੱਡੀ ਵੱਡੀ ਕੀਮਤ 'ਤੇ ਵਿਕਦੇ ਸਨ। ਟਿਕਟ ਵੇਚ ਵੇਚ ਇਹ ਪੋਪ ਬੜਾ ਅੱਯਾਸ਼ ਹੋ ਗਿਆ ਸੀ। ਲੂਥਰ ਕੋਲ ਜਦੋਂ ਇਹ ਟਿਕਟ ਵਿਕਰੀ ਲਈ ਪਹੁੰਚੇ ਤਾਂ ਪਹਿਲਾਂ ਉਸ ਨੇ ਇਕ ਚਿੱਠੀ ਲਿਖੀ ਕਿ ਅਜੇਹੇ ਕੰਮ ਝੂਠੇ ਤੇ ਪਾਪ ਰੂਪ ਹਨ, ਇਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ। ਪੋਪ ਨੇ ਜਵਾਬ ਭੇਜਿਆ, "ਲੂਥਰ! ਇਸ ਗੁਸਤਾਖੀ ਬਦਲੇ ਤੈਨੂੰ ਜਿਉਂਦਿਆਂ ਅੱਗ ਵਿਚ ਸਾੜਿਆਂ ਜਾਵੇਗਾ।" ਇਸ ਜਵਾਬ ਨੂੰ ਪੜ੍ਹ ਕੇ ਲੂਥਰ ਦੀ ਆਤਮਾ ਦੀ ਜਵਾਲਾ ਹੋਰ ਵੀ ਭੜਕੀ। ਉਸ ਨੂੰਂ ਲਿਖਆ, "ਹੁਣ ਮੈਂ ਆਪਣੇ ਮਨ ਨਾਲ ਨਿਸ਼ਚਾ ਕਰ ਲਿਆ ਹੈ ਕਿ ਤੂੰ ਰੱਬ ਦਾ ਨਹੀਂ, ਸ਼ੈਤਾਨ ਦਾ ਪ੍ਰਤੀਨਿਧ ਹੈਂ। ਆਪਣੇ ਆਪ ਨੂੰ ਰੱਬ ਦਾ ਪ੍ਰਿਤਨਧ ਕਹਿਣ ਵਾਲੇ ਪਖੰਡੀ! ਜਦ ਮੈਂ ਤੇਰੇ ਪਾਸ ਸੱਚ ਦਾ ਸੰਦੇਸ਼ਾਂ ਭੇਜਿਆ ਤਾਂ ਅੱਗੋਂ ਤੂੰ ਅੱਗ ਤੇ ਜਲਾਦ ਦੇ ਨਾਉਂ ਨਾਲ ਉੱਤਰ ਦਿੱਤਾ, ਇਸ ਤੋਂ ਸਾਫ ਪ੍ਰਤੀਤ ਹੋ ਗਿਆ ਕਿ ਤੂੰ ਸੱਚ ਦੀ ਚੱਟਾਨ 'ਤੇ ਨਹੀਂ ਖੜ੍ਹਾ, ਸਗੋਂ ਸ਼ੈਤਾਨ ਦੀ ਜਿੱਲ੍ਹਣ ਵਿਚ ਖੁਭਿਆ ਪਿਆ ਹੈਂ। ਆਹ ਲੈ ਮੈਂ ਤੇਰੀਆਂ ਟਿਕਟਾਂ ਦੇ ਪੁੜੇ ਅੱਗ ਵਿਚ ਪਾ ਦਿੱਤੇ ਹਨ। ਮੈਂ ਜੋ ਮੇਰਾ ਕਰਤੱਵ ਸੀ ਪੂਰਾ ਕਰ ਦਿੱਤਾ ਹੈ, ਹੁਣ ਜੋ ਤੇਰੇ ਜੀਅ ਆਵੇ ਸੋ ਕਰ। ਮੈਂ ਸੱਚ ਦੀ ਚੱਟਾਨ 'ਤੇ ਖੜ੍ਹਾ ਹਾਂ।" ਇਸ ਛੋਟੇ ਜੇਹੇ ਸੰਨਿਆਸੀ ਨੇ ਯੂਰਪ ਵਿਚ ਉਹ ਝੱਖੜ ਝੁਲਾ ਦਿੱਤਾ, ਜਿਸ ਦੀ ਇਕੋ ਲਹਿਰ ਨਾਲ ਪੋਪ ਦਾ ਸਾਰਾ ਜੰਗੀ ਬੇੜਾ ਚਕਨਾਚੂਰ ਹੋ ਗਿਆ। ਝੱਖੜ ਵਿਚ ਤਿਣਕੇ ਵਾਂਗ ਪਤਾ ਨਹੀਂ ਉਹ ਕਿਧਰ ਉੱਡ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਫੌਜ ਨੂੰ ਕਿਹਾ, "ਅਟਕ ਪਾਰ ਕਰੋ।" ਅਟਕ ਦੀ ਕਾਂਗ ਚੜ੍ਹੀ ਹੋਈ ਸੀ ਤੇ ਭਿਆਨਕ ਲਹਿਰਾਂ ਉਠੀਆਂ ਹੋਈਆਂ ਸਨ। ਜਦ ਫੌਜ ਨੇ ਕੁਝ ਹੌਂਸਲਾ ਨਾ ਵਿਖਾਇਆ ਤਾਂ ਉਸ ਸੂਰਬੀਰ ਨੂੰ ਜ਼ਰਾ ਜੋਸ਼ ਆਇਆ। ਮਹਾਰਾਜਾ ਨੇ ਆਪਣਾ ਘੋੜਾ ਦਰਿਆ ਵਿਚ ਠੇਲ੍ਹ ਦਿੱਤਾ, ਕਹਿੰਦੇ ਨੇ ਅਟਕ ਦੀ ਕਾਂਗ ਸੁਕ ਗਈ ਤੇ ਸਾਰੇ ਪਾਰ ਨਿਕਲ ਗਏ।

ਦੁਨੀਆਂ ਵਿਚ ਜੰਗ ਦੇ ਸਾਰੇ ਸਾਮਾਨ ਜੁੜੇ ਹਨ। ਲੱਖਾਂ ਆਦਮੀ ਮਰਨ ਮਾਰਨ ਨੂੰ ਤਿਆਰ ਹੋ ਰਹੇ ਹਨ। ਗੋਲੀਆਂ ਮੀਂਹ ਵਾਂਗ ਮੂਹਲੇਧਾਰ ਵਰ੍ਹ ਰਹੀਆਂ ਹਨ। ਔਹ ਵੇਖੋ! ਬਹਾਦਰ ਨੂੰ ਜੋਸ਼ ਆਇਆ। ਉਸ ਨੇ ਪੁਕਾਰਿਆ, "ਹਾਲਟ!" ਸਾਰੀ ਫੌਜ ਸਕਤੇ ਵਿਚ ਆ ਗਈ। ਚੁੱਪ ਚਾਪ ਖਲੋ ਗਈ।

ਐਲਪਸ ਦੇ ਪਹਾੜਾਂ 'ਤੇ ਚੜ੍ਹਨਾ ਜਿਉਂ ਹੀ ਫੌਜ ਨੇ ਮੁਸ਼ਕਲ ਸਮਝਿਆ ਤਿਉਂ ਹੀ ਸੂਰਬੀਰ ਨੇ ਕਿਹਾ, "ਐਲਪਸ ਹੈ ਹੀ ਨਹੀਂ", ਫੌਜ ਨੂੰ ਨਿਸ਼ਚਾ ਹੋ ਗਿਆ ਕਿ ਐਲਪਸ ਨਹੀਂ ਹੈ ਤੇ ਸਾਰੇ ਪਾਰ ਲੰਘ ਗਏ।


ਇਕ ਭੇਡਾਂ ਚਾਰਨ ਵਾਲੀ, ਸਤੋਗੁਣ ਵਿਚ ਡੁੱਬੀ ਅੱਲ੍ਹੜ ਕੁੜੀ ਨੂੰ ਜੋਸ਼ ਆਉਂਦਿਆਂ ਹੀ ਫਰਾਂਸ ਇਕ ਭਾਰੀ ਹਾਰ ਤੋਂ ਬਚ ਗਿਆ।

ਆਪਣੇ ਆਪ ਨੂੰ ਹਰ ਘੜੀ ਤੇ ਹਰ ਪਲ ਮਹਾਨ ਤੋਂ ਵੀ ਮਹਾਨ ਬਣਾਉਣ ਦਾ ਨਾਉਂ ਵੀਰਤਾ ਹੈ। ਸੂਰਮਗਤੀ ਦੇ ਕਾਰਨਾਮੇ ਤਾ ਗੌਣ ਗੱਲਾਂ ਹਨ। ਅਸਲੀ ਵਰਿਆਮ ਤਾਂ ਇਹ ਕਾਰਨਾਮੇ ਆਪਣੀਆਂ ਡਾਇਰੀਆਂ ਵਿਚ ਲਿਖਦੇ ਵੀ ਨਹੀਂ। ਦਰਖ਼ਤ ਤਾਂ ਧਰਤੀ ਤੋਂ ਰਸ ਚੂਸਣ ਵਿਚ ਲਗਾ ਰਹਿੰਦਾ ਹੈ। ਉਸ ਨੂੰ ਇਹ ਖਿਆਲ ਹੀ ਨਹੀਂ ਹੁੰਦਾ ਕਿ ਮੇਰੇ ਕਿੰਨੇ ਫੁੱਲ, ਕਿੰਨੇ ਫਲ ਲੱਗਣਗੇ ਤੇ ਕਦੋਂ ਲੱਗਣਗੇ। ਉਸ ਦਾ ਕੰਮ ਆਪਣੇ ਆਪ ਨੂੰ ਸੱਚ ਵਿਚ ਸਮੋਈ ਰੱਖਣਾ ਹੈ ਸ਼ ਸੱਚ ਨੂੰ ਆਪਣੇ ਅੰਦਰ ਠੋਕ ਠੋਕ ਕੇ ਭਰਨਾ ਹੈ, ਅੰਦਰ ਹੀ ਅੰਦਰ ਵਧਣਾ ਹੈ। ਉਸ ਨੂੰ ਇਸ ਦੀ ਕੀ ਫਿਕਰ ਪਈ ਹੈ ਕਿ ਕੌਣ ਮੇਰੇ ਫਲ ਖਾਵੇਗਾ ਤੇ ਮੈਂ ਕਿੰਨੇ ਫਲ ਲੋਕਾਂ ਨੂੰ ਦਿੱਤੇ ਹਨ ?

ਬਹਾਦਰੀ ਦਾ ਵਿਕਾਸ ਕਈ ਤਰ੍ਹਾਂ ਨਾਲ ਹੁੰਦਾ ਹੈ। ਕਦੀ ਤਾਂ ਉਸ ਦਾ ਵਿਕਾਸ ਲੜਨ ਮਰਨ ਵਿਚ ਲਹੂ ਵਹਾਣ, ਤਲਵਾਰ-ਤੋਪ ਅੱਗੇ ਜਾਨ ਦੇਣ ਵਿਚ ਹੁੰਦਾ ਹੈ, ਕਦੇ ਪ੍ਰੇਮ ਦੇ ਪਿੜ ਵਿਚ ਉਸ ਦੇ ਨਿਸ਼ਾਨ ਝੁਲਦੇ ਹਨ। ਕਦੀ ਜੀਵਨ ਦੇ ਗੂੜ੍ਹੇ ਤੱਤ ਤੇ ਸੱਚ ਦੀ ਭਾਲ ਵਿਚ ਬੁੱਧ ਜੇਹੇ ਰਾਜੇ ਤਿਆਗੀ ਹੋ ਕੇ ਬੀਰ ਹੋ ਜਾਂਦੇ ਹਨ। ਕਦੀ ਕਿਸੇ ਆਦਰਸ਼ ਉੱਤੇ ਕਦੀ ਕਿਸੇ ਉੱਤੇ ਬਹਾਦਰੀ ਆਪਣੇ ਝੰਡੇ ਝੁਲਾਉਂਦੀ ਹੈ। ਪਰ ਬਹਾਦਰੀ ਇਕ ਪ੍ਰਕਾਰ ਦਾ ਇਲਹਾਮ ਜਾਂ ਰੱਬੀ ਪ੍ਰੇਰਣਾ ਹੈ। ਜਦ ਕਦੀ ਇਸ ਦਾ ਵਿਕਾਸ ਹੋਇਆ ਤਦੇ ਇਕ ਨਵਾਂ ਕਮਾਲ ਨਜ਼ਰੀਂ ਪਿਆ, ਇਕ ਨਵਾਂ ਜਲਾਲ ਜੰਮਿਆ, ਇਕ ਨਵੀਂ ਰੌਣਕ, ਨਵਾਂ ਰੰਗ, ਨਵੀਂ ਬਹਾਰ ਤੇ ਨਵੀਂ ਪ੍ਰਭੁਤਾ ਸੰਸਾਰ ਵਿਚ ਛਾ ਗਈ। ਬਹਾਦਰੀ ਸਦਾ ਨਿਰਾਲੀ ਤੇ ਨਵੀਂ ਹੁੰਦੀ ਹੈ, ਨਵਾਂਪਣ ਸੂਰਬੀਰਤਾ ਦਾ ਇਕ ਖਾਸ ਰੰਗ ਹੈ। ਹਿੰਦੂਆਂ ਦੇ ਪੁਰਾਣਾਂ ਦੀ ਉਹ ਅਲੰਕਾਰਮਈ ਸੋਚ ਜਿਸ ਰਾਹੀਂ ਪੁਰਾਣਕਾਰਾਂ ਨੇ ਈਸ਼ਵਰ ਦੇ ਅਵਤਾਰਾਂ ਨੂੰ ਅਨੋਖੇ ਤੇ ਵੱਖ-ਵੱਖ ਰੂਪ ਦਿੱਤੇ ਹਨ, ਸੱਚੀ ਜਾਣ ਪੈਂਦੀ ਹੈ, ਕਿਉਂਕਿ ਬੀਰਤਾ ਦਾ ਇਕ ਵਿਕਾਸ ਦੂਜੇ ਵਿਕਾਸ ਨਾਲ ਕਦੀ ਕਿਵੇਂ ਵੀ ਨਹੀਂ ਮਿਲਦਾ। ਬਹਾਦਰੀ ਦੀ ਕਦੇ ਨਕਲ ਨਹੀਂ ਹੋ ਸਕਦੀ, ਜਿਵੇਂ ਮਨ ਦੀ ਖ਼ੁਸ਼ੀ ਕਦੇ ਕੋਈ ਉਧਾਰੀ ਨਹੀਂ ਲੈ ਸਕਦਾ। ਵੀਰਤਾ ਦੇਸ਼-ਕਾਲ ਅਨੁਸਾਰ ਜਦੋਂ ਕਦੀ ਸੰਸਾਰ ਵਿਚ ਪ੍ਰਗਟ ਹੋਈ ਤਦੇ ਇਕ ਨਵਾਂ ਰੂਪ ਲੈ ਕੇ ਆਈ, ਜਿਸ ਦੇ ਦਰਸ਼ਨ ਕਰਦਿਆਂ ਹੀ ਲੋਕ ਚਕਰਾ ਗਏ। ਕੁਝ ਬਣ ਨਾ ਆਇਆ ਤੇ ਵੀਰਤਾ ਅੱਗੇ ਸਿਰ ਝੁਕਾ ਦਿੱਤਾ। ਜਾਪਾਨੀ ਵੀਰਤਾ ਦੀ ਮੂਰਤੀ ਪੂਜਦੇ ਹਨ। ਇਸ ਪੂਰਤੀ ਦਾ ਦਰਸ਼ਨ ਚੇਰੀ ਦੇ ਫੁੱਲਾਂ ਦੇ ਸ਼ਾਂਤ ਖੇਤੇ ਵਿਚ ਕਰਦੇ ਹਨ। ਕੇਹੀ ਸੱਚੀ ਤੇ ਕਲਾ ਭਰਪੂਰ ਪੂਜਾ ਹੈ। ਵੀਰਤਾ ਹਮੇਸ਼ਾ ਜ਼ੋਰ ਨਾਲ ਭਰਿਆ ਸੁਨੇਹਾ ਹੀ ਨਹੀਂ ਦੇਂਦੀ, ਮਨ ਦੀ ਕੋਮਲਤਾ ਦੇ ਵੀ ਦਰਸ਼ਨ ਕਰਾਂਦੀ ਹੈ। ਅਜੇਹੀ ਕੋਮਲਤਾ ਵੇਖ ਕੇ ਸਾਰੀ ਕੁਦਰਤ ਦੀ ਰਚਨਾ ਕੋਮਲ ਹੋ ਜਾਂਦੀ ਹੈ, ਅਜੇਹੀ ਸੁੰਦਰਤਾ ਵੇਖ ਕੇ ਲੋਕੀਂ ਮੋਹੇ ਜਾਂਦੇ ਹਨ। ਜਦੋਂ ਕੋਮਲਤਾ ਅਤੇ ਸੁੰਦਰਤਾ ਦੇ ਰੂਪ ਵਿਚ ਵੀਰਤਾ ਦਰਸ਼ਨ ਦੇਂਦੀ ਹੈ ਤਾਂ ਚੇਰੀ ਦੇ ਫੁੱਲ ਤੋਂ ਵੀ ਵਧੇਰੇ ਕੋਮਲ ਤੇ ਮਨਮੋਹਣੀ ਹੁੰਦੀ ਹੈ। ਜਿਸ ਬੰਦੇ ਨੇ ਯੂਰਪ ਨੂੰ 'ਕਰੂਸੇਡਜ਼' ਲਈ ਹਿਲਾ ਦਿੱਤਾ ਸੀ, ਉਹ ਲੜਾਈ ਵਿਚ ਲੜ ਮਰਨ ਵਾਲਿਆਂ ਤੋਂ ਵਧੇਰੇ ਯੋਧਾ ਸੀ। ਦੇਖੋ ਇਕ ਨਿੱਕਾ ਜੇਹਾ ਸਾਧਾਰਨ ਆਦਮੀ ਯੂਰਪ ਵਿਚ ਜਾ ਕੇ ਪੁਕਾਰਦਾ ਹੈ ਕਿ ਹਾਏ ਸਾਡੇ ਤੀਰਥ ਸਾਡੇ ਵਾਸਤੇ ਖੁੱਲ੍ਹੇ ਨਹੀਂ ਤੇ ਯਹੂਦ ਦੇ ਰਾਜੇ ਯਾਤਰੀਆਂ ਨੂੰ ਤੰਗ ਕਰਦੇ ਹਨ। ਇਹ ਹੰਝੂ ਭਰੀ ਅਪੀਲ ਸੁਣ ਕੇ ਯੂਰਪ ਉਸ ਦੇ ਨਾਲ ਰੋ ਉਠਿਆ। ਇਹ ਉੱਚੇ ਦਰਜੇ ਦੀ ਵੀਰਤਾ ਹੈ।

-ਚੱਲਦਾ

# ਕਾਵਿ ਕਿਆਰੀ



ਪ੍ਰੋਫੈਸਰ ਪੂਰਨ ਸਿੰਘ ਜੀ

ਪ੍ਰੋਫੈਸਰ ਪੂਰਨ ਸਿੰਘ (੧੮੮੧-੧੯੩੧) ਨੇ ਬਹੁਤ ਸਾਰਾ ਸਾਹਿਤ ਪੰਜਾਬੀ, ਅਤੇ ਅੰਗ੍ਰੇਜ਼ੀ ਵਿੱਚ ਰਚਿਆ। ਉਨ੍ਹਾਂ ਨੂੰ ਜਪਾਨੀ ਅਤੇ ਜਰਮਨ ਭਾਸ਼ਾ ਦਾ ਵੀ ਗਿਆਨ ਸੀ। ਉਨ੍ਹਾਂ ਉੱਤੇ ਸਵਾਮੀ ਰਾਮ ਤੀਰਥ, ਭਾਈ ਵੀਰ ਸਿੰਘ, ਵਾਲਟ ਵ੍ਹਿਟਮੈਨ, ਜਪਾਨੀ ਜੀਵਨ ਢੰਗ ਅਤੇ ਸਿੱਖ ਦਰਸ਼ਨ ਦਾ ਡੂੰਘਾ ਅਸਰ ਪਿਆ। ਉਨ੍ਹਾਂ ਦਾ ਆਜ਼ਾਦੀ ਨਾਲ ਮੋਹ, ਖੁਲ੍ਹ ਦਿਲੀ ਅਤੇ ਮਨ ਦੀ ਸਾਦਗੀ ਤੇ ਸ਼ੁਧਤਾ ਉਨ੍ਹਾਂ ਦੀ ਰਚਨਾ ਵਿੱਚੋਂ ਆਪ ਮੁਹਾਰੇ ਉਮੜ ਉਮੜ ਪੈਂਦੇ ਹਨ। ਉਨ੍ਹਾਂ ਨੇ ਪੰਜਾਬੀ ਵਿੱਚ ਖੁਲ੍ਹੇ ਮੈਦਾਨ, ਖੁਲ੍ਹੇ ਘੁੰਡ, ਖੁਲ੍ਹੇ ਅਸਮਾਨੀ ਰੰਗ (ਕਵਿਤਾ) ਅਤੇ ਖੁਲ੍ਹੇ ਲੇਖ (ਵਾਰਤਕ) ਰਚਨਾਵਾਂ ਲਿਖੀਆਂ। ਉਨ੍ਹਾਂ ਨੂੰ ਠੀਕ ਹੀ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ। ਅੱਜ ਦਾ ਇਹ ਕਾਵਿ-ਅੰਕ ਪ੍ਰੋ. ਪੂਰਨ ਸਿੰਘ ਵਲੋਂ ਪੰਜਾਬੀ ਸਾਹਿਤ ਨੂੰ ਦਿੱਤੇ ਵਡਮੁੱਲੇ ਯੋਗਦਾਨ ਨੂੰ ਸਮਰਪਿਤ ਹੈ।

## ਸਮੁੰਦਰ ਕਿਨਾਰੇ ਮੈਂ ਉਡੀਕਾਂ

ਸਮੁੰਦਰ ਕਿਨਾਰੇ ਮੈਂ ਖੜ੍ਹੀ ਉਡੀਕਾਂ,
ਪਿਆਰੇ ਦਾ ਜਹਾਜ਼ ਕਦ ਆਵਸੀ ?
ਮੈਨੂੰ ਉਦਾਸ ਖੜ੍ਹੀ ਨੂੰ ਦੇਖ,
ਸਾਰਾ ਸਮੁੰਦਰ ਆਇਆ, ਡਿੱਗਿਆ ਪੈਰਾਂ ਵਿਚ,
ਤੇ ਛੋਹਵੇ ਮੇਰੇ ਪੈਰ ਆਪਣੀ ਅਯਾਲ ਨਾਲ।

ਪਰ ਮੈਂ ਵੇਖਦੀ ਦੂਰ, ਉਤਾਹਾਂ ਨੂੰ,
ਪਿਆਰੇ ਦਾ ਜਹਾਜ਼ ਕਦ ਆਵਸੀ ?
ਸਮੁੰਦਰ ਵੱਲ ਮੈਂ ਧਿਆਨ ਨਾ ਕਰਦੀ,
ਸਮੁੰਦਰ ਮੇਰਾ ਕੀ ਲੱਗਦਾ ?
ਮੈਨੂੰ ਸਮੁੰਦਰ ਦੀ ਲੋੜ ਕੀ ?
ਮੈਂ ਦੇਖਦੀ ਦੂਰ ਅਗਾਹਾਂ ਨੂੰ,
ਸਮੁੰਦਰ ਥੀਂ ਪਾਰ, ਪਿਆਰੇ ਦਾ ਜਹਾਜ਼ ਕਦ ਆਵਸੀ ?

ਉਹ ਆਇਆ ਜਹਾਜ਼ ਪਿਆਰੇ ਦਾ ਲਹਿਰਾਂ 'ਤੇ ਟੁਰਦਾ,
ਜਹਾਜ਼ ਵਿਚ ਬੈਠਾ ਮੇਰੇ ਸਿਰ ਦਾ ਸਾਈਂ।
ਮੈਂ ਤਾਂ ਉਸ ਓੜ ਸਮੁੰਦਰ ਨੂੰ ਪਿਆਰਿਆ,
ਮੈਂ ਤਾਂ ਸਮੁੰਦਰ ਸਾਰੇ ਥੀਂ ਵਾਰੀ ਵਾਰੀ,
ਜਿਸ ਉੱਤੇ ਆਇਆ ਜਹਾਜ਼ ਉਹ ਪਿਆਰੇ ਦਾ।

ਮੈਂ ਤਾਂ ਘੋਲ ਘੁਮਾਈਆਂ ਸਮੁੰਦਰ ਸਾਰੇ ਦੇ ਪਾਣੀਆਂ
ਮੈਂ ਉਹਦੇ ਕੇਸਰੀ-ਸਿਰ 'ਤੇ ਹੱਥ ਫੇਰਦੀ।
ਮੈਨੂੰ ਉਹਦੀ ਸਿੰਘ-ਗਰਜ ਲੂੰਅ ਲੂੰਅ ਭਾਂਦੀ ਹੁਣ, ਜਿਗਰਾਂ ਵਿਚ ਚੁਭਦੀ।
ਮੈਂ ਮੱਲੋ ਮੱਲੀ ਸਮੁੰਦਰ-ਸਿੰਘ ਨੂੰ ਪਿਆਰਦੀ,
ਸਮੁੰਦਰ ਤਾਂ ਮੇਰਾ ਰੂਹ ਹੈ।
ਉਹ ਆਇਆ ਜਹਾਜ਼ ਪਿਆਰੇ ਦਾ ਸਮੁੰਦਰਾਂ 'ਤੇ ਟੁਰਦਾ।

## ਲੋਕੀਂ ਕਹਿਣ ਰੱਬ ਸਭ ਵਿਚ ਹੈ, ਸਭ ਕੁਝ ਹੈ

ਲੋਕੀਂ ਕਹਿਣ ਰੱਬ ਸਭ ਵਿਚ ਹੈ, ਸਭ ਕੁਝ ਉਹੋ,
ਹਰ ਥਾਂ ਹੈ, ਹਰ ਸ਼ੈ ਹੈ, ਜਿਧਰ ਦੇਖੋ, ਰੱਬ ਹੀ ਰੱਬ,
ਪਰ ਮੇਰੀਆਂ ਅੱਖੀਆਂ ਹਾਲੇ,
ਕੁਝ ਠੀਕ ਸੁਜਾਖੀਆਂ ਨਹੀਂ ਜਾਪਦੀਆਂ,
ਮੈਨੂੰ ਰੱਬ ਇਉਂ ਹਰ ਥਾਂ ਨਹੀਂ ਦਿੱਸਦਾ।

ਕਦੀ ਕਿਸੇ ਚੰਗੀ ਘੜੀ, ਕਿਸੇ ਛਿਣ ਪਲ,
ਪਤਾ ਨਹੀਂ ਕਦੇ ਬੇਵੱਸ ਜਿਹਾ ਸਮਾਂ ਸਵਾਂਤੀ ਨਛੱਤਰ ਦਾ ਕੋਈ,
ਕੁਝ ਪਤਾ ਨਹੀਂ, ਆਵੇ ਅੱਜ ਨਾ ਆਵੇ ਸਦੀਆ,
ਜਦ ਕਿਧਰੇ ਕਿਸੇ ਰੰਗ ਵਿਚ ਡੁੱਬ,
ਜੇ ਅੱਖ ਮੇਰੀ ਵੱਜੇ ਜਾ ਕਦੀ, ਗੱਲ ਵੱਸ ਦੀ ਨਾਂਹ,
ਭਾਵੇਂ ਵੱਜੇ ਜਾ ਕਿਸੇ ਪਹਾੜ ਦੇ ਬਰਫ਼ਾਨੀ ਕਿੰਗਰੇ 'ਤੇ,

ਉਹੋ ਦਿਸੇ ਉਸ ਨਛੱਤਰ ਵਿਚ ਕਦੀ ਰੱਬ ਦੀ ਸ਼ੋਭਾ ਵਿਚ ਝਲਕਦੀ,
ਉਸ ਪਹਾੜ ਦੀ ਡਲ੍ਹਦੀ ਕਿੰਗਰੀ ਵੜੇ ਦਿਲ ਮੇਰੇ ਵਿਚ ਵਾਂਗ ਸਾਧ ਤੇ ਫ਼ਕੀਰ ਦੇ, ਹੋ ਜੀਂਦੀ ਜਾਗਦੀ, ਮਨੁੱਖ ਵਰਗੀ,

ਤਾਂ ਬੇਹੋਸ਼ ਦੁਨੀਆਂ ਤੇ ਦੀਨ ਥੀਂ ਹੋ ਮੈਂ ਕੂਕਾਂ- ਉਹ ਰੱਬ।
ਲੂੰ ਲੂੰ ਠੰਢਾ ਹੁੰਦਾ ਵੇਖ ਕੇ,
ਨਸ਼ਾ ਅਟੁੱਟ ਆਵੇ, ਨੈਨਾਂ ਥੀਂ ਅੰਮ੍ਰਿਤ ਬੂੰਦ ਪਈ ਵੱਸਦੀ,
ਸੁਹਣੱਪ ਦਾ ਮੀਂਹ ਵੱਸੇ ਚਾਰ ਚੁਫੇਰੀਂ।
ਦਿਲ ਖੁਸ਼ ਕੀਤਾ ਬਰਫ਼ਾਨੀ ਜੋਤ ਨੇ,
ਪਰ ਉਹ ਸਵਾਂਤੀ ਨਛੱਤਰ, ਪਤਾ ਨਹੀਂ ਕਿਸ ਦੇ ਵੱਸ ਹੈ ?
ਇਉਂ ਕਦੀ ਕਦੀ ਮੈਂ ਰੱਬ ਦੇਖਦਾ, ਕਿਧਰੇ ਕਿਧਰੇ।

## ਉਸ ਦੀ ਦਾਤ

ਉਸ ਮੋਤੀ ਇਕ ਵਿੰਨ੍ਹ ਕੇ,
ਇਕ ਕਿਰਨ ਜਿਹੀ ਤਾਰ ਵਿਚ ਪ੍ਰੋ ਦਿੱਤਾ ਮੈਨੂੰ।
ਆਪਣੇ ਹੱਥੀਂ ਗਲੇ ਮੇਰੇ ਵਿਚ ਪਾਇਆ
ਅਜੀਬ-ਇਹ ਮੋਤੀ।
ਜਿਵੇਂ ਅੱਖਾਂ ਨਾਲ ਤਾਰੇ ਸੌਂਦੇ, ਉੱਠਦੇ, ਖੁੱਲ੍ਹਦੇ ਮੀਟਦੇ
ਤਿਵੇਂ ਉਹ ਮੋਤੀ ਲੱਗ ਮੇਰੀ ਛਾਤੀ,
ਮੇਰੇ ਨਾਲ ਨਾਲ ਸੌਂਦਾ ਜਾਗਦਾ, ਹੱਸਦਾ ਰੋਂਦਾ।
ਪਰ ਮੈਂ ਅਣਗਹਿਲਣ, ਮੈਂ ਮੂਰਖ,
ਮੈਨੂੰ ਉਹਦੀ ਅਸਲ ਖ਼ਬਰ ਕੋਈ ਨਾਂਹ।
ਇਕ ਦਿਨ ਇਹ ਧਾਗਾ ਟੁੱਟਾ, ਮੋਤੀ ਡਿੱਗਾ,
ਤੇ ਮੇਰੇ ਗਲੇ ਵਿਚੋਂ ਢਹਿ ਪਈ ਤਲੇ ਧਰਾ 'ਤੇ।
ਮੈਂ ਹੈਰਾਨ ਹੋ ਦੇਖਦੀ ਹਾਂ,
ਦੋਵੇਂ ਜ਼ਮੀਨ ਅਕਾਸ਼ ਇਕਠੇ, ਇੱਕੋ ਵੇਲੇ ਦੌੜੇ,
ਇਹਨੂੰ ਪਰੁੱਛਣ ਨੂੰ ਡਾਢੀ ਸਤਿਕਾਰ ਵਿਚ,
ਹਾਏ ਇਹ ਤਲੇ ਕਿਉਂ ਢੱਠਾ ?
ਮੈਨੂੰ ਇਹਦੀ ਅਸਲੀ ਖ਼ਬਰ ਕੋਈ ਨਾਂਹ।

## ਲੋਕੀਂ ਆਖਣ ਮੈਂ ਜੀ ਪਿਆ

ਲੋਕੀਂ ਆਖਣ ਮੈਂ ਜੀ ਪਿਆ।
ਹੋਇਆ ਕੀ ਸੀ ?
ਲਹੂ ਮੇਰੇ ਵਿਚ ਘੋਲਿਆ
ਸੁਹਣੇ ਸਾਈਂ ਮੇਰੇ ਸੱਚਿਆ,
ਇਕ ਲਾਲ ਲਾਲ, ਬੋਲਦਾ,
ਜੀਂਦਾ ਗੱਲਾਂ ਕਰਦਾ, ਹਿਲਦਾ ਜੁਲਦਾ,
ਇਕ ਗੀਤ ਸੀ।
ਉਹ ਗੀਤ ਹੱਡੀ ਹੱਡੀ ਮੇਰੀ ਵਿਚ ਧੱਸਿਆ,
ਗਾਂਦਾ ਗਾਂਦਾ ਮੈਂ ਵਗਿਆ।
ਜਾਂਦਾ ਮੈਂ ਅੱਗ ਵਿਚ, ਜਲ ਵਿਚ,
ਘੋਲਦਾ ਜਾਂਦਾ ਮੁੜ ਸਭ ਕੁਝ ਮੈਂ ਆਪਣੇ ਆਪ ਵਿਚ,
ਤੇ ਜਾਂਦਾ ਆਪਾ ਮੁੜ ਸਭ ਕੁਝ ਮੈਂ ਸਾਰੇ ਜੱਗ ਵਿਚ,
ਇਸ ਵਿਚ, ਉਸ ਵਿਚ, ਹਵਾ ਵਿਚ,
ਮਿੱਟੀ ਵਿਚ, ਰਗ ਵਿਚ, ਰੰਗ ਵਿਚ,
ਜੀਣ ਵਿਚ ਮੌਤ ਵਿਚ।
ਮੈਂ ਤਾਂ ਡੁਲ੍ਹਦਾ ਸੀ ਜਾਂਦਾ ਸਭ ਕਿਸੇ ਵਿਚ,
ਗਾਂਦਾ ਉਹ ਗੀਤ ਜਿਹੜਾ ਪਿਆਰ-ਵਾਂਗ
ਰਲਾਇਆ ਸਾਈਆਂ ਪਿਆਰਿਆ,
ਮੇਰੀ ਰਗ ਰਗ,
ਤੇ ਪੋੜਿਆ ਮੇਰੇ ਲੂੰ ਲੂੰ ਨੂੰ।

## ਟੁਰ ਗਿਆ ਸੀ ਉਹ

ਟੁਰ ਗਿਆ ਸੀ ਉਹ ਮੈਨੂੰ 'ਕੱਲੀ ਨੂੰ ਛੱਡ ਕੇ।
ਘੋੜੇ ਚੜ੍ਹੇ ਨੀਲੇ 'ਤੇ ਮੈਂ ਜਾਂਦਾ ਤੱਕਿਆ ਉਹ ਸਵਾਰ ਸੀ।
ਮੈਂ ਸੋਚਾਂ ਵਿਚ ਡੁੱਬੀ,
ਪਤਾ ਨਹੀਂ ਉਹ ਪਿਆਰਾ ਹੁਣ ਕਦ ਮੁੜਸੀ ?
ਮੈਨੂੰ 'ਕੱਲਾ ਉਹ ਛੱਡ ਟੁਰ ਗਿਆ,
ਮੈਂ ਨਿੰਮੋਝੂਣ ਜਿਹੀ ਹੋ ਕੇ,
ਸਿਰ ਆਪਣੇ ਗੋਡਿਆਂ ਵਿਚ ਸੁੱਟ ਬੈਠੀ ਨਿਰਾਸ ਜਿਹੀ,
ਮੈਨੂੰ ਚੁੱਪ ਜਿਹੀ ਲੱਗ ਗਈ।
ਗੋਡਿਆ ਵਿਚ ਪਿਆ ਸਿਰ,
ਮੈਂ ਕੀ ਦੇਖਦੀ ?
ਉਹ ਮੇਰਾ ਸਾਈਂ ਨੀਲੇ ਘੋੜੇ ਵਾਲਾ,
ਚੜ੍ਹਿਆ ਚੜ੍ਹਾਇਆ ਆ ਰਿਹਾ ਹੈ ਨੀਲੇ ਘੋੜੇ 'ਤੇ
ਸਵਾਰ ਹੋ ਮੇਰੇ ਦਿਲ ਦੇ ਸ਼ਹਿਰ ਨੂੰ।
ਉਹਦੇ ਸੁੰਮਾਂ ਦੀ ਖੜਾਕ ਹੋਈ,
ਮੇਰੇ ਰੂਹ ਦਾ ਅੰਦਰਲਾ ਗੀਤ ਸੀ।
ਇੰਨੇ ਚਿਰ ਵਿਚ ਉਹ ਸਾਈਂ ਮੇਰਾ,
ਦਿਲ ਮੇਰੇ ਵਿਚ ਵੜ ਕੇ, ਘੋੜੇ ਸਮੇਤ
ਮੇਰੇ ਕੋਲ ਆਣ ਖੜ੍ਹਾ ਸੀ ;
ਤੇ ਮੈਨੂੰ ਝੂਣ ਆਖਦਾ ;
ਮੇਰੇ ਘਰ ਅੰਦਰ ਬੈਠਿਆਂ,
ਮੇਰੇ ਮਹਿਲ ਵਸਦਿਆਂ,
ਇਹ ਕਾਹਦੀ ਅਕਲ ਹੈ ?
ਤੇ ਕੀ ਸੀ ਇਹ ਤੌਖਲਾ ?

## ਪੰਜਾਬ ਦੇ ਮਜ਼ੂਰ

ਓਏ ! ਮਜ਼ੂਰ ਚੰਗੇ ਲੱਗਦੇ !
ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,

ਉਨ੍ਹਾਂ ਵਿਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,
ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,

ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।
ਨੰਗੇ ਨੰਗੇ ਦਿਲ ਇਨ੍ਹਾਂ ਦੇ,

ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗੱਲਾਂ।
ਇਨ੍ਹਾਂ ਦੀ ਗ਼ਰੀਬੀ ਨਿੱਕੀ,

ਇਨ੍ਹਾਂ ਦਾ ਸੰਤੋਖ ਵੱਡਾ,
ਇਹ ਠੰਢੇ ਪਾਣੀ ਵਾਂਗ
ਮੇਰੇ ਜੀ ਨੂੰ ਠਾਰਦੇ।

## ਪਿੱਪਲ ਹੇਠ

ਪਿੱਪਲ ਹੇਠ ਇਹ ਧੂਣੀ ਪਈ ਰਸਦੀ,
ਉੱਦਾ ਧੂਆਂ ਪਿਆ ਨਿਕਲਦਾ,
ਅੱਗ ਪਈ ਮੱਘਦੀ।
ਬਾਵਰੀਆਂ ਵਾਲਾ ਬੈਰਾਗੀ ਇਕ ਬੈਠਾ
ਬਦਨ ਤੇ ਸਵਾਹ ਜਿਹੀ ਮਲੀ ਹੋਈ,
'ਰਾਮ' 'ਰਾਮ' ਕਰਦਾ,
ਹੱਥ ਵਿਚ ਰੁਦਰਾਖ ਦੀ ਮਾਲਾ।
ਮੈਂ ਸਾਹਮਣੇ ਖਲੋ ਗਿਆ,
ਸਿਰ ਹਵਾ ਵਿਚ ਸੁੱਟ ਕੇ,
ਕੁਝ ਹੈਰਾਨੀ ਜਿਹੀ ਗੁਸਤਾਖੀ ਵਿਚ,
ਤੇ ਟੱਕ ਬੰਨ੍ਹ ਕੇ ਤੱਕਣ ਲੱਗ ਪਿਆ,
ਮੇਰੇ ਨੈਣ ਪੁੱਛਦੇ-
ਕੀ ਇਸ ਨੇ ਪਿਆਰ ਦੇ ਦਰਸ ਨਹੀਂ ਪਾਏ, ਹਾਲੇ ?
ਨਹੀਂ ਤਾਂ ਤਪ ਕਿਉਂ ਕਰਦਾ ਇਹ ਆਦਮੀ ?
ਖ਼ਾਕ ਸਿਰ ਤੇ ਕਿਉਂ ਪਾਈ ਹੈ ?
ਤੇ ਆਪਾ ਕਿਉਂ ਸਾੜਦਾ-
ਮੈਂ ਬੋਲਿਆ ਕੁਝ ਨਾਂਹ,
ਬੱਸ ਦੇਖ ਦੇਖ ਪੁੱਛਦਾ।
ਉਹ ਬੈਰਾਗੀ ਬੁਲਾਉਂਦਾ ਰਹਿ ਗਿਆ,
'ਆਓ ਬੈਠੋ' ਆਖਦਾ,
ਮੈਂ ਨੱਸ ਖਲੋਤਾ,
'ਆਇਆ' 'ਆਇਆ' ਆਖਦਾ।

## ਸਭ ਨੂੰ ਖਿਚਾਂ ਪਾਉਣ ਵਾਲਾ

ਮੇਰਾ ਪ੍ਰੀਤਮ
ਬਰਫ ਢਕੀਆਂ ਪਰਬਤ ਸਿਖਰਾਂ ਉਤੇ
ਬਹਿ ਕੇ ਸੀ ਬੰਸੀ ਦੀ ਧੁਨ ਵਜਾਉਂਦਾ,
ਮਿੱਠੜਾ ਰਾਗ ਅਲਾਉਂਦਾ।
ਸੁਣ ਕੇ ਉਸ ਦਾ ਰਾਗ ਸੁਰੀਲਾ
ਪਰਬਤ ਖੰਡ ਦੇ ਮਿਰਗ ਕਸਤੂਰੇ
ਆ ਇਕੱਤਰ ਹੋਏ ਉਸ ਥਾਂ
ਜਿਵੇਂ ਪਿਆਰ ਦੇ ਜਾਲ ਵਿਚ
ਗਏ ਹੋਵਣ ਉਹ ਬੱਧੇ;
ਪ੍ਰੀਤਮ ਵੀ ਇਸ ਖੁਸ਼ੀ ਨੂੰ
ਛੁਪਾ ਨਾ ਸਕਿਆ,
ਤੇ ਇਸ ਮਧੁਰ ਸੰਗੀਤ ਦੀ ਖ਼ੁਸ਼ਬੋਈ
ਚਾਰ-ਚੁਫੇਰੇ ਪਰਬਤ ਕੰਧਾਂ ਤੋਂ ਪ੍ਰੇਰੇ ਵੀ
ਦਿਤੀ ਜਾ ਸੁਣਾਈ।
ਸ੍ਰਿਸ਼ਟੀ ਦੇ ਸਭ ਰਿਖੀ ਰਿਖੀਸਰ
ਤਾਰੇ ਗਗਨਾਂ ਵਾਲੇ ਦੇਵ-ਗਣ ਸਾਰੇ
ਆ ਜੁੜੇ ਉਸ ਥਾਂ,
ਨਮਸਕਾਰ ਕਰ ਸੀਸ ਝੁਕਾਵਣ
ਹੋਵਣ ਪਏ ਬਲਿਹਾਰੇ।

## ਹ਼ਲ ਵਾਹੁਣ ਵਾਲੇ

ਓਏ ! ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ,
ਦਿਲ ਮੇਰਾ ਆਣ ਵਾਹੀਆਂ ਵਿਚ ਖੁੱਭਿਆ,
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,
ਜੱਟ ਬੂਟ ਮੇਰੇ ਯਾਰ ਵੋ।
ਲੱਸੀ ਦਾ ਛੰਨਾ ਦਿੰਦੇ,
ਬਾਜਰੇ ਦੀ ਰੋਟੀ,
ਮੱਖਣ ਦੀ ਪਿੰਨੀ ਦਿੰਦੇ,
ਦੁੱਧ ਦੀਆਂ ਕਟੋਰੀਆਂ।
ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ;
ਮੱਕੀ, ਜਵਾਰ ਤੇ ਛੋਲਿਆਂ।
ਪਾਣੀ ਠੰਢਾ ਖੂਹਾਂ ਦਾ ਦਿੰਦੇ,
ਖੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,
ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ,
ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ।
ਬੀਜ ਬੀਜਣ ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ।
ਖਾਣ ਥੋੜ੍ਹਾ, ਪਹਿਨਣ ਮੋਟਾ ਸੋਟਾ,
ਵੇਖਣ ਮੁੜ ਮੁੜ ਵੱਲ ਬੱਦਲਾਂ,
ਇਹ ਹਨ ਜੱਗ ਦੇ ਭਮਡਾਰੀ,
ਰਾਜੇ ਹੱਥ ਅੱਡ ਅੱਡ ਮੰਗਦੇ ਇਥੋਂ ਰੋਟੀਆਂ।

## ਸੋਹਣੀ ਦੀ ਝੁੱਗੀ

ਮੈਨੂੰ ਦਿਸਦੀ ਝਨਾਂ ਦੇ ਪਾਰਲੇ ਕੰਢੇ,
ਦੂਰ ਨੂਰ ਵਿਚ ਡੁੱਬੀ ਨਿੱਕੀ ਜਿਹੀ ਝੁੱਗੀ,
ਸਿਰਫ਼ ਉਹ ਥਾਂ ਚਮਕਦੀ,

ਹੋਰ ਸਭ ਝਨਾਂ ਦਾ ਪਾਣੀ ਤੇ ਕੰਢਾ ਹਨੇਰਾ ਹਨੇਰਾ,
ਤੇ ਹਨੇਰੇ ਵਿਚ ਚਮਕਦੀ, ਉਹ ਇਕ ਤਾਰਾ,
ਇਕ ਖਿੱਤੀ ਨੂਰ ਦੀ,
ਇਹ ਸੋਹਣੀ ਦਾ ਦਿਲ ਹੈ।
ਇੱਥੇ ਵੱਸਦੀ ਸਦਾ ਦੀ ਜ਼ਿੰਦਗੀ,
ਪੰਜਾਬ ਦੀ ਭਕਦੀ, ਕੂਕਦੀ ਜਵਾਨੀ।

ਇਸ ਝੁੱਗੀ ਥੀਂ ਵਾਰੇ ਲੱਖ ਲੱਖ ਸਲਤਨਤਾਂ,
ਝਨਾਂ ਰੋਹੜ ਵਾਰਦਾ ਲੱਖ ਵੇਰੀ,
ਤੇ ਰੱਖਦਾ ਜ਼ੰਜੀਰਾਂ ਪਾ ਆਪਣੇ ਕੰਢੇ ਤੇ ਇਹ ਝੁੱਗੀ,
ਇਹ ਝੁੱਗੀ ਸਦਾ ਵੱਸਦੀ,
ਦੀਵਾ ਅੰਦਰ ਪਿਆ ਬਲਦਾ,
ਸੋਹਣੀ ਦਾ ਫ਼ਕੀਰ-ਪਾਤਸ਼ਾਹ ਇੱਥੇ ਵੱਸਦਾ।

# ਅਜੋਕਾ ਵਿਕਾਸ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ

ਲੇਖਕ : ਡਾ. ਗੁਰਿੰਦਰ ਕੌਰ



ਕੁਦਰਤੀ ਵਾਤਾਵਰਨ ਵਿਚਲੇ ਹਵਾ, ਪਾਣੀ ਤੇ ਧਰਤੀ, ਤਿੰਨੇ ਤੱਤ ਹਰ ਤਰ੍ਹਾਂ ਦੇ ਜੈਵਿਕਾਂ (ਮਨੁੱਖਾਂ, ਜੀਵ-ਜੰਤੂਆਂ ਤੇ ਬਨਸਪਤੀ) ਦੀ ਜ਼ਿੰਦਗੀ ਲਈ ਅਹਿਮ ਹਨ। ਇਨ੍ਹਾਂ ਤੋਂ ਬਿਨਾਂ ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਸੰਭਵ ਨਹੀਂ। ਇਹ ਕੁਦਰਤ ਦੀਆਂ ਮਨੁੱਖ ਨੂੰ ਦਿੱਤੀਆਂ ਅਨਮੋਲ ਦਾਤਾਂ ਹਨ। ਮਨੁੱਖ ਨੇ ਆਰਥਿਕ ਵਾਧੇ ਅਤੇ ਆਪਣੀਆਂ ਲਾਲਸਾਵਾਂ ਲਈ ਇਹ ਬਹੁਮੁੱਲੇ ਕੁਦਰਤੀ ਸ੍ਰੋਤ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿੱਤੇ ਹਨ। ਸਾਡੇ ਵਡੇਰੇ ਕੁਦਰਤੀ ਸ੍ਰੋਤਾਂ ਦੀ ਮਹੱਤਤਾ ਸਮਝਦੇ ਸਨ, ਇਸੇ ਲਈ ਉਹ ਕੁਦਰਤੀ ਸ੍ਰੋਤਾਂ ਨੂੰ ਪੂਜਦੇ ਅਤੇ ਸਤਿਕਾਰਦੇ ਸਨ। ਸਾਡੇ ਧਾਰਮਿਕ ਗ੍ਰੰਥਾਂ ਵਿੱਚ ਵੀ ਕੁਦਰਤੀ ਸ੍ਰੋਤਾਂ ਲਈ ਸਤਿਕਾਰਤ ਸ਼ਬਦ ਵਰਤੇ ਗਏ ਹਨ। ਗੁਰੂ ਨਾਨਕ ਜੀ ਨੇ ਇਨ੍ਹਾਂ ਕੁਦਰਤੀ ਸ੍ਰੋਤਾਂ ਨੂੰ ਗੁਰੂ, ਪਿਤਾ ਅਤੇ ਮਾਤਾ ਸਮਾਨ ਦਰਜਾ ਦਿੱਤਾ- ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਕੁਦਰਤੀ ਸ੍ਰੋਤ ਸਿਰਫ਼ ਸੰਭਾਲੇ ਜਾ ਸਕਦੇ ਹਨ, ਬਣਾਏ ਨਹੀਂ ਜਾ ਸਕਦੇ।

ਅਫ਼ਸੋਸ ਕਿ ਭਾਰਤ ਸਮੇਤ ਦੁਨੀਆ ਦੇ ਬਹੁਤੇ ਮੁਲਕ ਇਨ੍ਹਾਂ ਕੁਦਰਤੀ ਸ੍ਰੋਤਾਂ ਦੀ ਸੰਭਾਲ ਕਰਨਾ ਭੁੱਲ ਗਏ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊਐੱਚਓ) ਦੀ ਰਿਪੋਰਟ ਅਨੁਸਾਰ, ਹਵਾ ਇੰਨੀ ਪ੍ਰਦੂਸ਼ਿਤ ਹੋ ਗਈ ਕਿ ਦੁਨੀਆ ਭਰ ਵਿੱਚੋਂ 10 ਵਿੱਚੋਂ 9 ਵਿਅਕਤੀ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਂਦੇ ਹਨ; 2024 ਦੀ ਗਲੋਬਲ ਏਅਰ ਰਿਪੋਰਟ ਅਨੁਸਾਰ, ਹਰ ਸਾਲ 81 ਲੱਖ ਲੋਕ ਹਵਾ ਦੇ ਪ੍ਰਦੂਸ਼ਣ ਨਾਲ ਮਰ ਜਾਂਦੇ ਹਨ। ਇਸੇ ਰਿਪੋਰਟ ਦਾ ਖੁਲਾਸਾ ਹੈ ਕਿ ਭਾਰਤ ਵਿੱਚ ਇਸ ਪ੍ਰਦੂਸ਼ਣ ਕਾਰਨ 21 ਲੱਖ ਲੋਕ ਹਰ ਸਾਲ ਅਤੇ ਪੰਜ ਸਾਲ ਤੋਂ ਛੋਟੀ ਉਮਰ ਦੇ 464 ਬੱਚੇ ਹਰ ਰੋਜ਼ ਹਵਾ ਦੇ ਪ੍ਰਦੂਸ਼ਣ ਨਾਲ ਸਬੰਧਿਤ ਬਿਮਾਰੀਆਂ ਨਾਲ ਮਰ ਜਾਂਦੇ ਹਨ।

ਹਵਾ ਪ੍ਰਦੂਸ਼ਣ ਨਾਲ ਦਿਲ ਅਤੇ ਸਾਹ ਨਾਲ ਸਬੰਧਿਤ ਬਿਮਾਰੀਆਂ, ਫੇਫੜਿਆਂ ਦਾ ਕੈਂਸਰ, ਦਮਾ, ਸਟ੍ਰੋਕ, ਚਮੜੀ ਅਤੇ ਅੱਖਾਂ ਦੀ ਐਲਰਜੀ ਆਦਿ ਬਿਮਾਰੀਆਂ ਹੋ ਜਾਂਦੀਆਂ ਹਨ। ਅਮਰੀਕਾ ਦੀ ਯੇਲ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ, ਹਵਾ ਦਾ ਪ੍ਰਦੂਸ਼ਣ ਮਨੁੱਖਾਂ ਦੀ ਔਸਤ ਉਮਰ ਉੱਤੇ ਵੀ ਅਸਰ ਪਾਉਂਦਾ ਹੈ। ਜਿੱਥੇ ਜਿੰਨਾ ਜ਼ਿਆਦਾ ਹਵਾ ਪ੍ਰਦੂਸ਼ਣ ਹੋਵੇਗਾ, ਉਸੇ ਅਨੁਪਾਤ ਵਿੱਚ ਉੱਥੋਂ ਦੇ ਲੋਕਾਂ ਦੀ ਔਸਤ ਉਮਰ ਘਟੇਗੀ। ਇਸ ਦਾ ਬੱਚਿਆਂ ਅਤੇ ਬਜ਼ੁਰਗਾਂ ਉੱਤੇ ਨੌਜੁਆਨਾਂ ਨਾਲੋਂ ਵੱਧ ਮਾਤਰਾ ਅਸਰ ਪੈਂਦਾ ਹੈ। 2024 ਦੀ ਵਰਲਡ ਏਅਰ ਕੁਆਲਿਟੀ ਰਿਪੋਰਟ ਨੇ ਖੁਲਾਸਾ ਕੀਤਾ ਕਿ ਦੁਨੀਆ ਦੇ ਸਿਰਫ਼ 7 ਮੁਲਕ ਆਸਟਰੇਲੀਆ, ਬਾਹਾਮਾਸ, ਬਾਰਬਾਡੋਸ, ਇਸਟੋਨੀਆ, ਗਰਨਾਡਾ, ਆਈਸਲੈਂਡ ਅਤੇ ਨਿਊਜ਼ੀਲੈਂਡ ਹੀ ਪੀਐੱਮ 2.5 ਦੇ ਆਧਾਰ ਉੱਤੇ ਡਬਲਿਊਐੱਚਓ ਮਾਪਦੰਡਾਂ ਉੱਤੇ ਪੂਰੇ ਉਤਰਦੇ ਹਨ। ਰਿਪੋਰਟ ਅਨੁਸਾਰ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਦਿੱਲੀ ਹੈ; ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਰਨੀਹਾਟ (ਮੇਘਾਲਿਆ) ਵੀ ਭਾਰਤ ਵਿੱਚ ਹੀ ਹੈ। ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ 20 ਸ਼ਹਿਰਾਂ ਵਿੱਚੋਂ 13 ਭਾਰਤ ਵਿੱਚ ਹਨ।

ਹਵਾ ਪ੍ਰਦੂਸ਼ਣ ਦੇ ਦੋ ਮੁੱਖ ਸ੍ਰੋਤ ਹਨ: ਕੁਦਰਤੀ ਸ੍ਰੋਤ ਅਤੇ ਮਨੁੱਖੀ ਗਤੀਵਿਧੀਆਂ। ਕੁਦਰਤੀ ਸ੍ਰੋਤਾਂ ਰਾਹੀਂ ਹੋਣ ਵਾਲਾ ਪ੍ਰਦੂਸ਼ਣ ਥੋੜ੍ਹੇ ਸਮੇਂ ਲਈ ਹੁੰਦਾ ਹੈ। ਕੁਦਰਤੀ ਪ੍ਰਬੰਧਨ (ਈਕੋ ਸਿਸਟਮ) ਉਸ ਨੂੰ ਆਪ ਹੀ ਸਮੇਟ ਲੈਂਦਾ ਹੈ। ਦੂਜਾ ਸ੍ਰੋਤ ਮਨੁੱਖੀ ਗਤੀਵਿਧੀਆਂ ਹਨ ਜਿਨ੍ਹਾਂ ਵਿੱਚ ਉਦਯੋਗਿਕ ਇਕਾਈਆਂ, ਆਵਾਜਾਈ ਦੇ ਸਾਧਨ, ਉਸਾਰੀ ਦੇ ਕੰਮ, ਕੂੜੇ ਦੇ ਢੇਰਾਂ ਤੇ ਫ਼ਸਲਾਂ ਦੀ ਰਹਿੰਦ-ਖੂਹੰਦ ਨੂੰ ਅੱਗ ਲਗਾਉਣਾ, ਥਰਮਲ ਪਲਾਂਟ, ਇੱਟਾਂ ਦੇ ਭੱਠੇ, ਏਅਰ ਕੰਡੀਸ਼ਨਰਜ਼, ਧਾਰਮਿਕ ਤਿਉਹਾਰਾਂ ਤੇ ਸਮਾਜਿਕ ਸਮਾਗਮਾਂ ਉੱਤੇ ਪਟਾਕੇ ਚਲਾਉਣਾ ਆਦਿ ਹਨ। ਇਨ੍ਹਾਂ ਗਤੀਵਿਧੀਆਂ ਰਾਹੀਂ ਹਵਾ ਪ੍ਰਦੂਸ਼ਣ ਨਾਲ ਵੱਖ-ਵੱਖ ਸ੍ਰੋਤਾਂ ਤੋਂ ਨਿਕਲੀਆਂ ਗੈਸਾਂ ਧਰਤੀ ਦੇ ਔਸਤ ਤਾਪਮਾਨ ਵਿੱਚ ਵੀ ਵਾਧਾ ਕਰਦੀਆਂ ਹਨ। ਇਸ ਵਾਧੇ ਕਾਰਨ ਮੌਸਮੀ ਤਬਦੀਲੀਆਂ ਆਉਣ ਨਾਲ ਕੁਦਰਤੀ ਆਫ਼ਤਾਂ ਦੀ ਗਿਣਤੀ ਅਤੇ ਮਾਰ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਹ ਗਤੀਵਿਧੀਆਂ ਧਰਤੀ ਉੱਤੇ ਰਹਿਣ ਵਾਲੇ ਸਾਰੇ ਜੈਵਿਕਾਂ ਦੀ ਜ਼ਿੰਦਗੀ ਮੁਸ਼ਕਿਲ ਬਣਾ ਰਹੀਆਂ ਹਨ।

ਹਵਾ ਤੋਂ ਬਾਅਦ ਜੈਵਿਕਾਂ ਦੀ ਦੂਜੀ ਮੁੱਢਲੀ ਲੋੜ ਪਾਣੀ ਹੈ। ਪਾਣੀ ਤੋਂ ਬਿਨਾਂ ਧਰਤੀ ਉੱਤੇ ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਨੁੱਖ ਨੇ ਇਸ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ। ਪਾਣੀ ਦੀ ਬੇਲੋੜੀ ਵਰਤੋਂ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਡਿਗ ਰਿਹਾ ਹੈ, ਪੀਣ ਵਾਲੇ ਪਾਣੀ ਦੀ ਥੁੜ ਹੋ ਰਹੀ ਹੈ।

ਨੀਤੀ ਆਯੋਗ ਦੀ 2018 ਦੀ ਰਿਪੋਰਟ ਅਨੁਸਾਰ, ਮੁਲਕ ਦੇ 21 ਵੱਡੇ ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਆਉਣ ਵਾਲੇ ਸਾਲਾਂ ਵਿੱਚ ਖ਼ਤਮ ਹੋ ਜਾਵੇਗਾ; 2030 ਤੱਕ ਮੁਲਕ ਦੀ 40 ਫ਼ੀਸਦ ਆਬਾਦੀ ਕੋਲ ਪੀਣ ਲਈ ਪਾਣੀ ਨਹੀਂ ਹੋਵੇਗਾ। ਵਰਲਡ ਵਾਈਲਡ ਫੰਡ ਦੀ 2020 ਰਿਪੋਰਟ ਅਨੁਸਾਰ, 2050 ਤੱਕ ਭਾਰਤ ਦੇ 30 ਵੱਡੇ ਸ਼ਹਿਰਾਂ ਦਾ ਪਾਣੀ ਖ਼ਤਮ ਹੋ ਜਾਵੇਗਾ। ਸੈਂਟਰਲ ਗਰਾਊਂਡ ਵਾਟਰ ਬੋਰਡ ਦੀ 2023 ਦੀ ਰਿਪੋਰਟ ਅਨੁਸਾਰ, ਮੁਲਕ ਦਾ 70 ਫ਼ੀਸਦ ਧਰਤੀ ਉਤਲਾ ਪੀਣ ਵਾਲਾ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ ਅਤੇ ਪ੍ਰਦੂਸ਼ਿਤ ਪਾਣੀ ਪੀਣ ਨਾਲ ਹਰ ਸਾਲ 3 ਲੱਖ ਵਿਅਕਤੀ ਸਮੇਂ ਤੋਂ ਪਹਿਲਾਂ ਮਰ ਜਾਂਦੇ ਹਨ। 60 ਫ਼ੀਸਦ ਸੀਵਰੇਜ ਅਤੇ ਉਦਯੋਗਾਂ ਦਾ ਗੰਦਾ ਪਾਣੀ ਸ਼ੁੱਧ ਕੀਤੇ ਬਿਨਾਂ ਹੀ ਨਦੀਆਂ ਤੇ ਦਰਿਆਵਾਂ ਵਿੱਚ ਛੱਡ ਦਿੱਤਾ ਜਾਂਦਾ ਹੈ। ਜਲਗਾਹਾਂ (ਝੀਲਾਂ, ਟੋਭੇ, ਦਲਦਲੀ ਖੇਤਰ, ਬਰਸਾਤੀ ਨਾਲੇ, ਦਰਿਆ ਆਦਿ) ਦੇ ਖਾਲੀ ਪਏ ਖੇਤਰਾਂ ਉੱਤੇ ਕੀਤੀਆਂ ਜਾ ਰਹੀਆਂ ਉਸਾਰੀਆਂ ਨੇ ਪਾਣੀ ਰੀਚਾਰਜ ਵਾਲੇ ਖੇਤਰ ਘਟਾ ਦਿੱਤੇ ਹਨ।

ਹਵਾ ਤੇ ਪਾਣੀ ਤੋਂ ਬਾਅਦ ਧਰਤੀ ਦੀ ਗੱਲ ਕਰੀਏ ਤਾਂ ਮਨੁੱਖ ਨੇ ਇਸ ਦੀ ਹੋਂਦ ਉੱਤੇ ਵੀ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਧਰਤੀ ਦਾ ਬਰਫ਼ ਰਹਿਤ 70 ਫ਼ੀਸਦ ਖੇਤਰ ਮਨੁੱਖ ਨੇ ਆਪਣੀਆਂ ਗਤੀਵਿਧੀਆਂ ਨਾਲ ਬਦਲ ਦਿੱਤਾ ਹੈ। ਧਰਤੀ ਉੱਤੇ ਤਿੰਨ ਤਰ੍ਹਾਂ ਦੇ ਜੈਵਿਕ- ਮਨੁੱਖ, ਜੀਵ-ਜੰਤੂ ਅਤੇ ਬਨਸਪਤੀ ਹੁੰਦੇ ਹਨ। ਤਿੰਨਾਂ ਦੇ ਹਿੱਸੇ ਵਿੱਚ ਧਰਤੀ ਦਾ 33-33 ਫ਼ੀਸਦ ਆਉਂਦਾ ਹੈ। ਲਗਭਗ ਸਾਰੇ ਜੀਵ-ਜੰਤੂ ਜੰਗਲਾਂ ਵਿੱਚ ਰਹਿੰਦੇ ਹਨ। ਸੋ 66 ਫ਼ੀਸਦ ਹਿੱਸਾ ਜੰਗਲਾਂ ਅਤੇ ਜੀਵ-ਜੰਤੂਆਂ ਦੇ ਹਿੱਸੇ ਆਉਣਾ ਬਣਦਾ ਹੈ। ਧਰਤੀ ਉੱਤੇ ਕਿਸੇ ਵੀ ਤਰ੍ਹਾਂ ਦੇ ਵਿਕਾਸ ਲਈ ਸਭ ਤੋਂ ਪਹਿਲਾਂ ਜੰਗਲ ਵੱਢੇ ਜਾਂਦੇ ਹਨ ਜਿਸ ਕਾਰਨ ਬਨਸਪਤੀ ਦੇ ਨਾਲ-ਨਾਲ ਜੀਵ-ਜੰਤੂਆਂ ਦਾ ਬਸੇਰਾ ਅਤੇ ਭੋਜਨ ਦੇ ਸ੍ਰੋਤ ਵੀ ਖ਼ਤਮ ਹੋ ਜਾਂਦੇ ਹਨ। ਨਤੀਜੇ ਵਜੋਂ ਜੰਗਲੀ ਜਾਨਵਰ ਭਟਕਦੇ ਹਨ। ਜੰਗਲਾਂ ਦੀ ਕਟਾਈ ਤੇਜ਼ੀ ਨਾਲ ਹੋ ਰਹੀ ਹੈ। ਇੰਡੀਆ ਸਟੇਟ ਆਫ ਫੋਰੈੱਸਟ ਦੀ 2023 ਦੀ ਰਿਪੋਰਟ ਅਨੁਸਾਰ, ਜੰਗਲਾਂ ਥੱਲੇ ਰਕਬਾ ਸਿਰਫ਼ 21.76 ਫ਼ੀਸਦ ਅਤੇ ਦਰਖ਼ਤਾਂ ਥੱਲੇ 3.41 ਫ਼ੀਸਦ ਹੈ।

ਜੰਗਲ ਵਾਤਾਵਰਨ ਵਿੱਚ ਆਕਸੀਜਨ ਛੱਡਦੇ ਹਨ ਤੇ ਕਾਰਬਨ ਡਾਇਆਕਸਾਈਡ ਸੋਖ ਕੇ ਆਪਣਾ ਭੋਜਨ ਬਣਾਉਂਦੇ ਹਨ। ਜੰਗਲਾਂ ਥੱਲੇ ਰਕਬਾ ਘਟਣ ਕਾਰਨ ਵਾਤਾਵਰਨ ਵਿੱਚ ਕਾਰਬਨ ਡਾਇਆਕਸਾਈਡ ਦਾ ਅਨੁਪਾਤ ਵਧਣ ਨਾਲ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ ਜਿਸ ਨਾਲ ਮੌਸਮੀ ਤਬਦੀਲੀਆਂ ਆ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਕਾਰਨ ਬਸੰਤ ਤੇ ਸਰਦੀ ਰੁੱਤ ਛੋਟੀ ਹੋ ਰਹੀ ਹੈ ਅਤੇ ਗਰਮੀ ਦੀ ਰੁੱਤ ਲੰਮੀ ਤੇ ਗਰਮ ਲਹਿਰਾਂ ਵਾਲੀ ਹੋ ਰਹੀ ਹੈ। ਤਾਪਮਾਨ ਵਧਣ ਨਾਲ ਕੁਦਰਤੀ ਆਫ਼ਤਾਂ ਦੀ ਗਿਣਤੀ ਵਧ ਰਹੀ ਹੈ।

ਵਧ ਰਹੀ ਆਬਾਦੀ ਲਈ ਵੱਧ ਖ਼ੁਰਾਕ ਦੀ ਲੋੜ ਪੂਰੀ ਕਰਨ ਲਈ ਕੁਝ ਰਾਜਾਂ ਵਿੱਚ 1960ਵਿਆਂ ਵਿੱਚ ਨਵੀਂ ਖੇਤੀਬਾੜੀ ਜੁਗਤ ਸ਼ੁਰੂ ਕੀਤੀ ਗਈ। ਇਹ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟਨਾਸ਼ਕ ਤੇ ਨਦੀਨਨਾਸ਼ਕਾਂ, ਖੇਤੀਬਾੜੀ ਮਸ਼ੀਨਰੀ ਅਤੇ ਖੇਤੀਬਾੜੀ ਦੇ ਆਧੁਨਿਕ ਢੰਗਾਂ ਦਾ ਪੈਕੇਜ ਸੀ। ਇਸ ਜੁਗਤ ਲਈ ਪੰਜਾਬ ਚੁਣਿਆ ਗਿਆ। ਪੰਜਾਬ ਦੇ ਮਿਹਨਤੀ ਕਿਸਾਨਾਂ ਨੇ ਆਪਣੇ ਉੱਦਮ ਸਦਕਾ ਮੁਲਕ ਦੀ ਅਨਾਜ ਦੀ ਥੁੜ ਤਾਂ ਪੂਰੀ ਕਰ ਦਿੱਤੀ ਪਰ ਇਸ ਨਾਲ ਪੰਜਾਬ ਦੇ ਧਰਤੀ ਸਮੇਤ ਸਮੁੱਚਾ ਵਾਤਾਵਰਨ ਪ੍ਰਦੂਸ਼ਿਤ ਤੇ ਗੰਧਲਾ ਹੋ ਗਿਆ। ਕੁਦਰਤੀ ਸ੍ਰੋਤ ਨੁਕਸਾਨੇ ਗਏ। ਧਰਤੀ ਦਾ ਪ੍ਰਬੰਧਕੀ ਸੰਤੁਲਨ ਵਿਗੜ ਗਿਆ।

ਇਹੀ ਨਹੀਂ, ਆਰਥਿਕ ਵਾਧੇ ਖ਼ਾਤਿਰ ਪਹਾੜਾਂ ਵਿੱਚ ਚਾਰ ਮਾਰਗੀ ਸੜਕਾਂ, ਰੋਪਵੇਅ, ਹੈਲੀਪੈਡ ਆਦਿ ਬਣਾਏ ਜਾ ਰਹੇ ਹਨ। ਹਿਮਾਲਿਆ ਦੇ ਪਹਾੜ ਅਜਿਹੇ ਆਰਥਿਕ ਵਾਧੇ ਦੀ ਤਾਬ ਨਾ ਝੱਲਦੇ ਢਹਿ-ਢੇਰੀ ਹੋ ਰਹੇ ਹਨ। ਇੱਥੇ ਹੀ ਬਸ ਨਹੀਂ, ਦਰਿਆਵਾਂ ਦੇ ਵਹਿਣ ਵੀ ਬਦਲ ਦਿੱਤੇ ਹਨ। ਇਸ ਲਈ ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਲਈ ਕੁਦਰਤ ਪੱਖੀ ਆਰਥਿਕ ਵਿਕਾਸ ਹੀ ਹੋਣਾ ਚਾਹੀਦਾ ਹੈ। ਹਵਾ ਪ੍ਰਦੂਸ਼ਣ 'ਤੇ ਕੰਟਰੋਲ ਲਈ ਉਦਯੋਗਿਕ ਇਕਾਈਆਂ ਵਿੱਚ ਹਵਾ ਸ਼ੁੱਧਤਾ ਯੰਤਰ ਲਗਾਉਣੇ, ਜੰਗਲਾਂ ਥੱਲੇ 33 ਫ਼ੀਸਦ ਰਕਬਾ ਕਰਨਾ, ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪ੍ਰਭਾਵਸ਼ਾਲੀ ਬਣਾਉਣਾ, ਕੂੜੇ ਕਰਕਟ ਦੇ ਢੇਰਾਂ ਨੂੰ ਵਿਗਿਆਨਕ ਢੰਗਾਂ ਨਾਲ ਨਜਿੱਠਣਾ, ਉਸਾਰੀ ਦੇ ਕੰਮਾਂ ਨੂੰ ਸਾਵਧਾਨੀ ਨਾਲ ਨਜਿੱਠਣਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਰ ਦੀਆਂ ਖੇਤੀਬਾੜੀ ਜਲਵਾਯੂ ਹਾਲਤਾਂ ਅਨੁਸਾਰ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣਾ ਕੇਂਦਰ ਸਰਕਾਰ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਕੇਂਦਰ ਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਪਾਣੀ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਉਦਯੋਗਿਕ ਇਕਾਈਆਂ ਦੇ ਰਸਾਇਣਕ ਭਰਪੂਰ ਗੰਦੇ ਅਤੇ ਸੀਵਰੇਜ ਦੇ ਪਾਣੀ ਨੂੰ ਸ਼ੁੱਧ ਕਰਨ ਤੋਂ ਬਾਅਦ ਹੀ ਦਰਿਆਵਾਂ, ਨਦੀਆਂ ਜਾਂ ਹੋਰ ਕਿਸੇ ਵੀ ਜਲਗਾਹਾਂ ਵਿੱਚ ਨਿਕਾਸ ਕਰਨ ਨੂੰ ਯਕੀਨੀ ਬਣਾਇਆ ਜਾਵੇ। ਪਾਣੀ ਸ੍ਰੋਤਾਂ (ਦਰਿਆ, ਨਦੀਆਂ, ਝੀਲਾਂ, ਤਾਲਾਬਾਂ, ਟੋਭਿਆਂ ਆਦਿ) ਵਿੱਚ ਗੰਦਗੀ ਸੁੱਟਣ 'ਤੇ ਮਨਾਹੀ ਹੋਵੇ। ਜਲ ਸ੍ਰੋਤ ਖੇਤਰ ਉੱਤੇ ਕਬਜ਼ੇ ਕਰਨ ਵਾਲਿਆਂ ਉੱਤੇ ਕਾਨੂੰਨੀ ਕਰਵਾਈ ਹੋਵੇ। ਦਰਿਆਵਾਂ ਉੱਤੇ ਵੱਡੇ ਬੰਨ੍ਹ ਬਣਾਉਣ ਦੀ ਥਾਂ ਛੋਟੇ ਬੰਨ੍ਹ ਬਣਾਏ ਜਾਣ। ਇਸ ਨਾਲ ਦਰਿਆਵਾਂ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਦਰਿਆ ਵੀ ਬਚੇ ਰਹਿਣਗੇ।

ਧਰਤੀ ਨੂੰ ਕਿਸੇ ਵੀ ਤਰ੍ਹਾਂ ਦੀ ਬਰਬਾਦੀ ਤੋਂ ਬਚਾਉਣ ਲਈ ਸਾਰੇ ਕੁਦਰਤੀ ਸ੍ਰੋਤਾਂ ਦੀ ਸੰਭਾਲ ਸੰਜੀਦਗੀ ਨਾਲ ਕਰਨੀ ਬਣਦੀ ਹੈ। ਮੈਦਾਨੀ ਅਤੇ ਪਹਾੜੀ ਖੇਤਰਾਂ ਦਾ ਆਰਥਿਕ ਵਾਧਾ ਉਨ੍ਹਾਂ ਖੇਤਰਾਂ ਦੀ ਸਮਰੱਥਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਰਾਜ ਅਤੇ ਕੇਂਦਰ ਸਰਕਾਰਾਂ ਲੋਕ ਪੱਖੀ ਅਤੇ ਕੁਦਰਤ ਪੱਖੀ ਵਿਕਾਸ ਕਰਨ।

# ਦਵਾਈ ਤੇ ਦੁਆ

ਲੇਖਕ : ਮੋਹਨ ਸ਼ਰਮਾ, ਸੰਪਰਕ: 94171-48866

ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਕੰਮ ਕਰਦਿਆਂ ਤਰ੍ਹਾਂ-ਤਰ੍ਹਾਂ ਦੇ ਨਸ਼ਈਆਂ ਨਾਲ ਵਾਹ ਪਿਆ। ਦਾਖ਼ਲ ਮਰੀਜ਼ ਅੰਦਾਜ਼ਨ ਦਸ ਕੁ ਦਿਨਾਂ ਵਿੱਚ ਦਵਾਈ ਤੇ ਦੁਆ ਦੇ ਸੁਮੇਲ ਨਾਲ ਨਸ਼ੇ ਦੀ ਤੋੜ ਵਾਲੀ ਹਾਲਤ ਵਿੱਚੋਂ ਕਾਫ਼ੀ ਹੱਦ ਤੱਕ ਬਾਹਰ ਆ ਜਾਂਦੇ; ਦਾਖ਼ਲ ਹੋਏ ਦੂਜੇ ਸਾਥੀਆਂ ਨਾਲ ਉਹ ਆਪਣੇ 'ਕਾਰਨਾਮੇ' ਸਾਂਝੇ ਕਰ ਲੈਂਦੇ। ਉਨ੍ਹਾਂ ਦੇ ਦੋਸਤ, ਭਰਾ ਤੇ ਨੇੜਤਾ ਦੇ ਹੋਰ ਰਿਸ਼ਤੇ ਸਿਰਜਣ ਤੋਂ ਬਾਅਦ ਉਹ ਮੇਰੇ ਨਾਲ ਵੀ ਦਿਲ ਹੌਲਾ ਕਰ ਲੈਂਦੇ। ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਨੌਜਵਾਨ ਨਸ਼ਾ ਛੱਡਣ ਲਈ ਦਾਖ਼ਲ ਹੋਏ। ਉਹ ਚਚੇਰੇ ਭਰਾ ਸਨ। ਉਨ੍ਹਾਂ ਤੋਂ ਪੁੱਛਿਆ ਕਿ ਨਸ਼ਾ ਕਰਨ ਲਈ ਪੈਸੇ ਦਾ ਜੁਗਾੜ ਕਿਸ ਤਰ੍ਹਾਂ ਕਰਦੇ ਰਹੇ, ਇਕ ਦੋ ਵਾਰ ਜ਼ੋਰ ਦੇ ਕੇ ਪੁੱਛਣ 'ਤੇ ਉਨ੍ਹਾਂ ਵਿੱਚੋਂ ਇੱਕ ਨੇ ਕਿਹਾ, "ਬਸ ਜੀ, ਝੱਸ ਪੂਰਾ ਕਰਨ ਲਈ ਕੋਈ ਨਾ ਕੋਈ ਤਾਂ ਬੰਨ੍ਹ-ਸੁੱਬ ਕਰਨਾ ਹੀ ਪੈਂਦਾ। ਘਰਵਾਲਿਆਂ ਨੇ ਤਾਂ ਪੈਸਿਆਂ ਲਈ ਕੋਰਾ ਜਵਾਬ ਦੇ ਦਿੱਤਾ ਸੀ, ਕਈ ਵਾਰੀ ਅਸੀਂ ਮੋਟਰਸਾਈਕਲ 'ਤੇ ਬਾਜ਼ਾਰ ਨਿਕਲ ਜਾਂਦੇ। ਜਿੱਥੇ ਕਿਤੇ ਇਕੱਲੀ ਕੁੜੀ ਨੂੰ ਮੋਬਾਈਲ 'ਤੇ ਗੱਲਾਂ ਕਰਦਿਆਂ ਦੇਖ ਲੈਂਦੇ, ਉੱਥੇ ਹੀ ਮੋਟਰਸਾਈਕਲ ਰੋਕ ਕੇ ਜਾਣ ਸਾਰ ਕੁੜੀ ਦੇ ਦੋ ਤਿੰਨ ਕਰਾਰੇ ਥੱਪੜ ਲਾ ਕੇ ਉੱਚੀ ਆਵਾਜ਼ ਵਿੱਚ ਕਹਿਣਾ, "ਤੂੰ ਇੱਥੇ ਫਿਰਦੀ ਏਂ, ਘਰੇ ਪਾਪਾ ਜੀ ਉਡੀਕੀ ਜਾਂਦੇ।" ਕੁੜੀ ਬੌਂਦਲ ਜਾਂਦੀ। ਅਸੀਂ ਉਹਦਾ ਮੋਬਾਈਲ ਖੋਹ ਕੇ ਮੋਟਰਸਾਈਕਲ 'ਤੇ ਦੌੜ ਜਾਂਦੇ। ਆਲੇ ਦੁਆਲੇ ਵਾਲਿਆਂ ਨੂੰ ਇਹ ਪ੍ਰਭਾਵ ਪੈਂਦਾ ਕਿ ਕੁੜੀ ਦੇ ਭਰਾ ਨੇ, ਇਸ ਕਰ ਕੇ ਕੋਈ ਨਾ ਬੋਲਦਾ। ਜਦੋਂ ਤੱਕ ਕੁੜੀ ਬੋਲਣ ਦੀ ਹਾਲਤ ਵਿੱਚ ਆਉਂਦੀ, ਅਸੀਂ ਖਿਸਕ ਚੁੱਕੇ ਹੁੰਦੇ। ਮੋਬਾਈਲ ਵੇਚ ਕੇ ਨਸ਼ਾ ਖਰੀਦ ਲੈਂਦੇ। ਬੱਸ ਜੀ, ਇਸ ਤਰ੍ਹਾਂ ਹੀ ਡੰਗ ਟਪਾਈ ਕਰੀ ਜਾਂਦੇ।"

ਨਸ਼ੇ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਧਸ ਚੁੱਕੇ ਇੱਕ ਹੋਰ ਨੌਜਵਾਨ ਨੂੰ ਨਸ਼ਾ ਮੁਕਤ ਕਰਨ ਪਿੱਛੋਂ ਜਦੋਂ ਉਹਦੇ ਅਤੀਤ ਦੇ ਪੰਨੇ ਫਰੋਲੇ ਤਾਂ ਉਹਦਾ ਗੱਚ ਭਰ ਆਇਆ, "ਨਸ਼ਿਆਂ ਕਾਰਨ ਬਹੁਤ ਕੁਝ ਬਰਬਾਦ ਕਰ ਚੁੱਕਿਆ ਹਾਂ। ਨਸ਼ੇ ਦੀ ਪੂਰਤੀ ਲਈ ਨੀਗਰੋ ਤੋਂ ਦਿੱਲੀ ਜਾ ਕੇ ਚਿੱਟਾ ਲਿਆਉਂਦਾ ਅਤੇ ਇੱਧਰ ਮਹਿੰਗੇ ਭਾਅ ਵੇਚ ਕੇ ਨਸ਼ੇ ਦੀ ਪੂਰਤੀ ਕਰਦਾ ਰਿਹਾ। ਕਈ ਵਾਰ ਬੇਹੋਸ਼ ਵੀ ਹੋਇਆ। ਪੁਲੀਸ ਦੇ ਧੱਕੇ ਵੀ ਚੜ੍ਹਿਆ... ਮਾਂ-ਬਾਪ ਦਾ ਇਕਲੌਤਾ ਪੁੱਤ ਹਾਂ... ਮਾਂ ਤਾਂ ਮੇਰੀ ਇਹ ਹਾਲਤ ਦੇਖ ਕੇ ਹੀ ਦਮ ਤੋੜ ਗਈ। ਰਿਸ਼ਤੇਦਾਰ ਘਰ ਅਫ਼ਸੋਸ ਕਰਨ ਆਉਂਦੇ, ਪਰ ਮੈਂ ਉਨ੍ਹਾਂ ਨੂੰ ਨਸ਼ੇ ਵਿੱਚ ਟੱਲੀ ਮਿਲਦਾ। ਥੋੜ੍ਹੇ ਚਿਰ ਬਾਅਦ ਬਾਪੂ ਵੀ ਮੇਰੇ ਗ਼ਮ ਕਾਰਨ ਮੰਜੇ 'ਤੇ ਪੈ ਗਿਆ।" ਥੋੜ੍ਹਾ ਰੁਕ ਕੇ ਫਿਰ ਬੋਲਿਆ, "ਇੱਕ ਵਾਰ ਹਸਪਤਾਲ ਵਿੱਚ ਬਾਪ ਵੈਂਟੀਲੇਟਰ 'ਤੇ ਪਿਆ ਸੀ, ਤੇ ਮੈਂ ਬਾਹਰ ਕਾਰ ਦਾ ਸ਼ੀਸ਼ਾ ਤੋੜ ਕੇ ਅੰਦਰ ਬੈਠਾ ਚਿੱਟੇ ਦਾ ਟੀਕਾ ਲਾ ਰਿਹਾ ਸੀ... ਮਾਂ ਬਾਪ ਦੀ ਮੌਤ ਤੋਂ ਬਾਅਦ ਭੈਣਾਂ ਨੇ ਜ਼ਿੱਦ ਕਰ ਕੇ ਮੈਨੂੰ ਤੁਹਾਡੇ ਲੜ ਲਾਇਆ... ਹੁਣ ਬਹੁਤ ਪਛਤਾ ਰਿਹਾਂ।"

ਇੱਕ ਜਣੇ ਨੂੰ ਨਸ਼ਾ ਮੁਕਤ ਕਰਵਾਉਣ ਲਈ ਉਸ ਦੀ ਪਤਨੀ ਲੈ ਕੇ ਆ ਗਈ। ਨਸ਼ਈ ਦੀ ਬਜ਼ੁਰਗ ਮਾਂ ਵੀ ਨਾਲ ਸੀ। ਦੋਹਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਲਕੀਰਾਂ ਸਨ। ਉਨ੍ਹਾਂ ਦੀਆਂ ਖ਼ੁਸ਼ਕ ਅਤੇ ਵੀਰਾਨ ਅੱਖਾਂ ਤੋਂ ਘਰ ਦੀ ਬਰਬਾਦੀ ਦਾ ਪਤਾ ਲੱਗਦਾ ਸੀ। ਉਨ੍ਹਾਂ ਨੂੰ ਕੁਰਸੀਆਂ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਨਸ਼ਈ ਵੱਲ ਨਜ਼ਰ ਮਾਰੀ। ਨਸ਼ੇ ਕਾਰਨ ਉਹ ਤੁਰਦੀ ਫਿਰਦੀ ਲਾਸ਼ ਵਾਂਗ ਲੱਗ ਰਿਹਾ ਸੀ। ਔਰਤ ਨੇ ਖ਼ੂਨ ਦੇ ਹੰਝੂ ਕੇਰਦਿਆਂ ਦੱਸਿਆ, "ਇਹਨੂੰ ਤਾਂ ਜੀ ਕੋਈ ਲਹੀ-ਚੜ੍ਹੀ ਦੀ ਨਹੀਂ। ਪੰਜ ਕਿੱਲਿਆਂ ਵਿੱਚੋਂ ਤਿੰਨ ਇਹਨੇ ਨਸ਼ਿਆਂ ਦੇ ਲੇਖੇ ਲਾ ਦਿੱਤੇ, ਹੁਣ ਬਾਕੀ ਰਹਿੰਦੇ ਦੋ ਕਿੱਲਿਆਂ 'ਤੇ ਵੀ ਇਹਦੀ ਅੱਖ ਸੀ। ਮੈਂ ਰਿਸ਼ਤੇਦਾਰਾਂ ਨੂੰ ਇਕੱਠੇ ਕਰ ਕੇ ਦੋ ਕਿੱਲਿਆਂ 'ਤੇ ਅਦਾਲਤ ਦੀ ਸਟੇਅ ਲੈ ਲਈ। ਘਰੇ ਦੋ ਮੱਝਾਂ ਰੱਖੀਆਂ ਹੋਈਆਂ, ਉਨ੍ਹਾਂ ਦਾ ਦੁੱਧ ਵੇਚ ਕੇ ਅਸੀਂ ਘਰ ਦਾ ਗੁਜ਼ਾਰਾ ਕਰਦੇ ਆਂ। ਪਰਸੋਂ ਕਿਸੇ ਜ਼ਰੂਰੀ ਕੰਮ ਪੇਕੀਂ ਜਾਣਾ ਪੈ ਗਿਆ, ਆਉਂਦਿਆਂ ਨੂੰ ਸੁੰਨੇ ਕੀਲੇ ਦੇਖ ਕੇ ਭੁੱਬ ਨਿਕਲ ਗਈ। ਇਹਨੇ ਜੀ ਉਹ ਵੀ ਕੌਡੀਆਂ ਦੇ ਭਾਅ ਵੇਚ ਕੇ ਜਵਾਕਾਂ ਦੇ ਮੂੰਹੋਂ ਰੋਟੀ ਖੋਹ ਲਈ...!" ਉਹ ਅਜੇ ਹੋਰ ਦੁੱਖ ਦੱਸ ਕੇ ਆਪਣਾ ਮਨ ਹੌਲਾ ਕਰਨਾ ਚਾਹੁੰਦੀ ਸੀ। ਉਹਨੂੰ ਤੁਰੰਤ ਦਾਖ਼ਲ ਕਰਨ ਦੇ ਫੈਸਲੇ ਪਿੱਛੋਂ ਮੈਂ ਜਦੋਂ ਨੂੰਹ-ਸੱਸ ਨੂੰ ਸੰਸਥਾ ਦੇ ਨਿਯਮਾਂ ਬਾਰੇ ਦੱਸਣ ਲੱਗਿਆ ਤਾਂ ਧੋਟਾ-ਧੋਟਾ ਦੁਖੀ ਔਰਤ ਨੇ ਮੇਰੀ ਗੱਲ ਕੱਟਦਿਆਂ ਰੋਣ-ਹਾਕੀ ਆਵਾਜ਼ ਵਿੱਚ ਕਿਹਾ, "ਤੁਸੀਂ ਜੀ ਇਹਨੂੰ ਦਾਖ਼ਲ ਕਰੋ। ਸਾਡਾ ਜਿੱਥੇ ਮਰਜ਼ੀ ਅੰਗੂਠਾ ਲਵਾ ਲਵੋ। ਇਲਾਜ ਦਰਮਿਆਨ ਜੇ ਇਹ ਮਰ ਵੀ ਜਾਵੇ ਤਾਂ ਸਾਨੂੰ ਦੱਸਣ ਦੀ ਲੋੜ ਨਹੀਂ। ਤੁਸੀਂ ਹੀ ਫੂਕ ਦਿਓ। ਲੱਕੜਾਂ ਦੇ ਪੈਸੇ ਅਸੀਂ ਦੇ ਦੇਵਾਂਗੇ।" ਨੂੰਹ-ਸੱਸ ਦੇ ਹੰਝੂ ਪਰਲ-ਪਰਲ ਵਹਿ ਰਹੇ ਸਨ।

20-22 ਸਾਲਾਂ ਦੇ ਨੌਜਵਾਨ ਨੂੰ ਉਹਦਾ ਬਾਪ ਇਲਾਜ ਲਈ ਲੈ ਕੇ ਆਇਆ। ਨੌਜਵਾਨ ਦੀ ਜਵਾਨੀ ਨਸ਼ਿਆਂ ਨੇ ਨਿਗਲ ਲਈ ਸੀ। ਇਸ ਉਮਰ ਵਿੱਚ ਹੀ ਝੁਰੜੀਆਂ ਪੈ ਗਈਆਂ ਸਨ। ਬਾਪ ਨੇ ਆਉਂਦਿਆਂ ਹੀ ਦੱਸਿਆ, "ਮੈਂ ਜੀ ਵਿਦਿਆ ਵਿਭਾਗ ਵਿੱਚ ਸਕੂਲ ਹੈੱਡਮਾਸਟਰ ਹਾਂ। ਲੋਕ ਬੜੀ ਇੱਜ਼ਤ ਕਰਦੇ ਪਰ ਇਹਦੇ ਕਾਰਨ ਸਾਨੂੰ ਲੋਕਾਂ ਸਾਹਮਣੇ ਨੀਵੀਂ ਪਾ ਕੇ ਚੱਲਣਾ ਪੈਂਦੈ। ਨਿੱਤ ਦੇ ਉਲਾਂਭੇ, ਚੋਰੀਆਂ, ਠੱਗੀਆਂ, ਲੜਾਈ ਝਗੜੇ ਇਹਦਾ ਰੋਜ਼ ਦਾ ਕੰਮ ਐ। ਨਸ਼ੇ ਵਿੱਚ ਟੱਲੀ ਰਹਿੰਦੈ। ਡੰਕਾ ਦੂਹਰਾ ਨਹੀਂ ਕਰਦਾ। ਘਰ ਦੀ ਜਿਹੜੀ ਚੀਜ਼ ਹੱਥ ਲੱਗੇ, ਉਹੀ ਵੇਚ ਦਿੰਦੈ। ਬਾਹਰ ਵੀ ਲੋਕਾਂ ਨੂੰ ਇਹਦੀਆਂ ਹਰਕਤਾਂ ਦਾ ਪਤੈ, ਇਸ ਕਰ ਕੇ ਇਹਨੂੰ ਕੋਈ ਮੂੰਹ ਨਹੀਂ ਲਾਉਂਦਾ। ਘਰ ਵੀ ਪੂਰੀ ਚੌਕਸੀ ਰੱਖਦੇ ਹਾਂ, ਫਿਰ ਵੀ ਇਹ ਸਾਨੂੰ ਥੁੱਕ ਲਾ ਜਾਂਦੈ।" ਇਹ ਕਹਿੰਦਿਆਂ ਉਹ ਰੋ ਪਿਆ, "ਹਫ਼ਤਾ ਕੁ ਪਹਿਲਾਂ ਸਾਰਾ ਪਰਿਵਾਰ ਸੁੱਤਾ ਪਿਆ ਸੀ। ਸਾਨੂੰ ਨਹੀਂ ਪਤਾ ਕਦੋਂ ਤੇ ਕਿਵੇਂ ਇਹਨੇ ਪਾਣੀ ਵਾਲੀ ਮੋਟਰ ਖੋਲ੍ਹ ਲਈ ਅਤੇ ਕੰਧ ਟੱਪ ਕੇ ਭੱਜ ਗਿਆ। ਸਾਨੂੰ ਤਾਂ ਸਵੇਰੇ ਪਤਾ ਲੱਗਿਆ। ਖੜ੍ਹੇ ਪੈਰ ਨਵੀਂ ਮੋਟਰ ਲਵਾਉਣੀ ਪਈ।... ਬੜਾ ਦੁਖੀ ਕੀਤੈ ਇਹਨੇ। ਪੰਜ ਦਿਨਾਂ ਪਿੱਛੋਂ ਕੱਲ੍ਹ ਵੜਿਐ। ਘਰ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਹੋ ਗਈ।"

ਅਜਿਹੇ ਨੌਜਵਾਨਾਂ ਨੇ ਘਰਾਂ ਦੇ ਚੁੱਲ੍ਹੇ ਠੰਢੇ ਕਰਨ ਦੇ ਨਾਲ-ਨਾਲ ਘਰਾਂ ਦੀ ਬਰਕਤ ਗੁੰਮ ਕਰ ਦਿੱਤੀ। ਉਂਝ, ਇਹ ਨਸ਼ਈਆਂ ਦਾ ਅਤੀਤ ਹੈ। ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰ ਕੇ ਇਨ੍ਹਾਂ ਨੂੰ ਦੁਆ ਤੇ ਦਵਾਈ ਦੇ ਸੁਮੇਲ ਨਾਲ ਨਸ਼ਾ ਮੁਕਤ ਕੀਤਾ ਗਿਆ; ਹੁਣ ਇਹ ਨੌਜਵਾਨ ਹੋਰਾਂ ਨੂੰ ਵੀ ਨਸ਼ਾ ਮੁਕਤ ਕਰਨ ਦੀ ਪ੍ਰੇਰਨਾ ਦੇ ਰਹੇ ਹਨ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਮੌਕੇ ਦੀਆਂ ਗੱਪਾਂ



ਜਿਸ ਦਿਨ ਸੌਦਾ ਸਾਧ ਨੂੰ ਬਲਾਤਕਾਰ ਦੇ ਦੋਸ਼ ਤਾਹਿਤ ਅਦਾਲਤ ਨੇ ਦੋਸ਼ੀ ਮੰਨ ਕੇ ਜੇਲ੍ਹ ਭੇਜ ਦਿੱਤਾ, ਉਸ ਦਿਨ ਤੋਂ ਹੀ ਮੌਕੇ ਦੀਆਂ ਗੱਪ ਖ਼ਬਰਾਂ ਦਾ ਬਜ਼ਾਰ ਧੁੱਖਦਾ ਧੁੱਖਦਾ ਭਾਂਬੜ ਦੇ ਰੂਪ ਵਿੱਚ ਬਦਲ ਗਿਆ। ਰਾਮ ਰਹੀਮ ਸੌਦੇ ਸਾਧ ਦੇ ਜੇਲ੍ਹ ਪਹੁੰਚਦਿਆਂ ਹੀ ਮੌਕੇ ਦੀਆਂ ਗੱਪਾਂ ਪਿੰਡ 'ਚ ਲੱਗੇ ਲਾਊਡ ਸਪੀਕਰ ਵਾਂਗ ਸੁਣਾਈ ਦੇਣ ਲੱਗ ਪਈਆਂ। ਜਿੰਨੇ ਮੂੰਹ ਓਨੀਆਂ ਹੀ ਗੱਲਾਂ। ਕੋਈ ਕਹਿੰਦਾ 'ਸਾਧ ਦੇ ਘੋਚਰੇ ਕੱਢ 'ਤੇ। ਕੋਈ ਕਹਿੰਦਾ ਮੱਕੂ ਬੰਨ੍ਹ 'ਤਾ। ਕੋਈ ਕਹੀ ਜਾਂਦੈ ਪੂਜ 'ਤਾ ਹਰਦੁਆਰੀ ਸੰਖ ਆਂਗੂੰ। ਕੋਈ ਕੁਸ ਤੇ ਕੋਈ ਕੁਸ। ਜਿਵੇਂ ਕਹਿੰਦੇ ਹੁੰਦੇ ਹਨ ਕਿ 'ਫ਼ਲਾਨੇ ਨੂੰ ਕੁੱਟਿਆ ਘੱਟ ਤੇ ਘੜੀਸਿਆ ਬਾਹਲਾ'। ਉਸ ਗੱਲ ਵਾਂਗ ਸੌਦੇ ਸਾਧ ਪ੍ਰਤੀ ਗੱਲਾਂ ਘੱਟ ਤੇ ਅੰਧ ਵਿਸ਼ਵਾਸ਼ ਦੇ ਗੱਪ ਬਹੁਤੇ। ਗੱਪਾਂ ਦੇ ਚੁੱਟਲਕਿਆਂ ਦਾ ਨਾ ਤਾਂ ਅਜੇ ਤੱਕ ਕੁਝ ਬਣਿਐਂ ਤੇ ਨਾ ਹੀ ਕਦੇ ਕੁਝ ਨਿੱਬੜਿਆ। ਵੱਸ! ਐਵੇਂ ਜਾਭਾਂ ਦੇ ਭੇੜ। ਕੋਈ ਤਾਂ ਕਿਸੇ ਗੱਲ ਦੀ ਬਾਂਹ ਫੜ੍ਹ ਕੇ ਖਿੱਚੀ ਫਿਰਦੈ, ਕੋਈ ਲੱਤ ਫੜ੍ਹ ਕੇ ਘਟੀਸ ਰਿਹੈ। ਕਿਸੇ ਨੇ ਗੱਲ ਦਾ ਮੂੰਹ ਸਿਰ ਹੀ ਵਿਗਾੜ ਦਿੱਤਾ। ਜਿਵੇਂ ਕਿਸੇ ਨੂੰ ਕੁਝ ਸੁੱਝਦਾ ਅਗਲਾ ਓਵੇਂ ਕਹੀ ਜਾਂਦੈ।

ਸਕੂਲੋਂ ਛੁੱਟੀ ਕਰਕੇ ਸੱਥ ਕੋਲ ਦੀ ਲੰਘੇ ਜਾਂਦੇ ਨਵੇਂ ਮਾਸਟਰ ਬਣੇ ਗਿਆਨੀ ਜੱਸਾ ਸਿਉਂ ਦੇ ਮੁੰਡੇ ਜਗਪਾਲ ਨੂੰ ਪਿੰਡ ਦੀ ਸੱਥ 'ਚ ਬੈਠੇ ਬਾਬੇ ਪਾਖਰ ਸਿਉਂ ਨੇ ਬਜ਼ੁਰਗ ਅਵਸਥਾ 'ਚੋਂ ਆਵਾਜ਼ ਮਾਰੀ, ''ਪਾਲ! ਪੁੱਤ ਗੱਲ ਸੁਣ ਕੇ ਜਾਈਂ ਓਏ।''

ਬਾਬੇ ਪਾਖਰ ਸਿਉਂ ਦੀ ਆਵਾਜ਼ ਸੁਣਦੇ ਸਾਰ ਹੀ ਜਗਪਾਲ ਮਾਸਟਰ ਇੱਕ ਦਮ ਕੂਹਣੀ ਮੋੜ ਮੁੜ ਕੇ ਬਾਬੇ ਦੇ ਕੋਲ ਇਉਂ ਆ ਬੈਠਾ ਜਿਮੇਂ ਵੜੇਵਿਆਂ ਵਾਲੀ ਬੋਰੀ ਖੂੰਜੇ ਲਾ ਦਿੱਤੀ ਹੋਵੇ। ਸੱਥ ਵਾਲੇ ਥੜ੍ਹੇ 'ਤੇ ਬੈਠਦਿਆਂ ਹੀ ਜਗਪਾਲ ਬੋਲਿਆ, ''ਹਾਂ ਬਾਬਾ ਜੀ।''

ਬਾਬਾ ਕਹਿੰਦਾ, ''ਯਾਰ ਤੂੰ ਤਾਂ ਮਾਹਟਰ ਲੱਗਿਆਂ ਵਿਐਂ, ਤੈਨੂੰ ਤਾਂ ਖਬਰਾਂ ਖੁਬਰਾਂ ਮਿਲਦੀਆਂ ਹੋਣਗੀਆਂ, ਆਹ ਸੌਦੇ ਸਾਧ ਆਲੀ ਗੱਲ ਹੁਣ ਕਿੱਥੋਂ ਕੁ ਤੱਕ ਅੱਪੜੀ ਐ। ਸੁਣਿਐਂ ਉਹ ਜੇਲ੍ਹ 'ਚੋਂ ਕਹਿੰਦੇ ਚਿੜੀ ਬਣ ਕੇ ਨਿੱਕਲ ਗਿਆ, ਸੱਚੀ ਗੱਲ ਐ?''

ਬਾਬੇ ਦੀ ਗੱਲ ਸੁਣ ਕੇ ਮਾਸਟਰ ਮੁਸ਼ਕਣੀਆਂ ਹੱਸ ਕੇ ਕਹਿੰਦਾ, ''ਜਦੋਂ ਬਾਬਾ ਜੀ ਮੈਂ ਛੁੱਟੀ ਕਰਕੇ ਸਕੂਲੋਂ ਨਿੱਕਲਿਆ ਤਾਂ ਗਾਮੇ ਪ੍ਰੇਮੀ ਕਾ ਸੁੱਖਾ ਆਵਦੇ ਦਰਾਂ ਮੂਹਰੇ ਖੜ੍ਹਾ ਮੈਨੂੰ ਦੱਸਣ ਲੱਗ ਪਿਆ ਅਕੇ ਕੱਲ੍ਹ ਪਿਤਾ ਜੀ ਚਾਰ ਪੰਜ ਘੰਟੇ ਕਬੂਤਰ ਬਣ ਕੇ ਜੇਲ੍ਹ 'ਤੇ ਉੱਡਿਆ ਫਿਰਦਾ ਰਿਹੈ। ਜੇਲ੍ਹ ਵਾਲਿਆਂ ਦੇ ਭਾਅ ਦੀ ਬਣ ਗੀ ਬਈ ਬਾਬਾ ਗਿਆ ਕਿੱਥੇ। ਜੇਲ੍ਹ ਦੇ ਵੱਡੇ ਅਫ਼ਸਰਾਂ ਨੇ ਵੀ ਸਾਰੀ ਜੇਲ੍ਹ ਪੱਤ ਪੱਤ ਕਰਕੇ ਫਰੋਲ 'ਤੀ। ਅਕੇ ਜਦੋਂ ਬਾਬਾ ਥਿਆਇਆ ਨਾ, ਫੇਰ ਮੋਦੀ ਨੂੰ ਫ਼ੋਨ ਕੀਤਾ ਬਈ ਬਾਬਾ ਜੀ ਤਾਂ ਜੇਲ੍ਹ 'ਚੋਂ ਰੂਹ ਪੋਸ਼ ਹੋ ਗੇ, ਥਿਆਹ ਨ੍ਹੀ ਰਹੇ ਹੁਣ ਕੀ ਕਰੀਏ। ਅਕੇ ਮੋਦੀ ਕਹਿੰਦਾ 'ਉਹ ਤਾਂ ਮੇਰੇ ਕੋਲ ਬੈਠੇ ਐ। ਤੁਸੀਂ ਫਿਕਰ ਨਾ ਕਰੋ, ਦੋ ਕੁ ਘੰਟਿਆਂ ਤੱਕ ਆ ਜਾਂਦੇ ਐ। ਰੋਟੀ ਖੁਆ ਕੇ ਭੇਜੂੰਗਾ। ਲੈ ਦੱਸੋ, ਕੀ ਕਰੀਏ ਲੋਕਾਂ ਦਾ। ਅੰਧ ਵਿਸ਼ਵਾਸ਼ ਨ੍ਹੀ ਤਾਂ ਹੋਰ ਕੀਐਂ ਇਹੇ। ਇਹਨੂੰ ਮੌਕੇ ਦੀਆਂ ਗੱਪ ਖ਼ਬਰਾਂ ਕਹਿੰਦੇ ਐ ਬਾਬਾ ਜੀ।''

ਬੁੱਘਰ ਦਖਾਣ ਕਹਿੰਦਾ, ''ਸੁਰਜਨ ਬੁੜ੍ਹੇ ਦੀ ਨੂੰਹ ਵੀ ਬਾਹ.ਲੀ ਵੱਡੀ ਪ੍ਰੇਮਣ ਐ। ਉਹ ਪਤਾ ਕੀ ਬੋਲਦੀ ਐ, ਅਕੇ 'ਪਿਤਾ ਜੀ ਸੁਬ੍ਹਾ ਤਿੰਨ ਵਜੇ ਸਰਸੇ ਆ ਕੇ ਨਹਾ ਕੇ ਦਿਨ ਚੜ੍ਹਦੇ ਨੂੰ ਫੇਰ ਪਹੁੰਚ ਜਾਂਦੇ ਐ ਰੋਹਤਕ ਜੇਲ੍ਹ 'ਚ। ਜਦੋਂ ਨੂੰ ਦੂਜੇ ਕੈਦੀ ਜਾਗਦੇ ਐ, ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਪਿਤਾ ਜੀ ਆਵਦੇ ਕਮਰੇ 'ਚ ਭਜਨ ਬੰਦਗੀ ਕਰੀ ਜਾਂਦੇ ਹੁੰਦੇ ਐ। ਲੈ! ਕਮਰਾ ਦੇ 'ਤਾ ਉਹਨੂੰ ਪੰਜ ਤਾਰਾ ਹੋਟਲ ਦਾ।''

ਰਤਨ ਸਿਉਂ ਸੂਬੇਦਾਰ ਟਿੱਚਰ 'ਚ ਕਹਿੰਦਾ, ''ਪੰਜ ਤਾਰਾ ਨ੍ਹੀ ਤਾਂ ਵੀਹ ਤਾਰਾ ਤਾਂ ਦੇ ਈ ਦਿੱਤਾ।''

ਪ੍ਰਤਾਪਾ ਭਾਊ ਕਹਿੰਦਾ, ''ਚੜ੍ਹਤੇ ਫੌਜੀ ਕਾ ਮੰਗੂ ਕਹੀ ਜਾਂਦਾ ਬਈ ਅਸਲੀ ਬਾਬਾ ਤਾਂ ਬਾਹਰਲੇ ਮੁਲਖ 'ਗਲੈਂਡ ਉਠ ਗਿਆ, ਜੇਲ੍ਹ 'ਚ ਤਾਂ ਨਕਲੀ ਬਾਬੇ ਨੂੰ ਤਾੜੀ ਬੈਠੇ ਐ। ਅਸਲੀ ਬਾਬਾ ਤਾਂ ਥਿਆਇਆ ਨ੍ਹੀ ਕਿਸੇ ਨੂੰ। ਲੈ ਦੱਸੋ ਹੁਣ ਕੀ ਬੁੱਝੀਏ?''

ਭਾਨੇ ਕਾ ਗੋਗੜ੍ਹੀ ਕਹਿੰਦਾ, ''ਨਾਲੇ ਕਹਿੰਦੇ ਬਾਬਾ ਕਦੇ ਸੱਪ ਬਣ ਜਾਂਦੈ, ਜਦੋਂ ਜੇਲ੍ਹ ਆਲੇ ਉਹਨੂੰ ਮਾਰਨ ਉਹਦੇ ਮਗਰ ਭੱਜਦੇ ਐ ਤਾਂ ਬਾਬਾ ਘੁੱਗੀ ਬਣ ਕੇ ਉੱਡ ਜਾਂਦੈ।''

ਗੱਲਾਂ ਸੁਣੀ ਜਾਂਦਾ ਬਜ਼ੁਰਗ ਆਤਮਾ ਸਿਉਂ ਹੱਸ ਕੇ ਕਹਿੰਦਾ, ''ਇਨ੍ਹਾਂ ਨੂੰ ਕਹੋ ਦੱਬੀ ਚੱਲੋ ਜਿਮੇਂ ਗੱਡੀ ਚੱਲਦੀ ਐ ਚਲਾਈ ਚੱਲੋ। ਪ੍ਰੇਮੀਆਂ ਦੀ ਤਾਂ ਘੀਰੂ ਅਮਲੀ ਆਲੀ ਗੱਲ ਐ। ਜਿਮੇਂ ਕਿਸੇ ਦੇ ਮੂੰਹ 'ਤੇ ਕੋਈ ਗੱਲ ਆਉਂਦੀ ਐ ਓਮੇਂ ਈ ਅਗਲਾ ਛੱਡੀ ਜਾਂਦੈ।''




ਪ੍ਰਤਾਪੇ ਭਾਊ ਨੇ ਆਤਮਾ ਸਿਉਂ ਨੂੰ ਪੁੱਛਿਆ, ''ਘੀਰੂ ਅਮਲੀ ਆਲੀ ਤਾਊ ਕਿਮੇਂ ਐਂ ਗੱਲ?''

ਆਤਮਾ ਸਿਉਂ ਕਹਿੰਦਾ, ''ਖਾਸੇ ਚਿਰ ਦੀ ਗੱਲ ਐ। ਸੋਹਲ ਪੱਤੀ ਆਲਾ ਘੀਰੂ ਅਮਲੀ ਕੇਰਾਂ ਬੰਬਾਰ ਹੋ ਗਿਆ। ਚੰਦ ਬਿੰਬਰ ਦਾ ਮੁੰਡਾ ਰੇਸ਼ਮ ਕਿਤੇ ਘੀਰੂ ਨੂੰ ਸ਼ੈਂਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਸ਼ਹਿਰ ਨੂੰ ਡਾਕਦਾਰ ਦੇ ਲੈ ਤੁਰਿਆ। ਘੀਰੂ ਨੇ ਅਮਲ ਭੋਰਾ ਵੱਧ ਖਾ ਲਿਆ। ਸ਼ਹਿਰ ਨੂੰ ਜਾਂਦਿਆਂ ਕਿਤੇ ਘੀਰੂ ਸ਼ੈਂਕਲ ਤੋਂ ਡਿੱਗ ਪਿਆ। ਰੇਸ਼ਮ ਨੂੰ ਪਤਾ ਨਾ ਲੱਗਿਆ ਬਈ ਘੀਰੂ ਰਾਹ ਚੀ ਡਿੱਗ ਪਿਆ ਕਿਤੇ। ਜਦੋਂ ਰੇਸ਼ਮ ਨੇ ਖਾਸੀ ਦੂਰ ਜਾ ਕੇ ਵੇਖਿਆ ਬਈ ਘੀਰੂ ਤਾਂ ਸ਼ੈਂਕਲ 'ਤੇ ਈ ਹੈ ਨ੍ਹੀ। ਉਹ ਪਿੱਛੇ ਮੁੜ ਪਿਆ ਘੀਰੂ ਨੂੰ ਭਾਲਣ। ਜਦੋਂ ਮੁੜੇ ਆਉਂਦੇ ਰੇਸ਼ਮ ਨੇ ਦੇਖਿਆ ਬਈ ਘੀਰੂ ਤਾਂ ਆਹ ਬੈਠੈ ਖਤਾਨਾਂ 'ਚ ਕਾਂਹੀ ਦੇ ਬੂਝੇ ਨੂੰ ਹੱਥ ਪਾਈ। ਰੇਸ਼ਮ ਸ਼ੈਂਕਲ ਖੜ੍ਹਾ ਕਰਕੇ ਘੀਰੂ ਅਮਲੀ ਨੂੰ ਕਹਿੰਦਾ 'ਐਥੇ ਕਿਮੇਂ ਬੈਠੈਂ ਓਏ। ਮੈਨੂੰ ਦੱਸਿਆ ਨ੍ਹੀ ਤੂੰ ਬਈ ਮੈਂ ਡਿੱਗ ਪਿਆਂ', ਅਕੇ ਘੀਰੂ ਨਸ਼ੇ ਦੀ ਲੋਰ 'ਚ ਰੇਸ਼ਮ ਨੂੰ ਕਹਿੰਦਾ 'ਦੱਬੀ ਚੱਲ ਤੂੰ, ਮੈਂ ਤਾਂ ਲੋਟ ਬੈਠੈਂ'। ਨਸ਼ੇ ਦੀ ਪੀਨਕ ਲੱਗੀ ਕਰਕੇ ਘੀਰੂ ਨੂੰ ਇਉਂ ਲੱਗਿਆ ਜਿਮੇਂ ਉਹ ਸ਼ੈਂਕਲ ਦੀ ਕਾਠੀ 'ਤੇ ਈ ਬੈਠਾ ਹੁੰਦੈ। ਬਿੰਬਰ ਦਾ ਮੁੰਡਾ ਘੀਰੂ ਨੂੰ ਕਹਿੰਦਾ 'ਸ਼ੈਂਕਲ 'ਤੇ ਕਿੱਥੇ ਬੈਠੈਂ, ਤੂੰ ਤਾਂ ਸਰ ਦੇ ਬੂਝੇ ਨੂੰ ਜੱਫਾ ਮਾਰੀ ਬੈਠੈਂ। ਉੱਠ ਸ਼ੈਂਕਲ 'ਤੇ ਬੈਠ'। ਰੇਸ਼ਮ ਕਹੀ ਜਾਵੇ 'ਤੂੰ ਬੈਠਾ ਕਿਮੇਂ ਐਂ', ਘੀਰੂ ਕਹੇ 'ਮੈਂ ਤਾਂ ਲੋਟ ਬੈਠਾਂ ਤੂੰ ਦੱਬੀ ਚੱਲ'। ਉਹ ਗੱਲ ਪ੍ਰੇਮੀਆਂ ਦੀ ਐ। ਜਿਮੇਂ ਕਿਸੇ ਨੂੰ ਕੋਈ ਗੱਪ ਸੁਝਦੀ ਐ, ਦੱਬੀ ਜਾਂਦੇ ਐ। ਕਿਹੜਾ ਕੋਈ ਪੁੱਛ ਦੱਸ ਐ ਜਾਂ ਕੋਈ ਟੈਕਸ ਲੱਗਦੈ।''

ਜੰਗੇ ਰਾਹੀ ਕਾ ਤੋਤੀ ਕਹਿੰਦਾ, ''ਮਕੰਦੇ ਬਾਵੇ ਕੀ ਬੁੜ੍ਹੀ ਕਹਿੰਦੀ 'ਜਦੋਂ ਜੇਲ੍ਹ ਦਾ ਲਾਂਗਰੀ ਪਿਤਾ ਜੀ ਵਾਸਤੇ ਰੋਟੀ ਤੇ ਦਾਲ ਭਾਜੀ ਲੈ ਕੇ ਜਾਂਦੇ ਐ ਤਾਂ ਪਿਤਾ ਜੀ ਰੋਟੀਆਂ ਦੇ ਕਦੇ ਤਾਂ ਮਸੋਸੇ ਬਣਾ ਕੇ ਖਾ ਲੈਂਦੇ ਐ। ਕਦੇ ਰੋਟੀਆਂ ਦੀ ਬਰਫੀ ਬਣਾ ਲੈਂਦੇ ਐ। ਜੇਲ੍ਹ ਆਲੇ ਜੋ ਮਰਜੀ ਦੇਈ ਜਾਣ, ਪਰ ਪਿਤਾ ਜੀ ਰੋਟੀਆਂ ਤੇ ਦਾਲ ਭਾਜੀ ਤੋਂ ਆਵਦੇ ਪਸੰਦ ਦਾ ਖਾਣਾ ਬਣਾ ਕੇ ਖਾ ਲੈਂਦੇ ਐ। ਅੰਬ ਦੇ 'ਚਾਰ ਦੀ ਇੱਕ ਫਾੜੀ ਤੋਂ ਪੂਰਾ ਸਾਬਤ ਅੰਬ ਬਣਾ ਲੈਂਦੇ ਐ। 'ਚਾਰ ਆਲੀਆਂ ਮਿਰਚਾਂ ਤੋਂ ਅਕੇ ਕੇਲੇ ਦੀਆਂ ਛੱਲੀਆਂ ਬਣਾ ਕੇ ਖਾ ਲੈਂਦੇ ਐ।''

ਮਦਨ ਪੰਡਤ ਕਹਿੰਦਾ, ''ਮੈਂ ਤਾਂ ਇਉਂ ਵੀ ਸੁਣਿਆਂ ਅਕੇ ਬਾਬਾ ਰਾਤ ਨੂੰ ਸੌਣ ਵੇਲੇ ਇੱਟਾਂ ਆਲੇ ਥੜ੍ਹੇ ਦਾ ਪਲੰਘ ਬਣਾ ਕੇ ਭੂਤਾਂ ਤੋਂ ਪੋਲੇ ਪੋਲੇ ਗੱਦੇ ਮੰਗਵਾ ਕੇ ਸੌਂਦੈ। ਜਦੋਂ ਨੂੰ ਦੂਜੇ ਕੈਦੀ ਉੱਠਦੇ ਐ, ਉਦੋਂ ਨੂੰ ਭੂਤਾਂ ਗੱਦੇ ਤੇ ਪਲੰਘ ਲੈ ਜਾਂਦੀਐ, ਰਾਤ ਨੂੰ ਸਾਉਣ ਵੇਲੇ ਫੇਰ ਮੰਗਵਾ ਲੈਂਦਾ। ਕੋਈ ਸਮਝ ਨ੍ਹੀ ਆਉਂਦੀ ਯਾਰ।''

ਜਾਗਰ ਸਿਉਂ ਠੇਕੇਦਾਰ ਕਹਿੰਦਾ, ''ਮੈਂ ਇਉਂ ਸੁਣਿਐਂ ਬਈ ਬਾਬੇ ਨੇ ਇੱਕ ਦਿਨ ਆਵਦੀ ਬੈਰਕ ਦਾ ਦਰਵਾਜਾ ਈ ਦੂਜੇ ਪਾਸੇ ਕਰ 'ਤਾ। ਜਦੋਂ ਜੇਲ੍ਹ ਆਲੇ ਓਧਰਲੇ ਪਾਸੇ ਦਰਵਾਜੇ ਵੱਲ ਗਏ ਤਾਂ ਫੇਰ ਤੀਜੇ ਪਾਸੇ ਕਰ 'ਤਾ। ਅਕੇ ਜਦੋਂ ਉਹ ਚਾਰੇ ਪਾਸੀਂ ਖੜ੍ਹ ਗੇ ਤਾਂ ਬਾਬੇ ਨੇ ਬੈਰਕ ਦਾ ਦਰਵਾਜਾ ਛੱਤ 'ਤੇ ਜਾ ਕੱਢਿਆ। ਕਹਿੰਦੇ ਬੈਰਕ ਨੂੰ ਇਉਂ ਘੁਮਾਈਂ ਫਿਰਦਾ ਜਿਮੇਂ ਜਰਗਾਮਾਂ ਦੀ ਰੋਸ਼ਨੀ 'ਤੇ ਚੰਡੋਲ ਘੁੰਮਦੀ ਹੁੰਦੀ ਐ।''

ਏਨੇ ਚਿਰ ਨੂੰ ਨਾਥਾ ਅਮਲੀ ਵੀ ਸੱਥ 'ਚ ਆ ਦੜਕਿਆ। ਬਾਬਾ ਪਾਖਰ ਸਿਉਂ ਨਾਥੇ ਅਮਲੀ ਨੂੰ ਕਹਿੰਦਾ, ''ਓਏ ਸਣਾ ਬਈ ਨਾਥਾ ਸਿਆਂ! ਕੀ ਸੁਣ ਸਣਾ ਕੇ ਆਇਐਂ ਸਰਸੇ ਆਲੇ ਬਾਬੇ ਬਾਰੇ?''

ਨਾਥਾ ਅਮਲੀ ਬਾਬੇ ਪਾਖਰ ਸਿਉਂ ਨੂੰ ਕੁਝ ਤੜ੍ਹ 'ਚ ਬੋਲਿਆ, ''ਬਾਬਾ ਤਾਂ ਬਾਬਾ ਨਾਨਕ ਈ ਸੀ ਬਾਬਾ ਪਾਖਰ ਸਿਆਂ। ਬਾਕੀ ਦੇ ਤਾਂ ਪਖੰਡੀ ਸਾਧ ਈ ਐ।''

ਮਾਹਲਾ ਨੰਬਰਦਾਰ ਕਹਿੰਦਾ, ''ਚੱਲ! ਸਰਸੇ ਆਲੇ ਬਾਰੇ ਦੱਸਦੇ ਕੀ ਹਾਲ ਐ ਉਹਦਾ ਜੇਲ੍ਹ 'ਚ। ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਜਾਂਦਾ ਤੇ ਨਿੱਤ ਮੋਦੀ ਨਾਲ ਦਿੱਲੀਉਂ ਰੋਟੀ ਖਾ ਕੇ ਮੁੜਦੈ?''

ਨਾਥਾ ਅਮਲੀ ਟਿੱਚਰ 'ਚ ਕਹਿੰਦਾ, ''ਭਜਨੇ ਰਾਠ ਕੀ ਬੁੜ੍ਹੀ ਕਹੀ ਜਾਂਦੀ ਐ 'ਪਿਤਾ ਜੀ ਜੇਲ੍ਹ ਦੇ ਸਾਰੇ ਕੈਦੀਆਂ ਨੂੰ ਵਾਰੀ ਵਾਰੀ ਚਿੜੀਆਂ ਕਬੂਤਰ ਬਣਾ ਕੇ ਰਾਤ ਨੂੰ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਪਹੁੰਚਦਾ ਕਰ ਦਿੰਦੇ ਐ। ਤੜਕੇ ਨੂੰ ਹਾਜਰੀ ਲੱਗਣ ਵੇਲੇ ਨੂੰ ਸਾਰੇ ਫੇਰ ਹਾਜਰ ਹੁੰਦੇ ਐ। ਅਕੇ ਕੈਦੀ ਕਹਿੰਦੇ ਜਦੋਂ ਰੱਬ ਈ ਜੇਲ੍ਹ 'ਚ ਆ ਗਿਆ ਅਸੀਂ ਬਾਹਰ ਨਿੱਕਲ ਕੇ ਕੀ ਕਰਨਾ'।''

ਸੱਥ 'ਚ ਗੱਲਾਂ ਸੁਣੀ ਜਾਂਦਾ ਬਿਸ਼ਨੇ ਦਾ ਜੋਗਾ ਕਹਿੰਦਾ, ''ਇੱਕ ਫਿਲਮ ਜੀ 'ਚ ਇਹ ਸਾਧ ਕਹੀ ਜਾਂਦੈ 'ਜੀਹਨੇ ਗੇਅਰ ਕਢਾਉਣੈ ਕਢਾਅ ਲੋ ਅਸੀਂ ਲੋਕਾਂ ਦੇ ਗੇਅਰ ਈ ਕੱਢਣ ਆਏ ਆਂ। ਲੈ ਦੱਸ ਬਾਬਾ, ਲੋਕਾਂ ਦੇ ਗੇਅਰ ਕੱਢਦਾ ਕੱਢਦਾ ਆਵਦੇ ਈ ਗੇਅਰ ਕਢਵਾ ਕੇ ਬਹਿ।''

ਨਾਥਾ ਅਮਲੀ ਕਹਿੰਦਾ, ''ਗੰਡੇ ਭੋਲੇ ਕਾ ਜੰਟੀ ਦੱਸੇ, ਅਕੇ ਜਦੋਂ ਸਾਧ ਨੂੰ ਜੱਜ ਨੇ ਦੋਸ਼ੀ ਕਹਿ 'ਤਾ ਤਾਂ ਸਾਧ ਦੇ ਚੇਲਿਆਂ ਨੇ ਪੁਲਸ 'ਤੇ ਇੱਟਾਂ ਰੋੜੇ ਚਲਾਉਣੇ ਸ਼ੁਰੂ ਕਰ 'ਤੇ। ਓਧਰ ਪੁਲਸ ਨੇ ਵੀ ਕਸ 'ਤੀਆਂ ਫਿਰ ਨਬਜਾਂ। ਦੋਹਾਂ ਦੀ ਲੜਾਈ 'ਚ ਕਿਤੇ ਆਪਣੇ ਪਿੰਡ ਆਲੀ ਰੇਲੋ ਮਾਈ ਘਿਰ ਗੀ। ਜਦੋਂ ਤਾਂ ਪੁਲਸ ਦੀਆਂ ਡਾਂਗਾਂ ਪੈਣ ਲੱਗ ਜਾਣ ਤਾਂ ਰੇਲੋ ਸਾਧ ਦੇ ਚੇਲਿਆਂ ਵੱਲ ਨੂੰ ਭੱਜ ਲੇ। ਜਦੋਂ ਸਾਧ ਦੇ ਚੇਲਿਆਂ ਵੱਲੋਂ ਰੋੜੇ ਡਲ਼ਿਆਂ ਦਾ ਮੀਂਹ ਵਰਨ ਲੱਗ ਜੇ ਤਾਂ ਰੇਲੋ ਪੁਲਸ ਵੱਲ ਨੂੰ ਭੱਜ ਲੇ। ਰੇਲੋ ਮਾਈ ਵਿੱਚ ਵਚਾਲੇ ਫਸੀ ਗਾਂਹ ਪਛਾਂਹ ਨੂੰ ਇਉਂ ਭੱਜੀ ਫਿਰੇ ਜਿਮੇਂ ਸੈਦੋ ਆਲਾ ਰੂਪਾ ਕੌਡੀ ਖੇਡਦਾ ਓਨਾਂ ਈਂ ਗਾਂਹਾਂ ਨੂੰ ਭੱਜ ਲੈਂਦਾ ਸੀ ਤੇ ਓਦੂੰ ਬਾਹ.ਲਾ ਪਿਛਲ ਖੁਰੀ ਭੱਜਦਾ ਸੀ। ਅਕੇ ਰੇਲੋ ਦੋ ਢਾਈ ਘੰਟੇ ਸੈਦੋ ਆਲਾ ਰੂਪਾ ਈ ਬਣੀ ਫਿਰਦੀ ਰਹੀ, ਕਦੇ ਗਾਂਹ ਕਦੇ ਪਛਾਂਹ। ਹਾਰਕੇ ਜਦੋਂ ਦੋਹਾਂ ਪਾਸਿਆਂ ਤੋਂ ਕੁੱਟ ਖਾ ਕੇ ਡਿੱਗ ਪੀ, ਫੇਰ ਚੱਕ ਕੇ ਹੱਥਪਤਾਲ ਲੈ ਗੇ।''

ਬਾਬੇ ਪਾਖਰ ਸਿਉਂ ਨੇ ਪੁੱਛਿਆ, ''ਹੁਣ ਆ ਗੀ ਪਿੰਡ ਕੁ ਓੱਥੇ ਹੱਥਪਤਾਲ ਚੀ ਐ?''

ਸੀਤਾ ਮਰਾਸੀ ਕਹਿੰਦਾ, ''ਹੁਣ ਤਾਂ ਘਰੇ ਕੁਕੜੀ ਬਣੀ ਪਈ ਐ। ਹੁਣ ਸਾਧ ਦੇ ਨਾਂਅ ਤੋਂ ਇਉਂ ਡਰਦੀ ਐ ਜਿਮੇਂ ਚਿੱਕੜ 'ਚੋਂ ਨਿੱਕਲੇ ਗਾਰੇ ਨਾਲ ਲਿਬੜੇ ਸੂਰ ਤੋਂ ਕਤੂਰਾ ਡਰਦਾ ਹੁੰਦੈ।''


ਮਾਹਲੇ ਨੰਬਰਦਾਰ ਨੇ ਅਮਲੀ ਨੂੰ ਪੁੱਛਿਆ, ''ਕਿਉਂ ਅਮਲੀਆ! ਆਪਣੇ ਪਿੰਡ ਦੇ ਕਿਸੇ ਹੋਰ ਨੂੰ ਵੀ ਦੱਖੂ ਦਾਣਾ ਮਿਲਿਆ ਕੁ ਰੇਲੋ ਈ ਚੱਕ ਲਿਆਈ ਸਕਰ ਪਾਰਿਆਂ ਆਲਾ ਸਾਰਾ ਟੋਕਰਾ?''

ਅਮਲੀ ਕਹਿੰਦਾ, ''ਸਾਰੇ ਪਿੰਡ ਦੇ ਪ੍ਰੇਮੀਆਂ ਦੇ ਵੰਡੇ ਦੀ ਕੁੱਟ ਰੇਲੋ ਮਾਈ 'ਤੇ ਈ ਪੈ ਗੀ। ਹੁਣ ਮੂੰਹ ਸਿਰ ਇਉਂ ਵਲ੍ਹੇਟੀ ਪਈ ਐ ਜਿਮੇਂ ਮੱਝ ਦੇ ਜੜਾਂ 'ਚੋਂ ਟੁੱਟੇ ਸਿੰਗ 'ਤੇ ਕਾਲੇ ਤੇਲ ਨਾਲ ਭਿਉਂ ਕੇ ਬੋਰੀ ਬੰਨ੍ਹੀ ਹੁੰਦੀ ਐ ਬਈ ਕਿਤੇ ਕੀੜੇ ਨਾ ਪੈ ਜਾਣ।''

ਬਾਬਾ ਪਾਖਰ ਸਿਉਂ ਕਹਿੰਦਾ, ''ਚੱਲੋ ਖਾਂ ਯਾਰ ਫੇਰ ਤਾਂ ਪਤੇ ਸੁਤੇ ਨੂੰ ਈ ਜਾ ਆਈਏ। ਇੱਕ ਤਾਂ ਊਂ ਵਚਾਰੇ ਟੈਮ ਜਾ ਪਾਸ ਕਰਦੇ ਐ ਇੱਕ ਉੱਤੋਂ ਆਹ ਨਮੀਉਂ ਈ ਆਫਤ ਆ ਪਈ। ਚੱਲੋ ਉੱਠੋ ਚੱਲੀਏ।''

ਬਾਬੇ ਪਾਖਰ ਸਿਉਂ ਦਾ ਕਹਿਣਾ ਮੰਨ ਕੇ ਸੱਥ 'ਚ ਬੈਠੇ ਸਾਰੇ ਜਣੇ ਰੇਲੋ ਮਾਈ ਦੇ ਘਰ ਨੂੰ ਉਹਦਾ ਪਤਾ ਲੈਣ ਚੱਲ ਪਏ।

JARNAIL SINGH




ART CLASSES
604-825-4659
604-724-6922
604-595-5885
#106- 12882-85 Ave. Surrey





# ਨੋਬੇਲ ਪੁਰਸਕਾਰ ਦਾ ਜਨਮਦਾਤਾ ਅਲਫਰੈੱਡ ਨੋਬਲ

ਵਿਗਿਆਨ ਦੀ ਚਿੰਗਾਰੀ ਨੇ ਮਨੁੱਖ ਦੇ ਸਦੀਆਂ ਤੋਂ ਕੁਦਰਤੀ ਵਰਤਾਰਿਆਂ ਪ੍ਰਤੀ ਪਏ ਹੋਏ ਭਰਮ ਭੁਲੇਖਿਆਂ ਨੂੰ ਦੂਰ ਕਰ ਕੇ ਇਕ ਨਵੀਂ ਅਤੇ ਚਿੰਤਨ ਕਰਨ ਯੋਗ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ, ਜਿਸ ਨੇ ਮਨੁੱਖ ਦੇ ਰਹਿਣ-ਸਹਿਣ ਦੇ ਨਾਲ-ਨਾਲ ਉਸ ਦੀ ਸੋਚ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਵਿਗਿਆਨ ਦੀਆਂ ਖੋਜਾਂ ਵਿਚ ਦਿਨ ਰਾਤ ਰੁੱਝੇ ਹੋਏ ਵਿਗਿਆਨੀਆਂ ਦੀ ਅਣਥੱਕ ਮਿਹਨਤ ਸਦਕਾ ਹੀ ਇਹ ਸੰਭਵ ਹੋਇਆ ਹੈ ਕਿ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਨਿਰੰਤਰ ਵਿਕਾਸ ਕਰਕੇ ਪੂਰੀ ਦੁਨੀਆ ਇਕ ਗਲੋਬਲ ਪਿੰਡ ਬਣ ਗਈ ਹੈ। ਵਿਗਿਆਨੀਆਂ ਨੂੰ ਉਨ੍ਹਾਂ ਦੀਆਂ ਖੋਜਾਂ ਬਦਲੇ ਬਹੁਤ ਸਾਰੇ ਪੁਰਸਕਾਰ ਅਤੇ ਮਾਣ-ਸਨਮਾਨਾਂ ਨਾਲ ਨਿਵਾਜਿਆ ਜਾਂਦਾ ਹੈ ਪਰ ਕੁਝ ਪੁਰਸਕਾਰ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਮਿਲਣ ਨਾਲ ਵਿਅਕਤੀ ਰਾਤੋ-ਰਾਤ ਪੂਰੀ ਦੁਨੀਆ ਵਿਚ ਪ੍ਰਸਿੱਧ ਹੋ ਕੇ ਨਾਮ ਕਮਾ ਜਾਂਦਾ ਹੈ, ਅਜਿਹਾ ਹੀ ਇਕ ਪੁਰਸਕਾਰ ਹੈ ਨੋਬੇਲ ਪੁਰਸਕਾਰ। ਆਓ! ਇਸ ਬਾਰੇ ਕੁਝ ਜਾਣਕਾਰੀ ਹਾਸਲ ਕਰੀਏ। ਨੋਬੇਲ ਪੁਰਸਕਾਰ ਸਵੀਡਨ ਦੇ ਮਹਾਨ ਵਿਗਿਆਨੀ ਅਤੇ ਡਾਈਨਾਮਾਈਟ ਦੇ ਪਿਤਾ ਕਹੇ ਜਾਂਦੇ ਅਲਫਰੈੱਡ ਨੋਬੇਲ ਦੀ ਯਾਦ ਵਿਚ ਦਿੱਤਾ ਜਾਂਦਾ ਹੈ। ਅਲਫਰੈੱਡ ਨੋਬੇਲ ਦੁਆਰਾ ਕੀਤੀਆਂ ਗਈਆਂ ਖੋਜਾਂ ਅਤੇ ਮਾਣਸਨਮਾਨਾਂ ਦੁਆਰਾ ਇਕੱਠੇ ਕੀਤੇ ਗਏ ਪੈਸੇ ਨੂੰ ਉਨ੍ਹਾਂ ਨੇ ਆਪਣੇ ਅਖੀਰਲੇ ਸਮੇਂ ਵਿਚ ਦਾਨ ਕਰ ਦਿੱਤਾ। ਦਾਨ ਕੀਤੇ ਪੈਸੇ ਤੋਂ ਹੀ ਨੋਬੇਲ ਪੁਰਸਕਾਰ ਦੀ ਸ਼ੁਰੂਆਤ ਹੁੰਦੀ ਹੈ। ਅਲਫਰੈਡ ਨੋਬੇਲ ਦੀ ਮੌਤ ਤੋਂ ਪੰਜ ਸਾਲ ਬਾਅਦ ਭਾਵ 1901 ਤੋਂ ਨੋਬੇਲ ਪੁਰਸਕਾਰ ਰਸਾਇਣਕ ਵਿਗਿਆਨ, ਭੌਤਿਕ ਵਿਗਿਆਨ, ਜੀਵ ਵਿਗਿਆਨ, ਸਹਿਤ ਅਤੇ ਵਿਸ਼ਵ ਵਿਚ ਸ਼ਾਂਤੀ ਨੂੰ ਸਥਾਪਿਤ ਕਰਨ ਲਈ ਪਾਏ ਵਡਮੁੱਲੇ ਯੋਗਦਾਨ ਲਈ ਦਿੱਤਾ ਜਾਂਦਾ ਹੈ। ਇਨ੍ਹਾਂ ਖੇਤਰਾਂ ਤੋਂ ਇਲਾਵਾ ਇਕ ਖੇਤਰ ਅਜਿਹਾ ਹੈ ਜਿਸਨੂੰ ਸ਼ੁਰੂਆਤੀ ਦੌਰ ਵਿਚ ਪੁਰਸਕਾਰ ਲਈ ਨਹੀਂ ਚੁਣਿਆ ਜਾਂਦਾ ਸੀ ਪਰ ਸਵੀਡਨ ਦੇ ਕੇਂਦਰੀ ਬੈਂਕ ਦੁਆਰਾ 1968 ਤੋਂ ਅਰਥ-ਸ਼ਾਸਤਰ ਦੇ ਖੇਤਰ ਵਿਚ ਵੀ ਇਹ ਪੁਰਸਕਾਰ ਦਿੱਤਾ ਜਾਣ ਲੱਗਾ। ਭਾਰਤੀ ਕਵੀ, ਨਾਵਲਕਾਰ ਅਤੇ ਭਾਰਤ ਦੇ ਰਾਸ਼ਟਰੀ ਗਾਣ ਦੇ ਰਚੇਤਾ ਗੁਰੂਦੇਵ ਰਵਿੰਦਰ ਨਾਥ ਟੈਗੋਰ ਜੀ ਏਸ਼ੀਆ ਦੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੂੰ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੀ ਲਿਖੀ ਰਚਨਾ ਗੀਤਾਂਜਲੀ ਦੇ ਲਈ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਗਿਆ। ਵਿਗਿਆਨ ਦੇ ਖੇਤਰ ਵਿਚ ਡਾ ਸੀ ਵੀ ਰਮਨ, ਡਾ. ਸੁਬਰਮਨੀਅਮ ਚੰਦਰਸ਼ੇਖਰ, ਡਾ. ਹਰਗੋਬਿੰਦ ਖੁਰਾਣਾ, ਅਰਥ-ਸ਼ਾਸਤਰ ਵਿਚ ਡਾ. ਅਮਰਿੱਤਯ ਸੇਨ ਅਤੇ ਸ਼ਾਂਤੀ ਦੇ ਖੇਤਰ ਵਿਚ ਕੈਲਾਸ਼ ਸਤਿਆਰਥੀ ਅਤੇ ਪਾਕਿਸਤਾਨ ਦੀ ਸਮਾਜਿਕ ਕਾਰਕੁਨ ਮਲਾਲਾ ਯੂਸਫਜ਼ਈ ਨੂੰ ਸਾਂਝੇ ਤੌਰ 'ਤੇ ਨਿਵਾਜਿਆ ਜਾ ਚੁੱਕਾ ਹੈ। ਇਨ੍ਹਾਂ ਪੁਰਸਕਾਰਾਂ ਦਾ ਐਲਾਨ ਅਕਤੂਬਰ ਮਹੀਨੇ ਵਿਚ ਕੀਤਾ ਜਾਂਦਾ ਹੈ ਅਤੇ ਦਸੰਬਰ ਮਹੀਨੇ ਵੰਡ ਕੀਤੀ ਜਾਂਦੀ ਹੈ। ਇਹ ਪੁਰਸਕਾਰ ਇਕੋ ਸਮੇਂ ਵਿਚ ਇਕ ਜਾਂ ਇਕ ਤੋਂ ਵੱਧ ਵਿਅਕਤੀਆਂ ਨੂੰ ਵੀ ਦਿੱਤਾ ਜਾ ਸਕਦਾ ਹੈ। 1901 ਤੋਂ ਬਾਅਦ ਕਈ ਵਾਰ ਅਜਿਹਾ ਸਮਾਂ ਵੀ ਆਇਆ ਹੈ ਜਦੋਂ ਨੋਬੇਲ ਪੁਰਸਕਾਰਾਂ ਦਾ ਐਲਾਨ ਨਹੀਂ ਕੀਤਾ ਗਿਆ। ਨੋਬੇਲ ਪੁਰਸਕਾਰ ਦੁਨੀਆਂ ਦਾ ਸਰਵ ਉੱਤਮ ਅਤੇ ਸਰਵਉੱਚ ਪੁਰਸਕਾਰ ਮੰਨਿਆ ਜਾਂਦਾ ਹੈ ਜਿਸਦੇ ਬਰਾਬਰ ਦਾ ਹੋਰ ਕੋਈ ਸਾਹਨੀ ਨਹੀਂ ਮਿਲਦਾ। ਨੋਬੇਲ ਪੁਰਸਕਾਰ ਰਚੇਤਾ ਨੂੰ ਸਾਡਾ ਸਲਾਮ। ਜਿੰਨਾ ਸਮਾਂ ਨੋਬੇਲ ਪੁਰਸਕਾਰ ਰਹੇਗਾ ਉਨਾ ਸਮਾਂ ਅਲਫਰੈੱਡ ਨੋਬੇਲ ਵੀ ਜਿਉਂਦਾ ਰਹੇਗਾ। ਨੋਬਲ ਪੁਰਸਕਾਰ ਨੇ ਅਲਫਰੈੱਡ ਨੋਬੇਲ ਨੂੰ ਵੀ ਅਮਰ ਕਰ ਦਿੱਤਾ ਹੈ।





# ਮਨੁੱਖੀ ਸਰੀਰ ਦੇ ਦਿਲਚਸਪ ਤੱਥ

**ਲਿਖਤ : ਰਜਵਿੰਦਰ ਪਾਲ ਸ਼ਰਮਾ, ਮੋਬਾਇਲ-7087367969**




1. ਮਨੁੱਖੀ ਸਰੀਰ ਦੀ ਸਭ ਤੋਂ ਵੱਡੀ ਹੱਡੀ ਫੀਮਰ ਅਤੇ ਛੋਟੀ ਸਟੇਪੀਜ ਹੁੰਦੀ ਹੈ ਜੋ ਕ੍ਰਮਵਾਰ ਪੱਟ ਅਤੇ ਕੰਨ ਵਿੱਚ ਮੌਜੂਦ ਹੁੰਦੀਆਂ ਹਨ।
2. ਨਹੁੰ ਸਰੀਰ ਦੇ ਮਰੇ ਹੋਏ ਸੈੱਲ ਹੁੰਦੇ ਹਨ ਇਸ ਕਰਕੇ ਇਹਨਾਂ ਨੂੰ ਕੱਟਦੇ ਸਮੇਂ ਦਰਦ ਨਹੀਂ ਹੁੰਦਾ।
3. ਅੱਖ,ਕੰਨ,ਨੱਕ, ਚਮੜੀ ਅਤੇ ਜੀਭ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਹਨ।
4. ਨੱਕ ਵਿੱਚ ਮੌਜੂਦ ਵਾਲ ਸਾਹ ਲੈਂਦੇ ਸਮੇਂ ਧੂੜ ਕਣਾਂ ਨੂੰ ਰੋਕਣ ਦਾ ਕੰਮ ਕਰਦੇ ਹਨ।
5. ਮਨੁੱਖੀ ਦਿਲ ਸਧਾਰਣ ਸਥਿਤੀ ਵਿੱਚ 70-72 ਵਾਰ ਧੜਕਦਾ ਹੈ।
6. ਸਰੀਰ ਦੀ ਛੋਟੀ ਤੋਂ ਛੋਟੀ ਕਾਰਜਨਾਤਮਕ ਅਤੇ ਰਚਨਾਤਮਕ ਇਕਾਈ ਸੈੱਲ ਹੁੰਦੀ ਹੈ।
7. ਹਾਰਮੋਨ ਹੀ ਮਰਦ ਅਤੇ ਔਰਤਾਂ ਵਿਚਲੇ ਫ਼ਰਕ ਲਈ ਜ਼ਿੰਮੇਵਾਰ ਹੁੰਦੇ ਹਨ।
8. ਆਇਓਡੀਨ ਦੀ ਕਮੀਂ ਕਰਕੇ ਗਿੱਲ੍ਹੜ ਰੋਗ ਹੋ ਜਾਂਦਾ ਹੈ ਜਿਸ ਵਿੱਚ ਗਲੇ ਦੀ ਥਾਇਰਾਇਡ ਗ੍ਰੰਥੀ ਸੁੱਜ ਜਾਂਦੀ ਹੈ।
9. ਵਿਟਾਮਿਨ ਏ ਦੀ ਕਮੀ ਕਰਕੇ ਹੋਣ ਵਾਲੇ ਰੋਗ ਨੂੰ ਅੰਧਰਾਤਾ ਕਿਹਾ ਜਾਂਦਾ ਹੈ।
10. ਛੋਟੀ ਆਂਦਰ ਦੀ ਲੰਬਾਈ ਵੱਡੀ ਆਂਦਰ ਨਾਲੋਂ ਜ਼ਿਆਦਾ ਹੁੰਦੀ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



# ਆਸ ਦਾ ਸਿੱਕਾ

ਬਾਲ ਕਹਾਣੀ

**ਲੇਖਕ : ਹਰਕੀਰਤ ਕੌਰ, 9779118066**

ਇੱਕ ਵਾਰ ਦੋ ਦੇਸ਼ਾਂ ਵਿੱਚ ਮੱਤਭੇਦ ਹੋ ਗਏ ਅਤੇ ਜੰਗ ਲੱਗਣ ਦੇ ਆਸਾਰ ਬਣ ਗਏ। ਉਸ ਜੰਗ ਵਿੱਚ ਇੱਕ ਦੇਸ਼ ਦਾ ਰਾਜਾ ਬਹੁਤ ਹੀ ਸ਼ਕਤੀਸ਼ਾਲੀ ਸੀ। ਜਿਸ ਕੋਲ ਹਰ ਤਰ੍ਹਾਂ ਦੇ ਹਥਿਆਰ, ਜੰਗੀ ਸਮਾਨ, ਉੱਚ ਕੋਟੀ ਦੇ ਬਲਸ਼ਾਲੀ ਜਰਨੈਲ ਸਨ ਤੇ ਲੱਖਾਂ ਦੀ ਗਿਣਤੀ ਵਿੱਚ ਸੈਨਾ ਸੀ। ਦੂਸਰੇ ਪਾਸੇ ਰਾਜੇ ਕੋਲ ਨਾ ਤਾਂ ਵਧੇਰੇ ਜੰਗੀ ਸਮਾਨ ਤੇ ਨਾ ਹੀ ਦੂਸਰੇ ਦੇਸ਼ ਦੇ ਮੁਕਾਬਲੇ ਸੈਨਾ ਸੀ, ਦੇਸ਼ ਦੀ ਅਜਿਹੀ ਹਾਲਤ ਵੇਖ ਗਰੀਬ ਦੇਸ਼ ਦੇ ਸੈਨਾਪਤੀ ਰਾਜੇ ਨੂੰ ਕਹਿਣ ਲੱਗੇ, ਮਹਾਰਾਜ ਸਾਡੀ ਹਾਰ ਯਕੀਨੀ ਹੈ, ਦੂਸਰਾ ਦੇਸ਼ ਬਹੁਤ ਹੀ ਤਾਕਤਵਰ ਹੈ, ਉਸ ਕੋਲ ਤਾਂ ਲੱਖਾਂ ਦੀ ਸੈਨਾ ਹੈ ਤੇ ਸਾਡੇ ਕੋਲ ਮੁੱਠੀ ਭਰ ਫੌਜ, ਅਜਿਹੇ ਵਿੱਚ ਅਸੀਂ ਕਿਸੇ ਵੀ ਕੀਮਤ 'ਤੇ ਜਿੱਤ ਨਹੀਂ ਸਕਦੇ, ਏਹ ਤਾਂ ਸਿੱਧਾ ਮੌਤ ਦੇ ਮੂੰਹ ਵਿੱਚ ਜਾਣਾ ਹੈ , ਸਾਨੂੰ ਜੰਗ 'ਚ ਜਾਣ ਤੋਂ ਪਹਿਲਾਂ ਹੀ ਗੋਡੇ ਟੇਕ ਲੈਣੇ ਚਾਹੀਦੇ ਹਨ। ਆਪਣੀ ਆਰਥਿਕ ਹਾਲਤ ਤੋਂ ਜਾਣੂ ਰਾਜਾ ਉਸ ਸਮੇਂ ਆਪਣੇ ਸੈਨਾਪਤੀਆਂ ਨੂੰ ਕੋਈ ਜਵਾਬ ਨਾ ਦੇ ਸਕਿਆ। ਪਰ ਉਹ ਇੱਕ ਅਣਖੀ ਰਾਜਾ ਸੀ। ਉਸਨੂੰ ਜੰਗ ਵਿੱਚ ਮਰਨਾ ਤਾਂ ਮੰਜ਼ੂਰ ਸੀ, ਪਰ ਉਹ ਜੰਗ ਦੇ ਮੈਦਾਨ ਵਿੱਚ ਪੈਰ ਰੱਖੇ ਬਿਨਾਂ ਹਾਰ ਨਹੀਂ ਸੀ ਮੰਨਣਾ ਚਾਹੁੰਦਾ। ਸਾਰੀ ਰਾਤ ਰਾਜਾ ਉੱਸਲ ਵੱਟੇ ਭੰਨਦਾ ਰਿਹਾ, ਇੱਕ ਪਲ ਵੀ ਉਸਦੀ ਅੱਖ ਨਾ ਲੱਗੀ। ਸਾਰੀ ਰਾਤ ਸੋਚਾਂ ਵਿੱਚ ਕੱਢਣ ਤੋਂ ਬਾਅਦ, ਉਹ ਸਵੇਰੇ ਉੱਠਿਆ ਅਤੇ ਆਪਣੇ ਅੰਗ ਰੱਖਿਅਕ ਤੇ ਸੈਨਾਪਤੀਆਂ ਨੂੰ ਨਾਲ ਲੈ ਜੰਗਲ ਵੱਲ ਨੂੰ ਹੋ ਤੁਰਿਆ। ਰਸਤੇ ਵਿੱਚ ਜਾਂਦਿਆਂ ਉਹਨਾਂ ਨੂੰ ਇੱਕ ਕੁਟੀਆ ਦਿਖਾਈ ਦਿੱਤੀ। ਉਸ ਕੁਟੀਆ ਦੀ ਦਿਖ ਤੋਂ ਲੱਗਦਾ ਸੀ ਕਿ ਉੱਥੇ ਜ਼ਰੂਰ ਕੋਈ ਸਾਧੂ ਸੰਤ ਤਪੱਸਿਆ ਕਰ ਰਿਹਾ ਹੈ, ਰਾਜੇ ਨੇ ਆਪਣਾ ਰੱਥ ਰੁਕਵਾਇਆ ਤੇ ਸਾਧੂ ਦੀ ਕੁਟੀਆ ਵੱਲ ਚੱਲ ਪਿਆ, ਪਿੱਛੇ ਪਿੱਛੇ ਸੈਨਾਪਤੀ ਤੇ ਸਿਪਾਹੀ ਵੀ ਆ ਗਏ। ਰਾਜੇ ਨੂੰ ਆਪਣੀ ਕੁਟੀਆ ਵਿੱਚ ਵੇਖ ਸਾਧੂ ਨੇ ਕਿਹਾ ਕੀ ਗੱਲ ਮਹਾਰਾਜ ਤੁਹਾਡੇ ਚਿਹਰੇ ਤੇ ਰਵਾਨਗੀ ਤੇ ਤੇਜ਼ ਕਿਉਂ ਨਹੀਂ? ਸਾਧੂ ਦੀ ਗੱਲ ਸੁਣ ਰਾਜੇ ਨੇ ਕਿਹਾ, ਹੇ ਭਲੇ ਸਾਧੂ ਮੈਂ ਬਹੁਤ ਦੁਚਿੱਤੀ ਵਿੱਚ ਫਸਿਆਂ ਹਾਂ, ਨੇੜਲਾ ਰਾਜਾ ਸਾਡੇ ਉੱਪਰ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ ਤੇ ਸਾਡੇ ਕੋਲ ਨਾ ਤਾਂ ਸੈਨਾ ਹੈ ਨਾ ਹੀ ਉਨ੍ਹੇ ਹਥਿਆਰ ਕਿ ਉਸ ਤਾਕਤਵਰ ਰਾਜੇ ਦਾ ਮੁਕਬਲਾ ਕਰ ਸਕੀਏ, ਮੇਰੇ ਸੈਨਾਪਤੀ ਤੇ ਸੈਨਾ ਵੀ ਦਿਲ ਛੱਡ ਚੁੱਕੇ ਹਨ, ਇਹ ਜੰਗ ਵਿੱਚ ਜਾਣ ਤੋਂ ਪਹਿਲਾਂ ਹੀ ਹਾਰ ਮੰਨ ਚੁੱਕੇ ਹਨ, ਪਰ ਮੇਰੀ ਜ਼ਮੀਰ ਨਹੀਂ ਮੰਨਦੀ, ਤੁਸੀਂ ਦੱਸੋ ਸਾਨੂੰ ਕੀ ਕਰਨਾ ਚਾਹੀਦਾ ਹੈ, ਸਾਧੂ ਕੁਝ ਸਮਾਂ ਸ਼ਾਤ ਰਿਹਾ ਅਤੇ ਫਿਰ ਰਾਜੇ ਨੂੰ ਕਿਹਾ ਕਿ ਤੁਸੀਂ ਮੇਰੇ ਨਾਲ ਮੰਦਿਰ ਚੱਲੋ ਇਸ ਗੱਲ ਦਾ ਫੈਸਲਾ ਅਸੀਂ ਰੱਬ ਕੋਲੋ ਕਰਵਾਉਂਦੇ ਹਾਂ, ਸਾਰੇ ਜਣੇ ਸਾਧੂ ਦੇ ਪਿੱਛੇ ਪਿੱਛੇ ਮੰਦਿਰ ਵੱਲ ਨੂੰ ਹੋ ਤੁਰੇ। ਉੱਥੇ ਜਾ ਕੇ ਸਾਧੂ ਨੇ ਆਪਣੇ ਖੀਸੇ ਚੋਂ ਇੱਕ ਸਿੱਕਾ ਕੱਢਿਆ ਤੇ ਕਿਹਾ ਕਿ ਮੈਂ ਪਰਮਾਤਮਾ ਅੱਗੇ ਬੇਨਤੀ ਕਰਕੇ ਇੱਹ ਸਿੱਕਾ ਉੱਪਰ ਸੁੱਟਾਂਗਾ, ਜੇਕਰ ਇਹ ਸਿੱਕਾ ਧਰਤੀ ਤੇ ਸਿੱਧਾ ਡਿੱਗਾ ਤਾਂ ਤੁਹਾਡੀ ਜਿੱਤ ਯਕੀਨੀ ਹੋਵੇਗੀ ਅਤੇ ਇਸ ਗੱਲ ਦਾ ਵੀ ਸੰਕੇਤ ਮਿਲ ਜਾਵੇਗਾ ਕਿ ਪਰਮਾਤਮਾ ਤੁਹਾਡੇ ਨਾਲ ਹੈ। ਸਾਰਿਆਂ ਨੂੰ ਇਹ ਗੱਲ ਬਹੁਤ ਚੰਗੀ ਲੱਗੀ ਤੇ ਅੱਖਾਂ ਬੰਦ ਕਰ ਬੇਨਤੀ ਵਿੱਚ ਖੜੇ ਹੋ ਗਏ, ਜਦੋਂ ਸਾਧੂ ਨੇ ਸਿੱਕਾ ਉੱਪਰ ਵੱਲ ਨੂੰ ਸੁੱਟਿਆ ਤਾਂ ਸਿੱਕਾ ਘੁੰਮਦਾ ਘੁੰਮਦਾ ਸਿੱਧਾ ਹੋਕੇ ਧਰਤੀ ਤੇ ਆ ਡਿੱਗਾ, ਸਿੱਕੇ ਦੇ ਡਿੱਗਣ ਦੇ ਸਾਰ ਹੀ ਸਾਰਿਆਂ ਦੇ ਚਿਹਰਿਆਂ ਤੇ ਇੱਕ ਚਮਕ ਆ ਗਈ, ਸਾਧੂ ਨੇ ਕਿਹਾ ਤੁਹਾਨੂੰ ਕੋਈ ਨਹੀਂ ਹਰਾ ਸਕਦਾ, ਪਰਮਾਤਮਾ ਤੁਹਾਡੇ ਨਾਲ ਹੈ, ਭਾਵੇਂ ਕਿੰਨੀ ਵੱਡੀ ਫ਼ੌਜ ਹੋਵੇ, ਤੁਹਾਡੀ ਜਿੱਤ ਯਕੀਨੀ ਹੈ। ਇਹਨਾਂ ਸੁਣਦਿਆਂ ਹੀ ਸਾਰਿਆਂ ਵਿੱਚ ਇੱਕ ਆਸ ਦੀ ਕਿਰਨ ਜਾਗ ਗਈ। ਸਾਰੇ ਸੈਨਾਪਤੀ ਜੋਸ਼ ਨਾਲ ਭਰ ਗਏ ਅਤੇ ਰਾਜੇ ਨੂੰ ਕਹਿਣ ਲੱਗੇ ਮਹਾਰਾਜ ਆਪਾਂ ਜਾਕੇ ਜੰਗ ਦੀ ਤਿਆਰੀ ਕਰੀਏ, ਸੈਨਾਪਤੀ ਕੋਲੋਂ ਇਹ ਬੋਲ ਸੁਣ ਰਾਜਾ ਬਹੁਤ ਖੁਸ਼ ਹੋਇਆ, ਰਾਜੇ ਨੇ ਸਾਧੂ ਨੂੰ ਬੇਨਤੀ ਕੀਤੀ ਕਿ ਤੁਸੀਂ ਵੀ ਸਾਡੇ ਨਾਲ ਚੱਲੋ, ਰਾਜੇ ਦੀ ਬੇਨਤੀ ਸਵੀਕਾਰ ਕਰ ਸਾਧੂ ਵੀ ਰਾਜੇ ਨਾਲ ਚੱਲ ਪਿਆ। ਤਿਆਰੀਆਂ ਆਰੰਭੀਆਂ ਗਈਆਂ ਅਤੇ ਜੰਗ ਦਾ ਐਲਾਨ ਕੀਤਾ ਗਿਆ। ਪੂਰੇ ਸੱਤ ਦਿਨ ਬਹੁਤ ਘਮਸਾਣ ਯੁੱਧ ਹੋਇਆ, ਕਮਜ਼ੋਰ ਰਾਜੇ ਦੀ ਫੌਜ ਤਕੜੇ ਰਾਜੇ ਦੀ ਫੌਜ ਉੱਤੇ ਭਾਰੂ ਹੋਈ ਪਈ ਸੀ, ਆਖਰ ਆਰਥਿਕ ਪੱਖੋਂ ਕਮਜ਼ੋਰ ਰਾਜੇ ਦੀ ਮੁੱਠੀ ਭਰ ਫ਼ੌਜ ਨੇ ਜੰਗ ਜਿੱਤ ਲਈ। ਰਾਜਾ ਤੇ ਸੈਨਾਪਤੀ ਬਹੁਤ ਖੁਸ਼ ਸਨ, ਸਾਰੇ ਸਾਧੂ ਕੋਲ ਆਏ ਤੇ ਜੰਗ ਦਾ ਹਾਲ ਦੱਸਿਆ, ਸਾਧੂ ਨੇ ਖੁਸ਼ ਹੋਕੇ ਕਿਹਾ, ਸਾਨੂੰ ਸਾਰਿਆਂ ਨੂੰ ਫਿਰ ਮੰਦਿਰ ਜਾਕੇ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ, ਸਾਰਿਆਂ ਨੇ ਹਾਮੀ ਭਰੀ ਤੇ ਮੰਦਿਰ ਜਾਣ ਲਈ ਰਵਾਨਾ ਹੋ ਗਏ। ਬੇਨਤੀ ਕਰਨ ਤੋਂ ਬਾਅਦ ਸਾਧੂ ਨੇ ਆਪਣੇ ਖੀਸੇ ਵਿੱਚੋਂ ਫਿਰ ਉਹੀਓ ਸਿੱਕਾ ਕੱਢਿਆ ਤੇ ਆਪਣੇ ਹੱਥ ਦੀ ਹਥੇਲੀ ਤੇ ਰੱਖਦਿਆਂ ਹੋਇਆਂ ਕਿਹਾ, ਦੇਖੋ ਇਹ ਸਿੱਕਾ ਦੋਨੋਂ ਪਾਸਿਆਂ ਤੋਂ ਸਿੱਧਾ ਸੀ, ਜਿੱਤ ਪਰਮਾਤਮਾ ਦੇ ਸਹਾਈ ਹੋਣ ਨਾਲ ਨਹੀਂ ਤੁਹਾਡੇ ਅੰਦਰ ਭਰੀ ਆਸ ਨਾਲ ਹੋਈ ਹੈ, ਤੁਹਡੀ ਜਿੱਤ ਦਾ ਕਾਰਣ ਤੁਹਾਡੇ ਅੰਦਰ ਉੱਪਜੀ ਆਸ ਕਰਕੇ ਹੋਈ ਹੈ। ਇਹ ਸਿੱਕਾ ਕੋਈ ਆਮ ਸਿੱਕਾ ਨਹੀਂ ਇਹ ਆਸ ਦਾ ਸਿੱਕਾ ਸੀ, ਜਿਸ ਨੇ ਮੁੱਠੀ ਭਰ ਫ਼ੌਜ ਨੂੰ ਲੱਖਾਂ ਉੱਪਰ ਭਾਰੂ ਕੀਤਾ ਤੇ ਤੁਹਾਡੇ ਸਿਰ ਜਿੱਤ ਦਾ ਸਿਹਰਾ ਬੰਨ੍ਹ ਦਿੱਤਾ। ਏਨੀ ਗੱਲ ਸੁਣ ਰਾਜਾ ਬਹੁਤ ਖੁਸ਼ ਹੋਇਆ ਤੇ ਸਾਧੂ ਨੂੰ ਨਮਸਕਾਰ ਕਰ ਆਪਣੇ ਸੈਨਾਪਤੀਆਂ ਨੂੰ ਸਿੱਖਿਆ ਦਿੰਦਿਆਂ ਕਿਹਾ ਕਿ ਸਾਨੂੰ ਕਦੇ ਆਸ ਨਹੀਂ ਛੱਡਣੀ ਚਾਹੀਦੀ,ਅਸੀਂ ਆਸ ਰੱਖਣ ਨਾਲ ਪੂਰੀ ਦੁਨੀਆਂ ਜਿੱਤ ਸਕਦੇ ਹਾਂ, ਏਨਾਂ ਕਹਿ ਰਾਜਾ ਤੇ ਸੈਨਾਪਤੀ ਖੁਸ਼ੀ ਖੁਸ਼ੀ ਆਪਣੇ ਦਰਬਾਰ ਵੱਲ ਨੂੰ ਚੱਲ ਪਏ।

# ਕਿਸਾਨ ਮਸਲੇ, ਅੰਦੋਲਨ ਅਤੇ ਭਗਵੰਤ ਮਾਨ ਸਰਕਾਰ ਦਾ ਵਿਸਾਹਘਾਤ

**ਲਿਖਤ : ਬੂਟਾ ਸਿੰਘ ਮਹਿਮੂਦਪੁਰ**

3 ਮਾਰਚ ਦੀ ਮੀਟਿੰਗ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਬਦਤਮੀਜ਼ੀ ਕਰਨ ਤੋਂ ਬਾਅਦ ਪੂਰੇ ਪੰਜਾਬ ਵਿਚ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਅਤੇ ਫਿਰ 19 ਮਾਰਚ ਨੂੰ ਕੇਂਦਰ ਸਰਕਾਰ ਨਾਲ ਗੱਲਬਾਤ ਦੇ ਸੱਤਵੇਂ ਗੇੜ ਦੀ ਮੀਟਿੰਗ ਕਰਨ ਗਏ ਡੱਲੇਵਾਲਪੰਧੇਰ ਧੜੇ ਦੇ ਆਗੂਆਂ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਜੇਲ੍ਹਾਂ ਵਿਚ ਡੱਕ ਕੇ ਅਤੇ ਸ਼ੰਭੂ ਤੇ ਖਨੌਰੀ ਮੋਰਚਿਆਂ ਨੂੰ ਖਦੇੜ ਕੇ ਭਗਵੰਤ ਮਾਨ ਨੇ ਜੋ ਵਿਸ਼ਵਾਸਘਾਤ ਕੀਤਾ ਹੈ, ਅਜਿਹੇ ਧੋਖੇ ਦੀ ਮਿਸਾਲ ਇਤਿਹਾਸ ਵਿਚ ਕੋਈ ਵਿਰਲੀ-ਟਾਵੀਂ ਹੀ ਹੋਵੇਗੀ। ਕੇਂਦਰ ਸਰਕਾਰ ਦੇ ਤਿੰਨ ਮੰਤਰੀਆਂ ਦੇ ਵਫ਼ਦ ਦੇ ਨਾਲ ਭਗਵੰਤ ਮਾਨ ਸਰਕਾਰ ਦੇ ਮੰਤਰੀ ਵੀ ਗੱਲਬਾਤ ਵਿਚ ਸ਼ਾਮਲ ਸਨ। ਗੱਲਬਾਤ ਦੌਰਾਨ ਐੱਮਐੱਸਪੀ ਦੇ ਸਵਾਲ ਉੱਪਰ ਕਿਸਾਨ ਆਗੂਆਂ ਨਾਲ ਬਹਿਸ ਵਿਚ ਕੇਂਦਰੀ ਮੰਤਰੀਆਂ ਦੇ ਤਿੱਖੇ ਤੇਵਰਾਂ ਤੋਂ ਬਾਅਦ ਗੱਲਬਾਤ ਦੇ ਅੱਠਵੇਂ ਗੇੜ ਦੀ ਮੀਟਿੰਗ 4 ਮਈ ਨੂੰ ਤੈਅ ਕੀਤੀ ਗਈ। ਇਸ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਪੁਲਿਸ ਨਫਰੀ ਬਾਰਡਰਾਂ ਉੱਪਰ ਝਪਟਣ ਲਈ ਸਰਕਾਰੀ ਇਸ਼ਾਰੇ ਦੀ ਉਡੀਕ 'ਚ ਤਿਆਰ-ਬਰ-ਤਿਆਰ ਸੀ। ਚੰਡੀਗੜ੍ਹ 'ਚੋਂ ਬਾਹਰ ਨਿਕਲਦੇ ਸਾਰ ਕਿਸਾਨ ਆਗੂਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਆਗੂਆਂ ਨੇ ਮੀਡੀਆ ਨੂੰ ਕਿਹਾ ਕਿ ਗੱਲਬਾਤ ਸੁਖਾਵੇਂ ਮਾਹੌਲ ਵਿਚ ਹੋਈ ਹੈ ਅਤੇ ਗੱਲਬਾਤ ਦੀ ਅਗਲੀ ਤਰੀਕ ਤੈਅ ਕਰ ਲਈ ਗਈ ਹੈ। ਆਗੂ ਇਹ ਭਾਂਪ ਹੀ ਨਹੀਂ ਸਕੇ ਕਿ ਭਗਵੰਤ ਮਾਨ ਸਰਕਾਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਮੋਰਚਿਆਂ ਉੱਪਰ ਹਮਲਾ ਕਰਨ ਦੀ ਜੰਗੀ ਪੱਧਰ 'ਤੇ ਤਿਆਰੀ ਕਰੀ ਬੈਠੀ ਹੈ। ਇਹ ਸੰਭਵ ਹੈ ਕਿ ਭਗਵੰਤ ਮਾਨ ਵੱਲੋਂ ਇਹ ਯੋਜਨਾ ਮੋਦੀ ਸਰਕਾਰ ਨਾਲ ਮੀਟਿੰਗ ਕਰਕੇ ਬਣਾਈ ਗਈ ਹੋਵੇ (ਜਿਵੇਂ ਕਿ ਬੀਬੀਸੀ ਨਿਊਜ਼ ਪੰਜਾਬੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ) ਅਤੇ ਮੀਟਿੰਗ ਵਿਚ ਭੇਜੇ ਪੰਜਾਬ ਦੇ ਮੰਤਰੀਆਂ ਨੂੰ ਵੀ ਇਸ ਦੀ ਭਿਣਕ ਨਾ ਹੋਵੇ, ਕਿਉਂਕਿ ਸਾਰੇ ਫ਼ੈਸਲੇ ਤਾਂ ਕੇਜਰੀਵਾਲ ਵੱਲੋਂ ਲਗਾਏ ਨੌਕਰਸ਼ਾਹਾਂ ਵੱਲੋਂ ਲਏ ਜਾ ਰਹੇ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਭਗਵੰਤ ਮਾਨ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਭਾਜਪਾ ਦੇ ਮੰਤਰੀ ਵੀ ਕਰ ਰਹੇ ਹਨ। ਇਨ੍ਹਾਂ ਦੋਹਾਂ ਜਾਬਰ ਹੱਲਿਆਂ ਨੇ ਝਾੜੂ ਬਰਗੇਡ ਦਾ ਲੋਕ ਹਿਤੈਸ਼ੀ ਹੋਣ ਦਾ ਦੰਭ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਡੱਲੇਵਾਲ-ਪੰਧੇਰ ਸਮੇਤ ਬਹੁਤ ਸਾਰੇ ਆਗੂਆਂ ਅਤੇ ਕਿਸਾਨਾਂ ਨੂੰ ਹਿਰਾਸਤ ਵਿਚ ਲੈਣਾ, ਔਰਤਾਂ ਸਮੇਤ ਬਹੁਤ ਸਾਰੇ ਕਿਸਾਨ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦੇਣਾ, ਜਗਜੀਤ ਸਿੰਘ ਡੱਲੇਵਾਲ ਨੂੰ ਨਜ਼ਰਬੰਦ ਰੱਖਣਾ, ਕਿਸਾਨਾਂ ਦੇ ਬਣਾਏ ਰੈਣ-ਬਸੇਰੇ ਬੇਕਿਰਕੀ ਨਾਲ ਬੁਲਡੋਜ਼ਰ ਚਲਾ ਕੇ ਤਹਿਸਨਹਿਸ ਕਰਨੇ, ਕਿਸਾਨਾਂ ਦੇ ਟਰੈਕਟਰਟਰਾਲੀਆਂ ਅਤੇ ਹੋਰ ਸਮਾਨ ਧਾੜਵੀਆਂ ਵਾਂਗ ਚੁੱਕ ਲਿਜਾਣਾ, ਪੁਲਿਸ ਵੱਲੋਂ ਸਮਾਨ ਭੰਨ-ਤੋੜ ਦੇਣਾ ਅਤੇ ਚੋਰੀ ਕਰਕੇ ਲੈ ਜਾਣਾ, ਮੈਡੀਕਲ ਸੇਵਾਵਾਂ ਦੇ ਰਹੀ ਡਾ. ਸਵੈਮਾਨ ਸਿੰਘ ਦੀ ਮੈਡੀਕਲ ਟੀਮ ਨੂੰ ਵੀ ਨਾ ਬਖ਼ਸ਼ਣਾ, ਇੰਤਹਾ ਘਿਣਾਉਣੀ ਹਰਕਤ ਹੈ ਜਿਸਦੀ ਜ਼ੁਅਰਤ ਤਾਂ ਦਿੱਲੀ ਕਿਸਾਨ ਅੰਦੋਲਨ ਸਮੇਂ ਕੇਂਦਰ ਦੀ ਭਾਜਪਾ ਸਰਕਾਰ ਨੇ ਵੀ ਨਹੀਂ ਸੀ ਕੀਤੀ। ਵਪਾਰੀਆਂ ਵੱਲੋਂ ਧਰਨੇ ਚੁਕਾਉਣ ਦੀ ਖ਼ੁਸ਼ੀ 'ਚ ਲੱਡੂ ਵੰਡਣ ਅਤੇ ਮੰਦਰਾਂ ਵਿਚ ਪੂਜਾ ਕਰਨ ਅਤੇ ਧਰਨਿਆਂ ਕਾਰਨ ਕਾਰੋਬਾਰਾਂ ਦੇ ਨੁਕਸਾਨ ਬਾਰੇ ਕਾਰੋਬਾਰੀ ਵਰਗ ਦੇ ਸਤੱਹੀ ਪ੍ਰਭਾਵਾਂ ਦੀਆਂ ਖ਼ਬਰਾਂ ਚੈਨਲਾਂ ਉੱਪਰ ਚਲਾ ਕੇ ਸੱਤਾਧਾਰੀ ਧਿਰ ਕਿਸਾਨ ਅੰਦੋਲਨ ਦੇ ਅਕਸ ਨੂੰ ਢਾਹ ਲਾਉਣ ਲਈ ਪੂਰਾ ਤਾਣ ਲਾ ਰਹੀ ਹੈ । ਬੇਸ਼ੱਕ ਕਿਸਾਨ ਅੰਦੋਲਨ ਨੂੰ ਪਾੜਨ ਤੇ ਬਦਨਾਮ ਕਰਨ ਲਈ ਹਮਲਾ ਨਵੀਂ ਗੱਲ ਨਹੀਂ ਹੈ। ਪਰ ਕਿਸਾਨਾਂ ਅਤੇ ਵਪਾਰੀਆਂ 'ਚ ਪਾੜਾ ਪਾਉਣ ਅਤੇ ਕਿਸਾਨ ਸੰਘਰਸ਼ ਵਿਰੁੱਧ ਨਫ਼ਰਤ ਭੜਕਾਉਣ ਲਈ ਧਰਨਿਆਂ ਨਾਲ ਆਰਥਕ ਨੁਕਸਾਨ ਦਾ ਝੂਠਾ ਬਿਰਤਾਂਤ ਚਲਾਉਣ ਅਤੇ ਲੋਕ ਵਿਰੋਧੀ ਨੀਤੀਆਂ ਤੋਂ ਧਿਆਨ ਹਟਾਉਣ 'ਚ ਝਾੜੂ ਬਰਗੇਡ ਭਾਜਪਾ ਤੋਂ ਵੀ ਚਾਰ ਕਦਮ ਅੱਗੇ ਹੈ। ਸਰਕਾਰਾਂ ਦੀਆਂ ਕਾਰਪੋਰੇਟ ਹਿਤੈਸ਼ੀ ਨੀਤੀਆਂ ਕਾਰਨ ਪੰਜਾਬ ਦੀਆਂ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਅਤੇ ਛੋਟੇ ਕਾਰੋਬਾਰ ਵੱਡੇ ਪੱਧਰ 'ਤੇ ਤਬਾਹ ਹੋਏ ਹਨ ਪਰ ਸਰਕਾਰਾਂ ਵੱਲੋਂ ਛੋਟੇ ਤੇ ਪ੍ਰਚੂਨ ਕਾਰੋਬਾਰਾਂ ਨੂੰ ਬਚਾਉਣ ਦੀ ਬਜਾਏ ਸਾਮਰਾਜੀ ਕੰਪਨੀਆਂ ਨੂੰ ਛੋਟਾਂ ਤੇ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਭਗਵੰਤ ਮਾਨ ਸਰਕਾਰ ਨੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਨੂੰ ਤਬਾਹੀ ਤੋਂ ਬਚਾਉਣ ਲਈ ਤਾਂ ਕੁਝ ਨਹੀਂ ਕੀਤਾ, ਉਲਟਾ ਇਸਨੇ ਕਾਰੋਬਾਰੀ ਵਰਗ ਦੀ ਬੇਚੈਨੀ ਤੇ ਮਾਯੂਸੀ ਨੂੰ ਕਾਰੋਬਾਰੀਆਂ ਅਤੇ ਕਿਸਾਨਾਂ 'ਚ ਪਾਟਕ ਪਾਉਣ ਅਤੇ ਕਿਸਾਨਾਂ ਵਿਰੁੱਧ ਨਫ਼ਰਤ ਭੜਕਾਉਣ ਲਈ



ਵਰਤਣ ਦੀ ਘਿਣਾਉਣੀ ਚਾਲ ਖੇਡਣ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਭਗਵੰਤ ਮਾਨ ਵਜ਼ਾਰਤ ਆਪਣੇ ਇਕ ਝੂਠ ਨੂੰ ਲੁਕੋਣ ਲਈ ਪੈਰ-ਪੈਰ 'ਤੇ ਨਵਾਂ ਝੂਠ ਘੜ ਰਹੀ ਹੈ। ਹਰਪਾਲ ਚੀਮਾ, ਮੀਤ ਹੇਅਰ ਤੇ ਮਰੀਆਂ ਜ਼ਮੀਰਾਂ ਵਾਲੇ ਹੋਰ ਮੰਤਰੀ ਕਹਿ ਰਹੇ ਹਨ ਕਿ ਧਰਨਿਆਂ ਨਾਲ ਪੰਜਾਬ ਦੇ ਕਾਰੋਬਾਰਾਂ ਦਾ ਬਹੁਤ ਨੁਕਸਾਨ ਹੋ ਰਿਹਾ ਸੀ; ਕਿ ਸਰਕਾਰ ਨੇ ਤਾਂ ਮੋਰਚੇ ਪੰਜਾਬ ਦੇ ਆਰਥਕ ਹਿਤ ਲਈ ਹਟਾਏ ਹਨ। ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ। ਪਹਿਲੀ ਗੱਲ, ਸੜਕਾਂ ਕਿਸਾਨਾਂ ਨੇ ਨਹੀਂ ਰੋਕੀਆਂ। ਡੱਲੇਵਾਲ-ਪੰਧੇਰ ਦੇ ਫੋਰਮਾਂ ਦੀ ਅਗਵਾਈ ਹੇਠ ਕਿਸਾਨ ਦਿੱਲੀ ਜਾ ਕੇ ਆਪਣੀਆਂ ਮੰਗਾਂ ਬਾਰੇ ਆਵਾਜ਼ ਉਠਾਉਣਾ ਚਾਹੁੰਦੇ ਸਨ, ਪਰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹਰਿਆਣੇ ਦੀ ਭਾਜਪਾ ਸਰਕਾਰ ਨੇ ਭਾਰੀ ਪੁਲਿਸ ਫੋਰਸ ਲਾ ਕੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਦੇ ਕਾਫ਼ਲੇ ਰੋਕ ਦਿੱਤੇ। ਦਿੱਲੀ ਪੁਲਿਸ ਨੇ ਸੋਨੀਅਤ-ਦਿੱਲੀ ਨੈਸ਼ਨਲ ਹਾਈਵੇਅ ਉੱਪਰ ਕੰਕਰੀਟ ਦੇ ਬਹੁਪਰਤੀ ਬੈਰੀਕੇਡ ਉਸਾਰ ਦਿੱਤੇ ਅਤੇ ਹਰਿਆਣਾ ਪੁਲਿਸ ਨੇ ਦਿੱਲੀ ਪੁਲਿਸ ਦੀ ਤਰਜ਼ 'ਤੇ ਸ਼ੰਭੂ ਬਾਰਡਰ ਉੱਪਰ ਕੰਕਰੀਟ ਦੀਆਂ ਕੰਧਾਂ ਉਸਾਰ ਦਿੱਤੀਆਂ ਤਾਂ ਜੋ ਵਾਹਨਾਂ ਦੀ ਆਵਾਜਾਈ ਬੰਦ ਕਰਕੇ ਸੰਘਰਸ਼ਸ਼ੀਲ ਕਿਸਾਨਾਂ ਵਿਰੁੱਧ ਨਫ਼ਰਤ ਫੈਲਾਊ ਬਿਰਤਾਂਤ ਚਲਾਇਆ ਜਾ ਸਕੇ। ਫਿਰ ਕਿਸਾਨਾਂ ਦੀ ਪੈਦਲ ਦਿੱਲੀ ਜਾਣ ਦੀ ਕੋਸ਼ਿਸ਼ ਵੀ ਪੁਲਿਸ ਜਬਰ ਦੁਆਰਾ ਅਸਫ਼ਲ ਬਣਾ ਦਿੱਤੀ ਗਈ। ਇਨ੍ਹਾਂ ਰੋਕਾਂ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਇਕ ਹਫ਼ਤੇ 'ਚ ਬੈਰੀਕੇਡ ਹਟਾਉਣ ਦਾ ਆਦੇਸ਼ ਦਿੱਤਾ, ਪਰ ਭਗਵੰਤ ਮਾਨ ਸਰਕਾਰ ਨੇ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਲਾਗੂ ਕਰਾਉਣ ਦੀ ਕਦੇ ਲੋੜ ਹੀ ਨਹੀਂ ਸਮਝੀ। ਇਹ ਜੱਗ ਜ਼ਾਹਿਰ ਹੈ ਕਿ ਹਾਈਵੇਅ ਕਿਸਾਨਾਂ ਨੇ ਨਹੀਂ ਸਗੋਂ ਹਰਿਆਣਾ ਸਰਕਾਰ ਨੇ ਰੋਕੇ ਹੋਏ ਸਨ, ਭਗਵੰਤ ਮਾਨ ਸਰਕਾਰ ਖ਼ੁਦ ਵੀ ਇਹੀ ਕਹਿੰਦੀ ਰਹੀ ਹੈ। ਹੁਣ ਅਚਾਨਕ ਇਸ ਨੂੰ ਭਾਜਪਾ ਦੇ ਝੂਠ ਦੀ ਮੁਹਾਰਨੀ ਰਟਣ ਦੀ ਲੋੜ ਕਿਉਂ ਪਈ, ਭਗਵੰਤ ਮਾਨ ਦੀ ਅਸਲ ਖ਼ਸਲਤ ਨੂੰ ਸਮਝ ਕੇ ਹੀ ਇਸ ਨੂੰ ਸਹੀ ਸਮਝਿਆ ਜਾ ਸਕਦਾ ਹੈ। ਜੇ ਆਵਾਜਾਈ ਵਿਚ ਅੜਿੱਕਾ ਪੈਣ ਨਾਲ ਕਾਰੋਬਾਰ ਉੱਪਰ ਕੋਈ ਅਸਰ ਪੈ ਰਿਹਾ ਸੀ ਤਾਂ ਉਸਦੀ ਜ਼ਿੰਮੇਵਾਰ ਹਰਿਆਣਾ ਸਰਕਾਰ ਸੀ ਜਿਸਨੇ ਪੱਕੇ ਬੈਰੀਕੇਡ ਉਸਾਰੇ ਅਤੇ ਨਾਲ ਹੀ ਪੰਜਾਬ ਸਰਕਾਰ, ਜਿਸਨੇ ਇਹ ਬੈਰੀਕੇਡ ਹਟਾਉਣ ਲਈ ਕੇਂਦਰ ਅਤੇ ਹਰਿਆਣਾ ਸਰਕਾਰਾਂ ਨਾਲ ਮੱਥਾ ਲਾਉਣ ਤੋਂ ਹਮੇਸ਼ਾ ਟਾਲਾ ਵੱਟਿਆ। ਸਵਾਲ ਇਹ ਹੈ ਕਿ ਜੋ ਬੁਲਡੋਜ਼ਰ ਕਿਸਾਨਾਂ ਨੂੰ ਖਦੇੜਣ ਲਈ ਚਲਾਏ ਗਏ, ਉਹ ਭਗਵੰਤ ਮਾਨ ਨੇ ਹਰਿਆਣਾ ਸਰਕਾਰ ਵੱਲੋਂ ਨੈਸ਼ਨਲ ਹਾਈਵੇਅ ਉੱਪਰ ਉਸਾਰੀਆਂ ਕੰਕਰੀਟ ਦੀਆਂ ਗ਼ੈਰਕਾਨੂੰਨੀ ਕੰਧਾਂ ਨੂੰ ਢਾਹੁਣ ਅਤੇ ਕਿਸਾਨਾਂ ਦਾ ਦਿੱਲੀ ਵਿਚ ਜਾਣ ਦਾ ਹੱਕ ਬਹਾਲ ਕਰਾਉਣ ਲਈ ਕਿਉਂ ਨਹੀਂ ਭੇਜੇ ਗਏ? ਜਿੱਥੋਂ ਤੱਕ ਵਪਾਰਕ ਕਾਰੋਬਾਰਾਂ ਦੇ ਨੁਕਸਾਨ ਦਾ ਸਵਾਲ ਹੈ, ਰਸਤਾ ਰੁਕਣ ਨਾਲ ਆਮ ਲੋਕਾਈ ਨੂੰ ਕੁਝ ਸਮੱਸਿਆ ਤਾਂ ਆਉਂਦੀ ਹੀ ਹੈ ਚਾਹੇ ਕੋਈ ਵੀ ਅੰਦੋਲਨ ਹੋਵੇ। ਤੱਥ ਇਹ ਹੈ ਕਿ ਇਸਦੇ ਬਾਵਜੂਦ ਬਾਰਡਰਾਂ ਉੱਪਰ ਰਸਤਾ ਬਦਲ ਕੇ ਢੋਆ-ਢੁਆਈ ਅਤੇ ਆਵਾਜਾਈ ਚੱਲਦੀ ਰਹੀ ਹੈ, ਖ਼ਾਸ ਕਰਕੇ ਖਨੌਰੀ ਬਾਰਡਰ ਦੇ ਆਰ-ਪਾਰ ਤਾਂ ਕਾਰੋਬਾਰ ਕਦੇ ਵੀ ਬੰਦ ਨਹੀਂ ਹੋਇਆ। ਰਾਜ ਸਰਕਾਰ ਲਈ ਸਭ ਤੋਂ ਵੱਡਾ ਸਰੋਕਾਰ ਤਾਂ ਪੰਜਾਬ ਦੇ ਲੋਕਾਂ ਨੂੰ ਮੁਲਕ ਦੀ ਰਾਜਧਾਨੀ ਵਿਚ ਜਾ ਕੇ ਆਪਣੀਆਂ ਮੰਗਾਂ ਲਈ ਆਵਾਜ਼ ਉਠਾਉਣ ਤੋਂ ਰੋਕਣ ਅਤੇ ਹਰਿਆਣਾ ਪੁਲਿਸ ਵੱਲੋਂ ਪੰਜਾਬ ਦੇ ਖੇਤਰ ਵਿਚ ਦਾਖ਼ਲ ਹੋ ਕੇ ਕਿਸਾਨਾਂ ਉੱਪਰ ਗੋਲੀਬਾਰੀ ਕਰਨ ਅਤੇ ਹੱਤਿਆ ਕਰਨ ਦਾ ਮੁੱਦਾ ਹੋਣਾ ਚਾਹੀਦਾ ਸੀ। ਇਹ ਆਰ.ਐੱਸ.ਐੱਸ.- ਭਾਜਪਾ ਹਕੂਮਤ ਦਾ ਪੰਜਾਬ ਦੇ ਲੋਕਾਂ ਦੇ ਜਮਹੂਰੀ ਹੱਕ ਉੱਪਰ ਸਿੱਧਾ ਹਮਲਾ ਸੀ, ਪਰ ਕੇਜਰੀਵਾਲ ਦੀ ਰਾਸ਼ਟਰਵਾਦੀ ਸਿਆਸਤ ਦਾ ਡੰਗਿਆ ਭਗਵੰਤ ਮਾਨ ਇਸ ਹੱਕ ਦੀ ਪੈਰਵਾਈ ਕਰਨ ਬਾਰੇ ਬੇਸ਼ਰਮੀਂ ਨਾਲ ਚੁੱਪ ਹੈ, ਉਲਟਾ ਕਿਸਾਨ ਅੰਦੋਲਨ ਨੂੰ ਹੀ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਬਣਾ ਕੇ ਪੇਸ਼ ਕਰ ਰਿਹਾ ਹੈ। 20 ਮਾਰਚ ਨੂੰ ਇਕ ਪਾਸੇ ਉਪਰੋਕਤ ਜਬਰ ਵਿਰੁੱਧ ਰੋਸ ਪ੍ਰਗਟਾ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੂਜੇ ਪਾਸੇ ਪੰਜਾਬ ਦੇ ਖੇਤੀਬਾੜੀ ਮੰਤਰੀ ਵੱਲੋਂ ਐੱਸ.ਕੇ.ਐੱਮ. ਨੂੰ 21 ਮਾਰਚ ਨੂੰ ਗੱਲਬਾਤ ਲਈ ਸੱਦਾ ਭੇਜਿਆ ਗਿਆ। ਭਗਵੰਤ ਮਾਨ ਐੱਸ.ਕੇ.ਐੱਮ. ਨੂੰ ਬਦਨਾਮ ਕਰਨ ਲਈ ਮੀਡੀਆ ਅੱਗੇ ਸਰੇਆਮ ਝੂਠ ਬੋਲਦਾ ਰਿਹਾ ਕਿ ਐੱਸ.ਕੇ.ਐੱਮ. ਦੇ ਮੰਗ-ਪੱਤਰ ਦੀਆਂ ਅਠਾਰਾਂ ਮੰਗਾਂ ਵਿੱਚੋਂ ਇਕ ਵੀ ਮੰਗ ਪੰਜਾਬ ਸਰਕਾਰ ਨਾਲ ਸੰਬੰਧਤ ਨਹੀਂ ਹੈ, ਹੁਣ ਉਸਦੇ ਖੇਤੀਬਾੜੀ ਮੰਤਰੀ ਨੇ 21 ਮਾਰਚ ਨੂੰ ਕਿਸਾਨ ਆਗੂਆਂ ਨੂੰ ਮੀਟਿੰਗ ਲਈ ਕਿਸ ਅਧਾਰ 'ਤੇ ਸੱਦਿਆ? ਜੇ ਮੰਗਾਂ ਪੰਜਾਬ ਸਰਕਾਰ ਨਾਲ ਸੰਬੰਧਤ ਹੀ ਨਹੀਂ, ਫਿਰ ਮੀਟਿੰਗ ਕਾਹਦੇ ਲਈ? ਜੇ ਮੰਗਾਂ ਉੱਪਰ ਮੀਟਿੰਗ ਹੋ ਸਕਦੀ ਹੈ ਤਾਂ ਕੀ ਭਗਵੰਤ ਮਾਨ ਉਸ ਮਹਾਂ-ਝੂਠ ਲਈ ਪੰਜਾਬ ਦੇ ਲੋਕਾਂ ਤੋਂ ਮਾਫ਼ੀ ਮੰਗੇਗਾ ਜੋ ਉਸਨੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਬੋਲਿਆ? ਐਸ.ਕੇ.ਐਮ. ਅਤੇ ਬੀ.ਕੇ.ਯੂ ਏਕਤਾ-ਉਗਰਾਹਾਂ ਨੇ ਰਾਜ ਸਰਕਾਰ ਦੇ ਗੱਲਬਾਤ ਦੇ ਇਸ ਫੁੱਟਪਾਊ ਸੱਦੇ ਨੂੰ ਹੁੰਗਾਰਾ ਨਹੀਂ ਦਿੱਤਾ। ਐਸ.ਕੇ.ਐਮ. ਨੇ ਚੰਡੀਗੜ੍ਹ ਜਾਣ ਦਾ ਪ੍ਰੋਗਰਾਮ ਫ਼ਿਲਹਾਲ ਮੁਲਤਵੀ ਕਰ ਦਿੱਤਾ, ਇਸ ਦੀ ਥਾਂ 28 ਮਾਰਚ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਾ ਸਦਰਮੁਕਾਮਾਂ ਉੱਪਰ ਜਬਰ ਵਿਰੋਧੀ ਮੁਜ਼ਾਹਰੇ ਕਰਕੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ-ਪੱਤਰ ਭੇਜਣ ਦਾ ਫ਼ੈਸਲਾ ਲਿਆ ਹੈ। ਪੰਧੇਰ ਦੀ ਅਗਵਾਈ ਵਾਲੀ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਸਟੈਂਡ ਲਿਆ ਹੈ ਕਿ ਉਹ ਆਪਣੇ ਜੇਲ੍ਹ ਬੰਦ ਆਗੂਆਂ ਦੀ ਜ਼ਮਾਨਤ ਨਹੀਂ ਕਰਾਉਣਗੇ। ਰਾਜਨੀਤਕ ਵਿਸ਼ਲੇਸ਼ਣਕਾਰਾਂ 'ਚ ਇਹ ਵੀ ਚਰਚਾ ਹੈ ਕਿ ਆਪਣੇ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਚੱਲ ਰਹੀ ਜਾਂਚ ਨੂੰ ਦੇਖਦਿਆਂ ਕੇਜਰੀਵਾਲ ਵੱਲੋਂ ਮੁੜ ਜੇਲ੍ਹ ਭੇਜੇ ਜਾਣ ਦੀ ਸੰਭਾਵਨਾ ਦੇ ਦਬਾਅ ਹੇਠ ਕੇਂਦਰ ਸਰਕਾਰ ਨਾਲ ਕੋਈ ਅੰਦਰੂਨੀ ਸੌਦੇਬਾਜ਼ੀ ਕੀਤੀ ਹੋ ਸਕਦੀ ਹੈ। ਮਖੌਟਾ ਲਾਹ ਕੇ ਸਾਹਮਣੇ ਆਏ ਭਗਵੰਤ ਮਾਨ ਦੇ ਇਸ ਤਾਨਾਸ਼ਾਹ ਕਿਰਦਾਰ ਦਾ ਇਕ ਵੱਡਾ ਕਾਰਨ ਲੁਧਿਆਣਾ ਪੱਛਮੀ ਦੀ ਜ਼ਿਮਨੀ-ਚੋਣ ਦੀ ਰਾਜਨੀਤਕ ਗਿਣਤੀ-ਮਿਣਤੀ ਵੀ ਮੰਨਿਆ ਜਾ ਰਿਹਾ ਹੈ ਜਿੱਥੋਂ 'ਆਪ' ਵਿਧਾਇਕ ਗੁਰਪ੍ਰੀਤ ਗੋਗੀ ਦੀ ਸ਼ੱਕੀ ਹਾਲਾਤ ਵਿਚ ਮੌਤ ਤੋਂ ਬਾਅਦ ਖਾਲੀ ਹੋਈ ਸ਼ਹਿਰੀ ਸੀਟ ਦੀ ਚੋਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਉਮੀਦਵਾਰ ਨਾਮਜ਼ੱਦ ਕੀਤਾ ਗਿਆ ਹੈ। ਪੰਜਾਬ ਵਿਚ ਭਗਵੰਤ ਮਾਨ ਦੀ ਸਰਕਾਰ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਵਿਰੁੱਧ ਸਾਰੇ ਵਰਗਾਂ ਵਿਚ ਫੈਲੀ ਹੋਈ ਬੇਚੈਨੀ ਅਤੇ ਦਿੱਲੀ ਚੋਣਾਂ ਵਿਚ ਝਾੜੂ ਬਰਗੇਡ ਦਾ ਸਫ਼ਾਇਆ ਹੋਣ ਦੇ ਮੱਦੇਨਜ਼ਰ ਸ਼ਾਤਰ ਕੇਜਰੀਵਾਲ ਕੋਲ ਪੰਜਾਬ ਦੀ ਸੱਤਾ ਦਾ ਲਾਹਾ ਲੈਣ ਦਾ ਰਾਹ ਹੀ ਬਚਿਆ ਹੈ। ਇਹ ਵੀ ਸੰਭਵ ਹੈ ਕਿ ਇਸ ਖਾਲੀ ਹੋਈ ਸੀਟ ਤੋਂ ਉਸ ਨੂੰ ਰਾਜ ਸਭਾ ਮੈਂਬਰ ਬਣਾ ਦਿੱਤਾ ਜਾਵੇ। ਪੰਜਾਬ ਦੇ ਸਰਕਾਰੀ ਖਜ਼ਾਨੇ ਦਾ ਕੇਜਰੀਵਾਲ ਦੇ ਰਾਜਨੀਤਕ ਹਿਤਾਂ ਲਈ ਉਜਾੜਾ ਵੱਡਾ ਮੁੱਦਾ ਬਣਦਾ ਰਿਹਾ ਹੈ। ਹੁਣ ਮਨੀਸ਼ ਸਿਸੌਦੀਆ ਅਤੇ ਸਤੇਂਦਰ ਜੈਨ ਨੂੰ ਪੰਜਾਬ ਦੇ ਇੰਚਾਰਜ ਅਤੇ ਸਹਿਇੰਚਾਰਜ ਥਾਪ ਕੇ ਇਸ ਉਜਾੜੇ ਵਿਚ ਹੋਰ ਵਾਧਾ ਕਰਨ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ, ਜਦਕਿ ਇਹ ਦੋਵੇਂ ਸ਼ਖ਼ਸ ਭ੍ਰਿਸ਼ਟਾਚਾਰ ਦੇ ਕੇਸ ਵਿਚ ਜੇਲ੍ਹ ਵਿਚ ਰਹਿ ਚੁੱਕੇ ਹਨ। ਉਪਰੋਕਤ ਸ਼ਹਿਰੀ ਸੀਟ ਜਿੱਤਣੀ ਐਨੀ ਸੌਖੀ ਨਹੀਂ ਹੈ। ਇਸ ਲਈ ਕੇਜਰੀਵਾਲ-ਭਗਵੰਤ ਦਾ ਲੁਧਿਆਣਾ ਦੇ ਕਾਰੋਬਾਰੀ ਤਬਕੇ ਦੀਆਂ ਵੋਟਾਂ ਬਟੋਰਨ ਲਈ ਕਿਸਾਨ ਵਿਰੋਧੀ ਝੂਠੇ ਬਿਰਤਾਂਤ ਦਾ ਸਹਾਰਾ ਲੈਣਾ ਸੁਭਾਵਿਕ ਹੈ। ਸੰਘਰਸ਼ਸ਼ੀਲ ਕਿਸਾਨਾਂ ਉਪਰ ਸ਼ਿਕੰਜਾ ਕੱਸਣ ਦੇ ਭਾਜਪਾ ਹਕੂਮਤ ਦੇ ਦਬਾਅ ਨੂੰ ਇਹ ਮੌਕਾਪ੍ਰਸਤ ਗੈਂਗ ਕਿੰਨਾ ਕੁ ਸਮਾਂ ਟਾਲ ਸਕਦਾ ਸੀ। ਕੇਜਰੀਵਾਲ ਦੀ ਰਾਸ਼ਟਰਵਾਦੀ ਸਿਆਸਤ ਦੇ ਪੈਰੋਕਾਰ ਕੰਗਰੋੜਹੀਣ ਭਗਵੰਤ ਮਾਨ ਵਿਚ ਮੋਦੀ-ਸ਼ਾਹ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਦੀ ਧੌਂਸ ਅੱਗੇ ਖੜ ਤੇ ਅੜ ਸਕਣ ਦੀ ਤਾਕਤ ਨਹੀਂ ਹੈ। ਭਗਵੰਤ ਮਾਨ ਕਿਸਾਨ ਜਥੇਬੰਦੀਆਂ ਦੀਆਂ ਉਨ੍ਹਾਂ ਜਾਇਜ਼ ਮੰਗਾਂ ਉੱਪਰ ਚਰਚਾ ਤੋਂ ਵੀ ਲਗਾਤਾਰ ਪੱਲਾ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਰਾਜ ਸਰਕਾਰ ਦੇ ਅਧਿਕਾਰ ਖੇਤਰ ਦੀਆਂ ਮੰਗਾਂ ਹਨ। ਉਹ ਵਾਅਦਾ ਖ਼ਿਲਾਫ਼ੀ ਵਿਰੁੱਧ ਸ਼ਾਂਤਮਈ ਅੰਦੋਲਨਾਂ ਉੱਪਰ ਝਪਟਣ ਲਈ ਪੁਲਿਸ ਨੂੰ ਬੇਲਗਾਮ ਕਰਨਾ ਹੀ ਜਾਣਦਾ ਹੈ। ਇਹ ਠੀਕ ਹੈ ਕਿ ਕਿਸਾਨ ਜਥੇਬੰਦੀਆਂ 'ਚ ਏਕਤਾ ਦੀ ਘਾਟ ਨੇ ਵੀ ਭਗਵੰਤ-ਕੇਜਰੀਵਾਲ ਗੈਂਗ ਨੂੰ ਕਿਸਾਨ ਅੰਦੋਲਨ ਉੱਪਰ ਝਪਟਣ ਲਈ ਉਤਸ਼ਾਹਤ ਕੀਤਾ ਹੈ। ਇਹ ਸੱਚ ਹੈ ਕਿ ਵੱਡੀਆਂਛੋਟੀਆਂ ਕਿਸਾਨ ਜਥੇਬੰਦੀਆਂ ਦੇ ਰਾਜਨੀਤਕ ਨਜ਼ਰੀਏ, ਪ੍ਰੋਗਰਾਮ, ਲੜਨ ਦੇ ਤੌਰ-ਤਰੀਕੇ ਅਤੇ ਹਾਕਮ ਜਮਾਤੀ ਪਾਰਟੀਆਂ ਨਾਲ ਰਿਸ਼ਤੇ ਵੱਖੋਵੱਖਰੇ ਹਨ। ਉਨ੍ਹਾਂ ਦੀ ਲੜਾਈ ਦੀ ਵਚਨਬੱਧਤਾ, ਸੰਘਰਸ਼ ਨੂੰ ਅਗਵਾਈ ਦੇਣ ਲਈ ਜ਼ਰੂਰੀ ਸਪਸ਼ਟ ਸਮਝ ਅਤੇ ਜਨਤਕ ਲਾਮਬੰਦੀ ਦੀ ਪਹੁੰਚ ਵੀ ਵੱਖੋ-ਵੱਖਰੀ ਹੈ। ਇਸੇ ਕਰਕੇ ਹੀ ਕਿਸਾਨਾਂ ਦੀ ਲਾਮਬੰਦੀ ਦੀ ਤਾਕਤ ਅਤੇ ਸੰਘਰਸ਼ ਵਿਚ ਲਗਾਤਾਰ ਡੱਟੇ ਰਹਿਣ ਲਈ ਉਨ੍ਹਾਂ ਵੱਲੋਂ ਦਿਖਾਈ ਜਾਂਦੀ ਦ੍ਰਿੜਤਾ ਵੀ ਵੱਖੋ-ਵੱਖਰੀ ਹੈ। ਡੱਲੇਵਾਲਪੰਧੇਰ ਦੇ ਫੋਰਮਾਂ ਵੱਲੋਂ ਐਸ.ਕੇ.ਐਮ. ਨੂੰ ਢਾਹ ਲਾਉਣ ਲਈ ਨਿਸ਼ਾਨੇ 'ਤੇ ਲੈਣ, ਐਸ.ਕੇ.ਐਮ. ਦੀਆਂ ਏਕਤਾ ਕੋਸ਼ਿਸ਼ਾਂ ਨੂੰ ਹੁੰਗਾਰਾ ਨਾ ਦੇ ਕੇ ਅੱਡ ਸੰਘਰਸ਼ ਰਾਹੀਂ ਵੱਧ ਲੜਾਕੂ ਹੋਣ ਦੀ ਭੱਲ ਬਣਾਉਣ 'ਚ ਗ੍ਰਸਤ ਹੋਣ ਅਤੇ ਦੂਜੇ ਪਾਸੇ, ਐਸ.ਕੇ.ਐਮ. ਦੀਆਂ ਸਾਰੀਆਂ ਜਥੇਬੰਦੀਆਂ ਅੰਦਰ ਦਿੱਲੀ ਤੋਂ ਵਾਪਸ ਆ ਕੇ ਰਹਿੰਦੀਆਂ ਮੰਗਾਂ ਉੱਪਰ ਬੱਝਵਾਂ, ਵਿਸ਼ਾਲ ਅੰਦੋਲਨ ਵਿੱਢਣ ਲਈ ਪਹਿਲਾਂ ਵਾਲੀ ਦ੍ਰਿੜਤਾ ਅਤੇ ਜੁਝਾਰੂ ਭਾਵਨਾ ਬਰਕਰਾਰ ਨਾ ਰਹਿ ਸਕਣ ਕਾਰਨ ਕਿਸਾਨਾਂ ਦੀ ਜਥੇਬੰਦਕ ਤਾਕਤ ਦਾ ਦਬ-ਦਬਾਅ ਕਮਜ਼ੋਰ ਪੈ ਗਿਆ। ਉਨ੍ਹਾਂ ਦੇ ਲੜਾਕੂ ਅਕਸ ਨੂੰ ਸਪਸ਼ਟ ਤੌਰ 'ਤੇ ਖ਼ੋਰਾ ਲੱਗਿਆ ਹੈ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਇਸਦਾ ਲਾਹਾ ਲੈਣ ਲਈ ਕਿਸਾਨ ਵਿਰੋਧੀ ਬਿਰਤਾਂਤ ਚਲਾਉਣ ਲਈ ਆਪਣੇ ਮੀਡੀਆ ਵਿੰਗ ਝੋਕ ਦਿੱਤੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਕੇਜਰੀਵਾਲ-ਭਗਵੰਤ ਦੀ ਕਿਸਾਨ ਆਗੂਆਂ ਨਾਲ ਵਿਸ਼ਵਾਸਘਾਤ ਕਰਨ, ਸੰਘਰਸ਼ਸ਼ੀਲ ਕਿਸਾਨਾਂ ਵਿਰੁੱਧ ਬੁਲਡੋਜ਼ਰ ਭੇਜਣ ਅਤੇ ਪੁਲਿਸ ਤਾਕਤ ਦੇ ਜ਼ੋਰ ਕਿਸਾਨ ਅੰਦੋਲਨ ਨੂੰ ਸੱਟ ਮਾਰਨ ਦੀ ਜ਼ੁਅਰਤ ਪਈ ਹੈ ਜੋ ਇਕ ਸਮੇਂ ਕਿਸਾਨੀ ਦੀਆਂ ਕਾਂਗਰਸ ਤੇ ਅਕਾਲੀ ਦਲ ਵਿਰੋਧੀ ਭਾਵਨਾਵਾਂ ਦਾ ਲਾਹਾ ਲੈਣ ਲਈ ਕਿਸਾਨ ਆਗੂਆਂ ਦੇ ਪੈਰ ਮਿੱਧਦੇ ਫਿਰਦੇ ਸਨ। ਮੋਦੀਅਮਿਤ ਸ਼ਾਹ ਦੇ ਫਾਸ਼ੀਵਾਦੀ ਕੁਹਾੜੇ ਦਾ ਦਸਤਾ ਬਣੇ ਝਾੜੂ ਬਰਗੇਡ ਦਾ ਵਿਸ਼ਵਾਸਘਾਤ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਭਰਮ ਹੈ ਕਿ ਰਾਜਨੀਤਕ ਠੱਗਾਂ ਦਾ ਇਹ ਟੋਲਾ ਪੰਜਾਬ ਦੇ ਹਿਤ 'ਚ ਬਦਲਾਅ ਲਿਆਉਣਾ ਚਾਹੁੰਦਾ ਹੈ। ਆਉਣ ਵਾਲੇ ਸਮੇਂ 'ਚ ਇਹ ਸਰਕਾਰ ਕਿਸਾਨੀ ਦੀ ਕੀਮਤ 'ਤੇ ਕਾਰਪੋਰੇਟ ਸਰਮਾਏਦਾਰੀ ਪੱਖੀ ਹੋਰ ਵੀ ਘਾਤਕ ਫ਼ੈਸਲੇ ਲਵੇਗੀ। ਇਹ ਕੇਂਦਰ ਸਰਕਾਰ ਨੂੰ ਖ਼ੁਸ਼ ਕਰਨ ਲਈ ਕਿਸਾਨ ਅੰਦੋਲਨ ਉੱਪਰ ਹੋਰ ਰੋਕਾਂ ਲਾਉਣ ਦੀ ਕੋਸ਼ਿਸ਼ ਵੀ ਕਰੇਗੀ ਅਤੇ ਬੁਲਡੋਜ਼ਰ ਰਾਜ ਦਾ ਮੂੰਹ ਹੋਰ ਸੰਘਰਸ਼ਾਂ ਵੱਲ ਵੀ ਕਰੇਗੀ । ਭਗਵੰਤ ਮਾਨ ਸਰਕਾਰ ਦੇ ਇਸ ਦੁਸ਼ਟ ਕਾਰੇ ਦਾ ਸਿਆਸੀ ਲਾਹਾ ਲੈਣ ਲਈ ਅਕਾਲੀ, ਕਾਂਗਰਸੀ ਅਤੇ ਹੋਰ ਵੋਟ ਬਟੋਰੂ ਸਿਆਸਤਦਾਨ ਕਿਸਾਨ ਅੰਦੋਲਨ ਵਿਰੁੱਧ ਜਬਰ ਦੀ ਨਿਖੇਧੀ ਕਰਨ ਦਾ ਨਾਟਕ ਕਰ ਰਹੇ ਹਨ। ਇਹੀ ਕੁਝ ਬਾਦਲ ਸਰਕਾਰ ਤੇ ਕੈਪਟਨ ਸਰਕਾਰ ਤੋਂ ਅੱਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸੱਤਾ ਦੀ ਪੌੜੀ ਬਣਾ ਕੇ ਵਰਤਣ ਲਈ ਭਗਵੰਤ ਮਾਨ ਕਰਦਾ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਹਾਕਮ ਜਮਾਤੀ ਸਿਆਸਤ ਦੀਆਂ ਚਲਾਕੀਆਂ ਨੂੰ ਸਮਝਣਾ ਪਵੇਗਾ। ਖ਼ਾਸ ਕਰਕੇ, ਕਿਸਾਨ ਜਥੇਬੰਦੀਆਂ ਨੂੰ ਪਿਛਲੇ ਤਜਰਬੇ ਤੋਂ ਸਿੱਖ ਕੇ ਕਿਸਾਨ ਅੰਦੋਲਨ ਨਾਲ ਨਕਲੀ ਹੇਜ ਦਿਖਾਉਣ ਵਾਲਿਆਂ ਤੋਂ ਸੁਚੇਤ ਰਹਿਣਾ ਹੋਵੇਗਾ ਅਤੇ ਸੰਘਰਸ਼ ਨੂੰ ਸਾਬਤ ਕਦਮੀਂ ਨਾਲ ਅੱਗੇ ਵਧਾਉਣਾ ਹੋਵੇਗਾ। ਇਹ ਤਸੱਲੀ ਵਾਲੀ ਗੱਲ ਹੈ ਕਿ ਇਕ ਪਾਸੇ ਡੱਲੇਵਾਲ-ਪੰਧੇਰ ਧੜੇ ਦੀਆਂ ਕਿਸਾਨ ਜਥੇਬੰਦੀਆਂ ਅਤੇ ਦੂਜੇ ਪਾਸੇ ਐਸ.ਕੇ.ਐਮ. ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਇਸ ਜਬਰ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਕੇ ਹਕੂਮਤੀ ਦਹਿਸ਼ਤ ਨੂੰ ਇਕ ਹੱਦ ਤੱਕ ਤੋੜਿਆ ਹੈ

**- ਚਲਦਾ**

# ਨਾਰੀ ਸੰਸਾਰ



## ਬੱਚੇ ਦੀ ਅੰਦਰੂਨੀ ਭਾਵਨਾ ਦੀ ਕਦਰ ਕਰਦਿਆਂ

# ਬੱਚਿਆਂ ਲਈ ਰਾਹ ਦਸੇਰਾ ਬਣੋ

**ਲੇਖਕ: ਡੀ.ਆਰ. ਬੰਦਨਾ**
**ਮੋਬਾਈਲ** : 94173-89003

ਤੁਹਾਡਾ ਘਰ ਕਿੰਨਾ ਵੱਡਾ ਹੈ, ਇਹ ਗੱਲ ਕੋਈ ਮਹੱਤਵ ਨਹੀਂ ਰੱਖਦੀ। ਘਰ 'ਚ ਬੱਚਿਆਂ ਦੀ ਰੌਣਕ ਹੋਵੇ ਤੇ ਤੁਸੀਂ ਉਨ੍ਹਾਂ ਨੂੰ ਕਿੰਨਾ ਕੁ ਪਿਆਰ ਕਰਦੇ ਹੋ ਜਾਂ ਫਿਰ ਬੱਚੇ ਤੁਹਾਡੇ ਨਾਲ ਕਿਸ ਤਰ੍ਹਾਂ ਵਿਚਰਦੇ ਹਨ, ਤੁਸੀਂ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਿੰਨਾ ਕੁ ਕਦਰ ਕਰਦੇ ਹੋ, ਇਹ ਹੀ ਗੱਲ ਅਹਿਮ ਹੈ। ਕਾਰਨ ਕਿ ਬੱਚੇ ਦਾ ਜੀਵਨ ਤਾਂ ਇਕ ਕੋਰੇ ਕਾਗਜ਼ ਵਾਂਗ ਹੁੰਦਾ ਹੈ ਜੋ ਉਸ 'ਤੇ ਉੱਕਰਿਆ ਜਾਏਗਾ ਉਹ ਹੀ ਸੱਚ ਹੁੰਦਾ ਹੈ, ਬਾਕੀਆਂ ਵੱਲ ਉਸ ਦਾ ਧਿਆਨ ਨਹੀਂ ਹੁੰਦਾ।

ਘਰ ਵਿਚ ਬੱਚੇ ਦੇ ਭੈਣ-ਭਰਾ, ਮਾਂ-ਬਾਪ, ਦਾਦਾ-ਦਾਦੀ ਸਾਰੇ ਹੀ ਪਿਆਰ ਕਰਨ ਵਾਲੇ ਰਹਿੰਦੇ ਹਨ। ਬੱਚੇ ਦੀ ਦੁਨੀਆ ਇਥੋਂ ਹੀ ਸ਼ੁਰੂ ਹੁੰਦੀ ਹੈ ਤੇ ਇਥੇ ਹੀ ਖ਼ਤਮ ਹੁੰਦੀ ਹੈ। ਬੱਚਾ ਸਕੂਲ ਜਾਵੇ ਜਾਂ ਫਿਰ ਕਿਸੇ ਦੇ ਘਰ ਜਾਵੇ, ਉਸ ਦਾ ਮਨ ਵਾਪਸ ਘਰ ਆ ਕੇ ਹੀ ਲਗਦਾ ਹੈ।

ਕਲਪਨਾ ਕਰੋ ਕਿ ਤੁਸੀਂ ਦਿਨ ਭਰ ਘਰੋਂ ਬਾਹਰ ਆਪਣੇ ਕਿਸੇ ਵੀ ਕੰਮ 'ਤੇ ਰਹਿ ਕੇ ਸ਼ਾਮ ਨੂੰ ਘਰ ਵਾਪਸ ਆਉਂਦੇ ਹੋ। ਘਰ ਆ ਕੇ ਦੇਖਦੇ ਹੋ ਕਿ ਪਰਿਵਾਰ ਦਾ ਹਰ ਮੈਂਬਰ ਆਪਣੇ ਕੰਮ ਵਿਚ ਰੁੱਝਾ ਦਿਸੇ ਤੁਹਾਡੇ ਨਾਲ ਕੋਈ ਵੀ ਮੈਂਬਰ ਗੱਲ ਕਰਨ ਲਈ ਵਿਹਲਾ ਨਾ ਹੋਵੇ ਤਾਂ ਫਿਰ ਤੁਸੀਂ ਦੇਖੋ ਤੁਹਾਡੇ ਮਨ 'ਤੇ ਕੀ ਗੁਜ਼ਰਦੀ ਹੈ। ਤੁਸੀਂ ਪਰਿਵਾਰ ਨਾਲ ਕੁਝ ਗੱਲਾਂ ਸਾਂਝੀ ਕਰਨਾ ਚਾਹੁੰਦੇ ਹੋ ਪਰ ਕੋਈ ਵੀ ਮੈਂਬਰ ਤੁਹਾਡੇ ਕੋਲ ਬੈਠਣ ਨੂੰ ਤਿਆਰ ਹੀ ਨਹੀਂ ਤਾਂ ਫਿਰ ਕੀ ਬੀਤਦੀ ਹੈ ਤੁਹਾਡੇ ਮਨ 'ਤੇ। ਅਗਰ ਤੁਸੀਂ ਇਸ ਤਰ੍ਹਾਂ ਦਾ ਵਰਤਾਓ ਬੱਚੇ ਨਾਲ ਕੀਤਾ ਹੈ ਤਾਂ ਉਸ ਦਾ ਕੋਮਲ ਮਨ ਨਹੀਂ ਟੁੱਟੇਗਾ, ਬੱਚਾ ਸਕੂਲ ਤੋਂ ਵਾਪਸ ਘਰ ਆਉਂਦਾ ਹੈ, ਉਸ ਦੇ ਦਿਲ 'ਚ ਪਤਾ ਨਹੀਂ ਕਿੰਨੇ ਕੁ ਵਲਵਲੇ ਤੇ ਭਾਵਨਾਵਾਂ ਉੱਸਲਵੱਟੇ ਲੈ ਰਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਉਹ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾ ਹੈ ਪਰ ਤੁਸੀਂ ਉਸ ਨੂੰ ਸਮਾਂ ਹੀ ਨਹੀਂ ਦੇ ਰਹੇ। ਉਹ ਅੰਦਰੋਂ ਬੁਰੀ ਤਰ੍ਹਾਂ ਟੁੱਟ ਜਾਵੇਗਾ। ਹਮੇਸ਼ਾ ਕੋਸ਼ਿਸ਼ ਕਰੋ ਉਸ ਦੀਆਂ ਅੰਦਰਲੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸੁਣੋ ਤੇ ਅਗਰ ਕੋਈ ਉਸ ਦੀ ਪੇਚੀਦਾ ਸਮੱਸਿਆ ਹੈ ਤਾਂ ਉਸ ਦਾ ਠੰਢੇ ਦਿਮਾਗ਼ ਨਾਲ ਸੋਚ ਕੇ ਹੱਲ ਕੱਢੋ। ਇਸ ਤਰ੍ਹਾਂ ਤੁਸੀਂ ਉਸ ਲਈ ਬਹੁਤ ਵੱਡੇ ਰਾਹ ਦਸੇਰਾ ਬਣ ਸਕਦੇ ਹੋ। ਜੇਕਰ ਉਸ ਦੀਆਂ ਕੋਮਲ ਭਾਵਨਾਵਾਂ ਦਾ ਤੁਸੀਂ ਆਪ ਹੀ ਆਪਣੇ ਹੱਥੀਂ ਕਤਲ ਕਰ ਦਿਓਗੇ ਤਾਂ ਉਹ ਅੰਦਰੋਂ ਬੁਰੀ ਤਰ੍ਹਾਂ ਟੁੱਟ ਜਾਏਗਾ ਜਦੋਂ ਕਿ ਅਜਿਹਾ ਨਹੀਂ ਹੋਣਾ ਚਾਹੀਦਾ।

ਤੁਹਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਤੁਸੀਂ ਹਰ ਵੇਲੇ ਬੱਚੇ ਲਈ ਉਸ ਦੀਆਂ ਭਾਵਨਾਵਾਂ ਸੁਣਨ ਲਈ ਉਸ ਕੋਲ ਹਾਜ਼ਰ ਪਾਓਗੇ, ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ।

*ਘਰ ਵਿਚ ਬੱਚੇ ਦੇ ਭੈਣ-ਭਰਾ, ਮਾਂ-ਬਾਪ, ਦਾਦਾ-ਦਾਦੀ ਸਾਰੇ ਹੀ ਪਿਆਰ ਕਰਨ ਵਾਲੇ ਰਹਿੰਦੇ ਹਨ। ਬੱਚੇ ਦੀ ਦੁਨੀਆ ਇਥੋਂ ਹੀ ਸ਼ੁਰੂ ਹੁੰਦੀ ਹੈ ਤੇ ਇਥੇ ਹੀ ਖ਼ਤਮ ਹੁੰਦੀ ਹੈ। ਬੱਚਾ ਸਕੂਲ ਜਾਵੇ ਜਾਂ ਫਿਰ ਕਿਸੇ ਦੇ ਘਰ ਜਾਵੇ, ਉਸ ਦਾ ਮਨ ਵਾਪਸ ਘਰ ਆ ਕੇ ਹੀ ਲਗਦਾ ਹੈ।*

# ਨੌਕਰੀਪੇਸ਼ਾ ਔਰਤਾਂ ਘਰੇਲੂ ਔਰਤਾਂ ਨਾਲੋਂ ਰਹਿੰਦੀਆਂ ਹਨ ਜ਼ਿਆਦਾ ਤਣਾਅ ਵਿਚ

**ਗੁਰਪ੍ਰੀਤ ਸਿੰਘ ਜਖਵਾਲੀ**, : 98550-36444

ਅੱਜ ਦੀ ਬਦਲਦੀ ਜੀਵਨ-ਸ਼ੈਲੀ ਨੇ ਸਾਡੇ ਸਾਰਿਆਂ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਹੈ, ਕਾਰਨ ਬਹੁਤ ਸਾਰੇ ਹੋ ਸਕਦੇ ਹਨ। ਇਕ ਸਭ ਤੋਂ ਵੱਡਾ 'ਫ੍ਰੀ' ਦਾ ਰੋਗ ਅਸੀਂ ਲਗਾ ਲਿਆ ਹੈ। ਸਾਡੀ ਰੋਜ਼ਮਰ੍ਹਾ ਜ਼ਿੰਦਗੀ ਵਿਚ ਤਣਾਅ ਨੇ ਸਾਡੀ ਜ਼ਿੰਦਗੀ ਵਿਚ ਬਹੁਤ ਵੱਡੀ ਥਾਂ ਬਣਾ ਲਈ ਹੈ। ਤਣਾਅ ਦੇ ਬਹੁਤ ਸਾਰੇ ਕਾਰਨ ਹਨ, ਅਸੀਂ ਖ਼ੁਦ ਲਈ ਸਮਾਂ ਨਹੀਂ ਕੱਢਦੇ। ਆਪਣੇ ਦੋਸਤਾਂ, ਆਪਣਿਆਂ ਲਈ ਸਮਾਂ ਨਹੀਂ, ਮਨਪਸੰਦ ਪੁਸਤਕ ਪੜ੍ਹਨ ਜਾਂ ਗੀਤ ਸੰਗੀਤ ਸੁਣਨ ਲਈ ਸਾਡੇ ਕੋਲ ਸਮੇਂ ਦੀ ਘਾਟ, ਇਹੋ ਘਾਟ ਹਰ ਰੋਜ਼ ਸਾਡੇ ਲਈ ਇਕ ਨਵੀਂ ਬਿਮਾਰੀ ਅਤੇ ਵੱਖਰੇ ਜਿਹੇ ਤਣਾਅ ਦਾ ਕਾਰਨ ਬਣੀ ਹੋਈ ਹੈ। ਆਓ ਇਸ ਨੂੰ ਘਟਾਈਏ। ਸਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਇਹ ਜ਼ਿੰਦਗੀ ਜਿਊਣ ਲਈ ਜਾਂ ਵਧੀਆ ਬਿਤਾਉਣ ਲਈ ਪੈਸੇ ਦੀ ਲੋੜ ਪੈਂਦੀ ਹੈ। ਕਿਸੇ ਨੇ ਸੱਚ ਹੀ ਕਿਹਾ ਕਿ ਹਰੇਕ ਇਨਸਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਉਸ ਦੀ ਲੋੜ ਹੁੰਦੀ ਹੈ। ਹੁਣ ਉਹ ਲੋੜ ਚਾਹੇ ਪੈਸੇ ਦੀ ਹੋਵੇ ਜਾਂ ਫਿਰ ਕੋਈ ਹੋਰ ਗੱਲ ਤਾਂ ਲੋੜ ਦੀ ਹੈ। ਪਰ ਜੇਕਰ ਪੈਸਾ ਲੋੜ ਹੈ ਤਾਂ ਸਾਡੇ ਲਈ ਕੰਮ ਕਰਨਾ ਵੀ ਬਹੁਤ ਜ਼ਰੂਰੀ ਹੈ। ਕੀ ਤੁਸੀਂ ਜਾਣਦੇ ਹੋ ਹਰੇਕ ਕੰਮ ਦੇ ਨੁਕਸਾਨ ਅਤੇ ਫ਼ਾਇਦੇ ਹੁੰਦੇ ਹਨ। ਆਦਮੀ ਲਈ ਅਤੇ ਔਰਤ ਲਈ ਵੀ, ਪਰ ਅਸੀਂ ਸਾਰੇ ਜਿਥੇ ਕੰਮ ਨੂੰ ਆਪਣਾ ਕਰਮ ਸਮਝਦੇ ਹਾਂ, ਦੂਸਰੇ ਪਾਸੇ ਇਹੋ ਕੰਮ ਬਹੁਤ ਸਾਰੇ ਲੋਕਾਂ ਲਈ ਬਿਮਾਰੀਆਂ ਦਾ ਕਾਰਨ ਬਣਦਾ ਜਾ ਰਿਹਾ ਹੈ, ਜਿਵੇਂ ਕਿ ਨੌਕਰੀ ਜਾਣ ਦਾ ਡਰ, ਕੰਮ ਸਹੀ ਸਮੇਂ 'ਤੇ ਨਾ ਹੋਣ ਦਾ ਡਰ, ਬੌਸ ਦੀਆਂ ਝਿੜਕਾਂ ਦਾ ਡਰ ਬਣਿਆ ਰਹਿੰਦਾ ਹੈ। ਪਰ ਇਨ੍ਹਾਂ ਸਭ ਦਾ ਸ਼ਿਕਾਰ ਜ਼ਿਆਦਾ ਹੁੰਦੀਆਂ ਹਨ ਔਰਤਾਂ, ਜਿਵੇਂ ਕਿ ਹਰੇਕ ਔਰਤ ਦੇ ਹਿੱਸੇ ਕੰਮ ਬੰਦੇ ਨਾਲੋਂ ਵੱਧ ਹੁੰਦੇ ਹਨ। ਬਹੁਤ ਸਾਰੇ ਕੰਮ ਇਹੋ ਜਿਹੇ ਹਨ ਜੋ ਦਿਖ ਕੇ ਵੀ ਹਿੱਸੇ ਨਹੀਂ ਆਉਂਦੇ, ਕਿਉਂਕਿ ਅਸੀਂ ਆਖ ਦਿੰਦੇ ਹਾਂ ਕਿ ਇਹ ਉਸ ਦਾ ਫ਼ਰਜ਼ ਹੈ। ਘਰੇਲੂ ਔਰਤਾਂ ਨਾਲੋਂ ਨੌਕਰੀ ਪੇਸ਼ਾ ਔਰਤਾਂ ਜ਼ਿਆਦਾ ਤਣਾਅ ਅਤੇ ਚਿੜਚਿੜੇਪਨ ਦਾ ਸ਼ਿਕਾਰ ਹੁੰਦੀਆਂ ਹਨ, ਕਾਰਨ ਇਹੋ ਹੈ ਕਿ ਉਨ੍ਹਾਂ ਦੀ ਨੌਕਰੀ ਦੇ ਨਾਲ-ਨਾਲ ਘਰ ਦੀ ਜ਼ਿੰਮੇਵਾਰੀ ਭਾਵ ਬੱਚਿਆਂ ਦੇ ਖਾਣ-ਪੀਣ ਤੋਂ ਲੈ ਕੇ ਸਕੂਲ ਆਉਣ ਜਾਣ ਤੱਕ ਦਾ ਦਬਾਅ ਇਕ ਦਿਮਾਗ਼ ਉੱਤੇ ਬਣਿਆ ਰਹਿੰਦਾ ਹੈ। ਬੱਚਿਆਂ ਦੇ ਨਾਲ-ਨਾਲ ਉਹ ਆਪਣੇ ਹਰ ਰੋਜ਼ ਦੇ ਕੰਮਾਂ ਕਰਕੇ ਹਰ ਪਲ ਹਰ ਰੋਜ਼ ਇਕ ਜ਼ਿੰਮੇਵਾਰੀ ਦੇ ਦਬਾਅ ਹੇਠ ਆਪਣੀ ਜ਼ਿੰਦਗੀ ਗੁਜ਼ਾਰਦੀਆਂ ਹਨ, ਇਹੋ ਕਾਰਨ ਹੈ, ਉਨ੍ਹਾਂ ਨੂੰ ਘਰੇਲੂ ਔਰਤਾਂ ਨਾਲੋਂ ਜ਼ਿਆਦਾ ਤਣਾਅ ਅਤੇ ਇਕ ਵੱਖਰੇ ਡਰ ਵਿਚ ਰੱਖਦਾ ਹੈ।



# ਕਾਸ਼! ਮੋਬਾਈਲ ਵਰਦਾਨ ਬਣੇ

**ਲੇਖਕ : ਸੁੱਚਾ ਸਿੰਘ ਖੱਟੜਾ, ਸੰਪਰਕ:** 94176-52947

ਮਾਪਿਆਂ ਦੀ ਸ਼ਿਕਾਇਤ ਹੈ ਕਿ ਘਰ ਬੱਚੇ ਕਿਤਾਬ ਵੱਲ ਮੂੰਹ ਨਹੀਂ ਕਰਦੇ, ਉੱਧਰ ਸਕੂਲਾਂ ਵਿਚ ਅਧਿਆਪਕ ਕਲਾਸ ਤੋਂ ਬਾਹਰ ਆ ਕੇ ਵਰਾਂਡੇ ਵਿਚ ਪੂਰਾ ਪੂਰਾ ਦਿਨ ਪੀਰੀਅਡ ਮੁਕਾ ਦਿੰਦੇ ਹਨ ਹਾਲਾਂਕਿ ਮੋਬਾਈਲ ਨੂੰ ਵਰਦਾਨ ਬਣਾਉਣ 'ਚ ਅਧਿਆਪਕ ਦੀ ਭੂਮਿਕਾ ਦਾ ਬਦਲ ਕੋਈ ਨਹੀਂ। ਮੋਬਾਈਲ ਦੀ ਵਰਤੋਂ ਦੇ ਪ੍ਰਭਾਵ ਦੱਸ ਕੇ ਹੀ ਇਹ ਕਾਰਜ ਸ਼ੁਰੂ ਕਰਨਾ ਪੈਣਾ ਹੈ। ਅਸੀਂ ਮੋਬਾਈਲ ਦੀ ਥਾਂ ਹਰ ਹੱਥ ਵਿਚ ਕਿਤਾਬ ਤਾਂ ਨਹੀਂ ਫੜਾ ਸਕਦੇ ਪਰ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਕਿਤਾਬਾਂ ਨਾਲ ਰਿਸ਼ਤਾ ਤਾਂ ਕਿਸੇ ਤਰ੍ਹਾਂ ਬਚਾਉਣਾ ਪੈਣਾ ਹੈ।

ਮੋਬਾਈਲ ਅਤੇ ਟੀਵੀ ਨੇ ਦਰਸ਼ਕ ਬਣਾਏ ਹਨ। ਪੜ੍ਹਨਾ ਅਤੇ ਦੇਖਣਾ ਦੋ ਅਲੱਗ ਅਲੱਗ ਕਿਰਿਆਵਾਂ ਹਨ। ਦਰਸ਼ਕ ਅਤੇ ਪਾਠਕ ਹੋਣ ਦੇ ਹਾਸਲ ਵੀ ਵੱਖੋ-ਵੱਖਰੇ ਹਨ। ਦਰਸ਼ਕ ਤੋਂ ਸੋਚਣ ਦੀ ਕਿਰਿਆ ਖੋਹ ਲਈ ਗਈ ਹੁੰਦੀ ਹੈ। ਹੌਲੀ ਹੌਲੀ ਇਸ ਦੀ ਲੋੜ ਹੀ ਮਾਰ ਦਿੱਤੀ ਹੁੰਦੀ ਹੈ। ਸੋਚਣ ਦੀ ਸ਼ਕਤੀ ਮਨੁੱਖ ਨੇ ਆਪਣੀ ਸਰੀਰਕ ਬਣਤਰ, ਸਮਰੱਥਾ ਦੇ ਨਿਰੰਤਰ ਵਿਕਾਸ ਰਾਹੀਂ ਹਾਸਲ ਕੀਤੀ ਹੈ। ਇਹ ਸ਼ਕਤੀ ਕੁਦਰਤ ਵਿਚ, ਕੁਦਰਤ ਨਾਲ ਸਮਾਜ ਵਿਚ ਰਹਿੰਦਿਆਂ ਲੱਖਾਂ ਵਰ੍ਹਿਆਂ ਦੇ ਅਮਲ ਤੋਂ ਪ੍ਰਾਪਤ ਹੋਈ ਹੈ। ਲਗਾਤਾਰ ਦਰਸ਼ਕ ਬਣੇ ਰਹਿਣ ਨਾਲ ਕੁਦਰਤ ਇਸ ਨੂੰ ਖੋਹ ਵੀ ਸਕਦੀ ਹੈ। ਕੁਦਰਤ ਦਾ ਇਹ ਸਰਾਪ ਸੱਭਿਅਤਾ ਦਾ ਵਿਨਾਸ਼ ਹੋ ਨਿਬੜੇਗਾ।

ਇਹੀ ਕਾਰਨ ਹੈ ਕਿ ਦਰਸ਼ਕਾਂ ਨੂੰ ਤਮਾਸ਼ਬੀਨ ਦਾ ਨਾਕਾਰਾਤਮਕ ਲਕਬ ਮਿਲਿਆ ਹੈ। ਪਾਠਕਾਂ ਨੂੰ ਨਾਕਾਰਾਤਮਕ ਲਕਬ ਨਹੀਂ ਹੈ। ਕਿਤਾਬੀ ਕੀੜਾ ਪੜ੍ਹਨ ਦੀ ਬੁਰਾਈ ਦਾ ਸੂਚਕ ਨਹੀਂ, ਸਰੀਰਕ ਤੰਦਰੁਸਤੀ ਉੱਤੇ ਬੁਰੇ ਪ੍ਰਭਾਵ ਵਿਰੁੱਧ ਚਿਤਾਵਨੀ ਹੈ। ਸਰੀਰਕ ਤੰਦਰੁਸਤੀ ਜ਼ਰੂਰੀ ਹੈ ਪਰ ਇਹ ਪੜ੍ਹਦਿਆਂ ਪੜ੍ਹਦਿਆਂ ਕਾਇਮ ਰੱਖੀ ਜਾ ਸਕਦੀ ਹੈ। ਦਰਸ਼ਕ ਬਣੇ ਰਹਿਣ ਨਾਲ ਸੋਚਣ ਸ਼ਕਤੀ ਕਾਇਮ ਰੱਖਣੀ ਸੰਭਵ ਨਹੀਂ। ਦੇਖਣ ਦੀ ਸ਼ਕਤੀ ਨੇ ਮਾਨਵ ਸੱਭਿਅਤਾ ਦੇ ਵਿਕਾਸ ਵਿਚ ਅਥਾਹ ਵਾਧਾ ਕੀਤਾ ਹੈ ਪਰ ਦੇਖਣ ਦੀ ਕਿਰਿਆ ਅਧੂਰੀ ਹੈ, ਇਸੇ ਕਰਕੇ ਇਸ ਦਾ ਪੂਰਕ ਸ਼ਬਦ ਪਰਖਣ ਹੈ, ਦੇਖਣ-ਪਰਖਣ ਮੁਕੰਮਲ ਕਿਰਿਆ ਹੁੰਦੀ ਹੈ। ਪਰਖਣ ਪ੍ਰਕਿਰਿਆ ਦਾ ਵਾਹ ਸੋਚਣ ਦੀ ਪ੍ਰਕਿਰਿਆ ਨਾਲ ਪੈਂਦਾ ਹੈ।

ਹੁਣ ਇਸ ਵਿਸ਼ੇ ਦਾ ਇੱਕ ਹੋਰ ਪਹਿਲੂ ਹੈ। ਦਰਸ਼ਕ ਤੁਸੀਂ ਟੀਵੀ, ਮੋਬਾਈਲ ਕਿਸੇ ਵੀ ਯੰਤਰ ਦੇ ਹੋ; ਜਦੋਂ ਤੁਸੀਂ ਦਰਸ਼ਕ ਹੋ ਤਾਂ ਤੁਹਾਡੀ ਨੇਤਰ ਸ਼ਕਤੀ ਤੁਹਾਡੀ ਅੰਦਰਲੀ ਨੇਤਰ ਸ਼ਕਤੀ ਦਾ ਬੂਹਾ ਭੀੜ ਕੇ ਉਸ ਬਾਹਰਲੇ ਪ੍ਰਸੰਗ ਨਾਲ ਤੁਰ ਪੈਂਦੀ ਹੈ। ਤੁਸੀਂ ਇੱਕ ਘੰਟਾ, ਕਈ ਘੰਟੇ ਇਸ ਕਿਰਿਆ ਵਿਚ ਲਗਾਏ; ਤੁਹਾਨੂੰ ਉਹੀ ਦਿਸੇਗਾ ਜੋ ਤੁਹਾਨੂੰ ਦਿਖਾਇਆ ਜਾ ਰਿਹਾ ਹੈ। ਬਿਨਾ ਸ਼ੱਕ ਕੰਨੀਂ ਸੁਣੇ ਅਤੇ ਅੱਖੀਂ ਦੇਖੇ ਵਿਚੋਂ ਅੱਖੀਂ ਦੇਖਿਆ ਸਟੀਕ ਮੰਨਿਆ ਜਾਂਦਾ ਹੈ ਪਰ ਸਾਡੇ ਫੈਸਲੇ ਉੱਤੇ ਭਾਰੂ ਤਾਂ ਸਾਨੂੰ ਦਿਖਾਇਆ ਜਾਣ ਵਾਲਾ ਜਾਂ ਸਾਨੂੰ ਸੁਣਾਇਆ ਜਾਂਦਾ ਬਿਰਤਾਂਤ ਹੀ ਹੈ। ਸਚਾਈ ਦੇ ਨੇੜੇ ਤੁਹਾਡੀ ਸੋਚਣ ਸ਼ਕਤੀ ਹੀ ਤੁਹਾਨੂੰ ਪਹੁੰਚਾਏਗੀ, ਇਹ ਸ਼ਕਤੀ ਦੇਖਣ ਤੋਂ ਨਹੀਂ, ਪੜ੍ਹਨ ਤੋਂ ਵਿਕਸਿਤ ਹੁੰਦੀ ਹੈ। ਮੋਬਾਈਲ ਜਾਂ ਟੀਵੀ ਪੜ੍ਹਨਯੋਗ ਸਮਾਂ ਨਹੀਂ ਛੱਡਦੇ। ਅਕਸਰ ਹਰ ਸ਼ਖ਼ਸ ਪਾਸ 24 ਘੰਟੇ ਵਿਚੋਂ ਕਿੰਨਾ ਕੁ ਸਮਾਂ ਰੋਜ਼ਾਨਾ ਕਿਰਿਆਵਾਂ, ਜਿਵੇਂ ਰੁਜ਼ਗਾਰ ਲਈ ਕੰਮ-ਧੰਦਾ, ਸਮਾਜਿਕ ਕਾਰਜ, ਨਹਾਉਣ-ਧੋਣ, ਖਾਣ-ਪੀਣ ਅਤੇ ਆਰਾਮ ਕਰਨ ਤੋਂ ਬਚ ਸਕਦਾ ਹੈ? ਜੇ ਉਸ ਥੋੜ੍ਹੇ ਸਮੇਂ ਵਿਚ ਵੀ ਅਸੀਂ ਨਿਰੋਲ ਤਮਾਸ਼ਬੀਨ ਹੀ ਬਣਨਾ ਹੈ ਤਾਂ ਸੱਭਿਅਤਾ ਦਾ ਰੱਬ ਹੀ ਰਾਖਾ।

ਵਿਦਿਆਰਥੀ ਵਰਗ ਲਈ ਇਹ ਵਿਸ਼ਾ ਘੋਖਣਾ ਜ਼ਰੂਰੀ ਹੈ। ਹੁਣ ਦੇਖਣ ਦੀ ਕਿਰਿਆ ਪਿੱਛੋਂ ਪੜ੍ਹਨ ਦੀ ਕਿਰਿਆ ਵੱਲ ਆਈਏ। ਜਦੋਂ ਅਸੀਂ ਕਿਤਾਬ ਪੜ੍ਹਦੇ ਹਾਂ ਤਾਂ ਕਿਤਾਬ ਦੇ ਵਿਸ਼ੇ ਬਾਰੇ ਅਸੀਂ ਇੱਕ ਹੋਰ ਸੰਸਾਰ ਵਿਚ ਦਾਖਲ ਹੋ ਜਾਂਦੇ ਹਾਂ। ਅਸੀਂ ਲੇਖਕ ਦੇ ਨਾਲ ਤੁਰਦੇ ਵੀ ਹਾਂ, ਉਸ ਦੇ ਲਿਖੇ ਨੂੰ ਚੌਗਿਰਦੇ ਵਿਚ ਨਾਲ ਦੀ ਨਾਲ ਤਸਦੀਕ ਕਰਦੇ ਜਾਂ ਨਕਾਰਦੇ ਵੀ ਹਾਂ। ਮੋਬਾਈਲ ਦੀ ਜਾਣਕਾਰੀ ਲੰਮੀ ਪਾਈਪ ਰਾਹੀਂ ਦੇਖਣਾ ਹੈ ਜਿਸ ਦਾ ਦ੍ਰਿਸ਼ ਪਾਈਪ ਦੇ ਛੇਕ/ਮਘੋਰੇ ਤੱਕ ਸੀਮਤ ਹੈ। ਕਿਤਾਬ ਪੜ੍ਹਨਾ ਖੁੱਲ੍ਹੀ ਖਿੜਕੀ ਵਿਚੋਂ ਦੇਖਣਾ ਹੈ। ਇੱਕ ਕਿਰਿਆ ਸਾਡੀਆਂ ਸਰੀਰਕ ਅੱਖਾਂ ਦੇ ਦ੍ਰਿਸ਼ਟੀ-ਖੇਤਰ ਨੂੰ ਵੀ ਸੀਮਤ ਕਰਕੇ ਸਾਨੂੰ ਸਾਡੀ ਸੋਚਣ ਕਿਰਿਆ ਨੂੰ ਤਾਲਾ ਲਾ ਕੇ ਪਿੱਛੇ ਆਉਣ ਲਈ ਉਕਸਾਉਂਦੀ ਹੈ, ਦੂਜੀ ਕਿਰਿਆ ਸਰੀਰਕ ਅੱਖਾਂ ਨੂੰ ਆਪਣੇ 'ਤੇ ਕੇਂਦਰਤ ਕਰਕੇ ਸਾਡੀ ਅੰਦਰਲੀ ਨੇਤਰ ਸ਼ਕਤੀ ਨੂੰ ਖੁੱਲ੍ਹੀ ਖਿੜਕੀ ਰਾਹੀਂ ਚੁਫੇਰਾ ਦੇਖਣ, ਦੇਖਿਆ ਪਰਖਣ, ਸਭ ਕੁਝ ਨਾਲੋ-ਨਾਲ ਕਰਦੀ ਹੈ। ਸੰਸਾਰ ਦਾ ਗਿਆਨ ਭੰਡਾਰ ਕੇਵਲ ਦੇਖਣ ਦੀ ਕਿਰਿਆ ਦੀ ਦੇਣ ਨਹੀਂ, ਪਰਖਣ ਤੋਂ ਉਪਜਿਆ ਹੈ। ਪਰਖਣ ਕਿਰਿਆ ਸੋਚਣ ਨਾਲ ਵਿਕਸਿਤ ਹੁੰਦੀ ਹੈ।

ਸੇਬ ਹੀ ਨਹੀਂ, ਹਰ ਪੱਕਾ-ਕੱਚਾ ਫਲ ਦਰਖਤਾਂ ਤੋਂ ਧਰਤੀ 'ਤੇ ਡਿਗਦਾ ਕਿਸ ਨੇ ਨਹੀਂ ਦੇਖਿਆ? ਪਰ ਨਿਊਟਨ ਨੇ ਦੇਖਿਆ ਅਤੇ ਉਹ ਸੋਚਣ ਪ੍ਰਕਿਰਿਆ ਮੰਡਲ ਵਿਚ ਚਲਿਆ ਗਿਆ। ਉਸ ਨੇ ਪਹਿਲੇ ਵਿਗਿਆਨੀਆਂ ਦੇ ਇਸ ਵਿਸ਼ੇ ਉੱਤੇ ਵਿਚਾਰ ਪੜ੍ਹੇ, ਪੜ੍ਹਦਿਆਂ ਪੜ੍ਹਦਿਆਂ ਸੋਚਿਆ ਕਿ ਇੰਝ ਨਹੀਂ, ਕੁਦਰਤ ਵਿਚ ਇਹ ਵਰਤਾਰਾ ਇੰਝ ਹੈ, ਇਸ ਕੁਦਰਤ ਦੇ ਨਿਯਮ 'ਤੇ ਹੈ। ਸੇਬ ਡਿਗਣ ਦੇ ਦਰਸ਼ਕ ਤਾਂ ਸਾਰੇ ਸਨ ਪਰ ਉਹ ਦਰਸ਼ਕ ਤੋਂ ਪਾਠਕ ਅਤੇ ਪਾਠਕ ਤੋਂ ਸੋਚਵਾਨ ਅਤੇ ਅੰਤ ਨੂੰ ਵਿਗਿਆਨੀ ਬਣਿਆ। ਵਿਗਿਆਨ ਭਲੇ ਹੀ ਉਸ ਤੋਂ ਅੱਗੇ ਚਲਾ ਗਿਆ ਪਰ ਹਰ ਵਿਗਿਆਨੀ ਨੂੰ ਨਿਊਟਨ ਅਤੇ ਵਿਗਿਆਨ ਦਾ ਪਾਠਕ ਬਣਨਾ ਪਿਆ। ਇਸ ਲਈ ਵਿਦਿਆਰਥੀ ਨੂੰ ਆਪਣੀ ਪਾਠਕ ਹੋਣ ਦੀ ਲੋੜ ਦਰਸ਼ਕ ਹੋਣ ਉੱਤੇ ਵਾਰਨੀ ਨਹੀਂ ਚਾਹੀਦੀ। ਵਿਦਿਆਰਥੀ ਕਿਸੇ ਵੀ ਵਿਸ਼ੇ ਜਾਂ ਸਟ੍ਰੀਮ ਦਾ ਹੋਵੇ, ਉਸ ਨੇ ਹੁਣ ਤੱਕ ਦੇ ਗਿਆਨ ਨੂੰ ਸੰਭਾਲਣਾ ਹੈ, ਅੱਗੇ ਉਸ ਵਿਚ ਹੋਰ ਵਾਧਾ ਕਰਨਾ ਹੈ। ਇਹ ਪਾਠਕ ਬਣ ਕੇ ਹੀ ਸੰਭਵ ਹੈ।

ਸਰਕਾਰਾਂ ਦਾ ਏਜੰਡਾ ਨਾਗਰਿਕ ਨੂੰ ਦਰਸ਼ਕ ਬਣਾ ਕੇ ਰੱਖਣ ਦਾ ਹੈ; ਦਰਸ਼ਕਾਂ ਨੂੰ ਤਮਾਸ਼ਬੀਨ ਬਣਾ ਕੇ ਰੱਖਣ ਲਈ ਪਰੋਸਣ ਖ਼ਾਤਿਰ ਉਸ ਪਾਸ ਗੋਦੀ ਮੀਡੀਆ ਦੀ ਫ਼ੌਜ ਹੈ। ਮਹਿੰਗਾਈ, ਬੇਰੁਜ਼ਗਾਰੀ ਵਰਗੇ ਵਿਸ਼ਿਆਂ 'ਤੇ ਸਰਕਾਰ ਦੇ ਸ਼ਰਧਾਲੂਆਂ ਦੇ ਵਿਚਾਰ ਮਸਲਿਆਂ ਉੱਤੇ ਪੜ੍ਹਨ ਖੋਜਣ ਦੀ ਉਪਜ ਨਹੀਂ। ਪੜ੍ਹਨ-ਸੋਚਣ ਦੀ ਪ੍ਰਕਿਰਿਆ ਵਿਨਾਸ਼ ਵਿਚੋਂ ਉਪਜੇ ਹਨ। ਮਾਨਵ ਸੱਭਿਅਤਾ ਦੇ ਵਿਕਾਸ ਵਿਚ ਮੋਬਾਈਲ ਦੀ ਆਮਦ ਇੱਕ ਪੜਾਅ ਹੈ। ਮਾਨਵ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਇਸ ਦੇ ਪ੍ਰਭਾਵ ਸੱਭਿਆਚਾਰ ਅਤੇ ਸੱਭਿਅਤਾ ਤੱਕ ਨੂੰ ਪ੍ਰਭਾਵਿਤ ਕਰਨਗੇ। ਲੋੜ ਹੈ, ਇਹ ਸਰਾਪ ਦੀ ਥਾਂ ਵਰਦਾਨ ਹੋ ਨਿਬੜੇ।



# CLASSIFIEDS & MATRIMONIALS

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

**Professionally qualified match from decent Sikh family for our son 30, 5'10" federal government job. He is chartered professional Accountant and working in B.C.Contact Dr. Sidhu 778 829 0991**

..............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04


## ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
**604-807-1012**


ਦਲਜੀਤ ਸਿੰਘ ਰਾਏ


## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

..............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..............................................

ਕੈਨੇਡਾ ਸੈਟਲ ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਸੀ.ਪੀ.ਏ. ਫੈਡਰਲ ਸਰਕਾਰ ਨੌਕਰੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-829-0991 AP 02-04

..............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12


## CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ
ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ
ਦੇ ਹਰਮਨ ਪਿਆਰੇ ਅਖ਼ਬਾਰ
ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ
ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

**JUST $20 ONLY**

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ
ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ
ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ
ਲਈ ਸੰਪਰਕ ਕਰ ਸਕਦੇ ਹੋ 604-338-7310

## AMAR MUSIC ACADEMY

**INDIAN CLASSICAL LIGHT MUSIC, GURMAT SANGEET & TABLA**

ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ
ਅਤੇ ਤਬਲਾ ਸਿੱਖਣ ਲਈ ਫੋਨ ਕਰੋ



**Prof. Gurdev Singh Phull,**
**Prof. Amrik Singh Phull**

**To Learn Indian Classical, Light Music & Tabla**

Free Lessons for Blind & Handicapped



**604-599-4628, 778-898-5052 | 13376-80 Ave, Surrey**

# HAPPY VAISAKHI

## ਵਿਸਾਖੀ ਦੀਆਂ ਲੱਖ ਲੱਖ ਵਧਾਈਆਂ



*Best wishes from your Liberal Candidate*

# RANDEEP SARAI

Surrey Centre

Authorized by the official agent of Randeep Sarai

info@randeepsaraisurrey.ca | 604-455-2299 | randeepsaraisurrey.ca | 10567 King George Blvd.



# ਇਸ ਸਾਲ ਆਪਣੇ ਪੁਰਾਣੀਆਂ ਵਸਤੂਆਂ ਨੂੰ ਵਾਪਸ ਦੇ ਕੇ ਵਿਸਾਖੀ ਦੀ ਜਸ਼ਨ ਮਨਾਓ!

ਇਲੈਕਟ੍ਰਾਨਿਕਸ ਵਸਤੂਆਂ ਦੀ ਰੀਸਾਈਕਲੰਗਿ ਧਾਤਾਂ, ਪਲਾਸਟਿਕ ਅਤੇ ਹੋਰ ਸਰੋਤਾਂ ਨੂੰ ਆਮ ਕੂੜੇ ਤੋਂ ਬਾਹਰ ਰੱਖਦੀ ਹੈ, ਇਸ ਲਈ ਪੁਰਾਣੀਆਂ ਇਲੈਕਟ੍ਰਾਨਿਕਸ ਸਮੱਗਰੀਆਂ ਤੋਂ ਨਵੇਂ ਉਤਪਾਦ ਬਣਾਏ ਜਾ ਸਕਦੇ ਹਨ।
ਅੱਜ ਹੀ ਆਪਣੇ ਪੁਰਾਣੇ ਇਲੈਕਟ੍ਰਾਨਿਕਸ ਅਤੇ ਹੋਰ ਰੀਸਾਈਕਲ ਹੋਣ ਯੋਗ ਵਸਤੂਆਂ ਨੂੰ ਸਾਡੇ ਕੋਲ ਲੈ ਕੇ ਆਓ!

## ਕਿਹੜੇ ਇਲੈਕਟ੍ਰੋਨਿਕਸ ਦੇ ਸਮਾਨ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ?

- ਡੈਸਕਟਾਪ / ਪੋਰਟੇਬਲ ਕੰਪਿਊਟਰ (Computer)
- ਡਿਸਪਲੇ ਡਿਵਾਈਸ (Device)
- ਪ੍ਰਿੰਟਿੰਗ, ਸਕੈਨਿੰਗ ਮਸ਼ੀਨਾਂ ਅਤੇ ਮਲਟੀ-ਫੰਕਸ਼ਨ ਡਿਵਾਈਸ (Multi-Function Devices)
- ਡੈਸਕਟਾਪ, ਪ੍ਰਿੰਟਰ (Printer)
- ਹੋਮ ਆਡੀਓ/ ਵੀਡੀਓ ਸਿਸਟਮ (Audio/Video)
- ਆਡੀਓ / ਵੀਡੀਓ ਸਿਸਟਮ
- ਨਿੱਜੀ ਆਡੀਓ/ਵੀਡੀਓ ਸਿਸਟਮ
- ਵੀਡੀਓ ਗੇਮਿੰਗ ਸਿਸਟਮ / ਬੈਟਰੀ ਨਾਲ ਚੱਲਣ ਵਾਲੇ ਖਿਡੌਣੇ
- ਮੋਬਾਇਲ ਫੋਨ ਅਤੇ ਗੈਰ-ਸੈਲੂਲਰ ਫੋਨ
- ਟੈਲੀਕਾਮ (Telecom) ਦਾ ਸਮਾਨਇਲੈਕਟ੍ਰਿਕ ਸਾਈਕਲ
- ਮੈਡੀਕਲ ਉਪਕਰਨ
- ਸੰਗੀਤ ਯੰਤਰ
- ਇਲੈਕਟ੍ਰਿਕ ਸਾਈਕਲ
- ਇਲੈਕਟ੍ਰਿਕ ਸਕੂਟਰ
- ਰਸੋਈ ਦੇ ਕਾਊਂਟਰਟੌਪ ਤੇ ਲੱਗਣ ਵਾਲੇ ਸਟੋਵ ਅਤੇ ਹੋਰ ਉਪਕਰਣ
- ਸਫਾਈ/ਘਰ ਦੀ ਦੇਖਭਾਲ ਵਾਲੇ ਉਪਕਰਣ
- ਹਵਾ ਨੂੰ ਸ਼ੁੱਧ ਕਰਨ ਵਾਲੇ
- ਪਾਵਰ ਟੂਲ ਡਰਿਲ ਅਤੇ ਹੋਰ ਸੰਦ
- ਹੁਨਰ ਅਤੇ ਦਸਤਕਾਰੀ ਵਾਲੀਆਂ ਰੀਸਾਇਕਲ ਹੋਣ ਯੋਗ ਵਸਤੂਆਂ
- ਨਿੱਜੀ ਦੇਖਭਾਲ ਵਾਲੇ ਉਪਕਰਣ
- ਕਸਰਤ ਅਤੇ ਜਿਮ ਵਾਲੇ ਉਪਕਰਣ



**ਆਪਣੇ ਘਰ ਦੇ ਨੇੜੇ ਦੀ ਲ਼ੋਕੇਸ਼ਨ ਤੇ ਜਾਵੋ ਜਾਂ ਵੈਬ ਸਾਇਟ ਤੇ Return-It.ca/Electronics**

Return-It Electronics

ਰਿਟਰਨ-ਇਟ (Return It) ਇਲੈਕਟ੍ਰਾਨਿਕ ਪ੍ਰੋਡਕਟਸ ਰੀਸਾਈਕਲਿੰਗ ਐਸੋਸੀਏਸ਼ਨ (ਬ੍ਰਿਟਿਸ਼ ਕੋਲੰਬੀਆ) ਦਾ ਹਿੱਸਾ ਹੈ।

RECYCLE MY ELECTRONICS

ਫੈਡਰਲ ਇਲੈਕਸ਼ਨ / ਸੋਮਵਾਰ, 28 ਅਪ੍ਰੈਲ


#ItsOurVote

# ਤੁਹਾਡੇ ਲਈ ਜਲਦੀ ਵੋਟ ਪਾਉਣ ਦੇ ਤਰੀਕੇ ਹਨ।


## ਤੁਸੀਂ ਵੋਟ ਪਾ ਸਕਦੇ ਹੋ:




ਤੁਹਾਡੇ ਨਿਰਧਾਰਤ ਐਡਵਾਂਸ ਪੋਲਿੰਗ ਸਟੇਸ਼ਨ 'ਤੇ ਸ਼ੁੱਕਰਵਾਰ, 18 ਅਪ੍ਰੈਲ ਤੋਂ ਸੋਮਵਾਰ, 21 ਅਪ੍ਰੈਲ ਤੱਕ, ਸਵੇਰੇ 9:00 ਵਜੇ ਤੋਂ ਰਾਤ 9:00 ਵਜੇ ਤੱਕ।



ਕਿਸੇ ਵੀ ਇਲੈਕਸ਼ਨਜ਼ ਕੈਨੇਡਾ ਦਫ਼ਤਰ ਵਿੱਚ 22 ਅਪ੍ਰੈਲ, ਸ਼ਾਮ 6:00 ਵਜੇ ਤੋਂ ਪਹਿਲਾਂ



ਮੇਲ ਦੁਆਰਾ - 22 ਅਪ੍ਰੈਲ, ਸ਼ਾਮ 6:00 ਵਜੇ ਤੱਕ ਅਰਜ਼ੀ ਦਿਓ

ਵੋਟ ਪਾਉਣ ਦੇ ਸਾਰੇ ਤਰੀਕਿਆਂ ਬਾਰੇ ਆਪਣੇ ਵੋਟਰ ਜਾਣਕਾਰੀ ਕਾਰਡ ਨੂੰ ਦੇਖੋ ਜਾਂ elections.ca 'ਤੇ ਜਾਓ।

It's Our Vote

ਵੋਟਿੰਗ ਬਾਰੇ ਲੋੜੀਂਦੀ ਅਧਿਕਾਰਤ ਜਾਣਕਾਰੀ ਵਾਸਤੇ, elections.ca 'ਤੇ ਜਾਓ।

1-800-463-6868 / **elections.ca** / TTY 1-800-361-8935

Elections Canada

# ਬੀ.ਸੀ. ਲਈ ਅਟੁੱਟ ਸਹਿਯੋਗ।

ਆਰਥਿਕ ਖਤਰਿਆਂ ਦੇ ਜਵਾਬ ਵਿੱਚ, ਬੀ.ਸੀ. ਸਰਕਾਰ ਮਜ਼ਬੂਤ ਖੜ੍ਹੀ ਹੈ – ਆਰਥਿਕਤਾ ਵਿੱਚ ਵਿਭਿੰਨਤਾ ਲਿਆਉਣ ਅਤੇ ਉਸਦਾ ਵਿਕਾਸ ਕਰਨ ਲਈ ਅਤੇ ਵਧਦੀਆਂ ਲਾਗਤਾਂ ਨੂੰ ਘਟਾਉਣ ਲਈ ਕੰਮ ਕਰ ਰਹੀ ਹੈ।

- **ਕੁਦਰਤੀ ਸਰੋਤ ਪ੍ਰੋਜੈਕਟਾਂ ਵਿੱਚ ਤੇਜ਼ੀ ਲਿਆ ਰਹੀ ਹੈ**
- **ਸਥਾਨਕ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਕਰਨ ਲਈ ਨਿਵੇਸ਼ ਨੂੰ ਉਤਸ਼ਾਹਤ ਕਰ ਰਹੀ ਹੈ**
- **ਮੱਧ ਆਮਦਨ ਵਾਲੇ ਲੋਕਾਂ ਲਈ ਵਧੇਰੇ ਘਰਾਂ ਦਾ ਨਿਰਮਾਣ ਕਰ ਰਹੀ ਹੈ**
- **ਸਾਰੇ ਯੋਗ ਪੌਲਿਸੀ ਧਾਰਕਾਂ ਲਈ ICBC ਛੋਟ ਦੇ ਰਹੀ ਹੈ**

**StrongerBC.ca** 'ਤੇ ਪਤਾ ਕਰੋ ਕਿ ਅਸੀਂ ਇੱਕ ਵਧੇਰੇ ਮਜ਼ਬੂਤ ਬੀ.ਸੀ. ਦਾ ਨਿਰਮਾਣ ਕਿਵੇਂ ਕਰ ਰਹੇ ਹਾਂ

British Columbia | StrongerBC




ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ
ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ
ਪਾਕਿਸਤਾਨ ਗੁਰਧਾਮ ਯਾਤਰਾ
LAHORE - PAKISTAN
Gurdham Tours
SIKH PILGRIMAGE
Experience the Charm of West Punjab, Pakistan
Custom Yatra Trips by Gurdham Tours.
Discover West Punjab's Rich Sikh Spititual & Cultural Heritage
Our Packages Offer:
• Customizable Itenararies: 8 to 11 days
• Flexible Schedule: Anytime of Year
• Travellers from North America, Europe, UK and Australia are welcome!
• Small Groups: 2 to 20 people maximum (Bigger group upon request)
• Experienced Punjabi Tour Guides
• Luxury 3 to 5 Star Hotel Accommodation
• Visit to Ancestral Villages/Homes upon request
• Families with Children welcome
• Cost-effective options - no need to break the bank!
Highlights:
Maharaja Ranjit Singh da Kila!
• Visit up-to 15 historic Gurdwaras.
• Explore Nankana Sahib, Kartarpur, Panja Sahib, and more Sikh holy sites.
• Additional Options: Dargah Sain Mian Mir, Baba Farid ji, Baba Bulley Shah, Waris Shah, and Banga (birth place of Bhagat Singh)
• Experience old and new Lahore city with dedicated tourism and shopping time.
• Discover the mesmerising blend of Sikh and Pakistani Culture!
Whats Included: ✓ Visa Support ✓ Airport/Wagah Border pickup and drop-off ✓ Transport throughout Tour ✓ Accommodation throughout Tour ✓ Support Staff ✓ Bottled Water and Vegetarian / Flexible Meal Plan
Book Your Spiritual and Cultural Journey Today! Contact: Ali Rai (Raikot/Surrey, BC)
Europe - Ripudaman Singh, Aarhus Denmark +4528717247
gurdhamtours@gmail.com
WhatsApp +1 778 895 4446

# ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

**WE CARE**
**MEDICAL CLINIC & PHARMACY**





We are here for your Healthful Life!

## A Trusted Medical Treatment For Everyone

- Medical Reviews & Counseling
- Diabetic Education & Supplies
- Flu Shot/Covid 19 & All Vaccinations
- Smoking Cessation Program
- Ostomy Supplies
- Home Health Care Supplies
- Daily Health Monitoring Program

For Minor Health Conditions

## Get Prescription from The Pharmacist








Compounding Medicine | Over The Counter Medicine | Free Prescription Delivery

**We Care Medical Clinic**
(604)-593-6934 | clinic64@we-care.ca
Unit 100-6329 King George Blvd Surrey, BC V3X 1G1

**Civic Family Health Centre**
(778) 565-7844 | clinic88@we-care.ca
Unit 110-13588 88 Ave, Surrey, BC V3W 3K8

**NewGen Medical Centre**
(778) 564-1898 | clinic63@we-care.ca
6321 King George Blvd #103, Surrey, BC V3X 1G1

**TAKE CHARGE OF YOUR HEALTH TODAY!**

Book your Appointment Today
Call or Visit **www.we-care.ca**



Happy Easter
SABZI MANDI
SUPERMARKET
Serving our Community since 2003
Happy Vaisakhi
Please visit our tent at Surrey Nagar Kirtan at 7750 128st, Surrey
HOT PRICE FRESH CILANTRO ਧਨੀਆਂ Bunch 2 for 99¢
HOT PRICE #1 YELLOW ONIONS #1 ਪੀਲੇ ਗੰਢੇ LIMIT 2, 50lb 9.99 ea
HOT PRICE ROMA TOMATOES ਰੋਮਾ ਟਮਾਟਰ 88¢ /lb
HOT PRICE JUMBO CAULIFLOWER ਗੋਭੀ 2.99 ea
ROSHNI TAMARIND ਰੋਸ਼ਨੀ ਇਮਲੀ 400g 2 for $5
UNBEATABLE DEAL
ROYAL PARTY PLATES ਰੋਯਲ ਪਾਰਟੀ ਪਲੇਟ 40 pack 6.99 ea
HOT PRICE EXTRA FANCY RED ONIONS ਲਾਲ ਗੰਢੇ LIMIT 2, 25lb 9.99 ea
NANAK RASMALAI ਨਾਨਕ ਰਸਮਲਾਈ 850g 8.99 ea
HOT PRICE FRESH GINGER ਅੱਦਰਕ 1.49 /lb
PUNJABI BY NATURE SUJI RUSK ਪੰਜਾਬੀ ਬਾਈ ਨੇਚਰ ਸੂਜੀ ਰੱਸਕ 600g 3.99 ea
CASE LOT SALE
FRESH GINGER ਅੱਦਰਕ 30lb Case $35 ea
JUMBO CAULIFLOWER ਗੋਭੀ Size 12 Case $33 ea
JUMBO CARROTS ਵੱਡੀਆਂ ਗਾਜਰਾਂ 22lb $15 ea
HOT PRICE FRESH SPINACH ਪਾਲਕ Bunch 1.29 ea
AASHIRWAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 9.99 ea
PUNJABI BY NATURE GUR ATTA COOKIES ਪੰਜਾਬੀ ਬਾਈ ਨੇਚਰ ਗੁੜ ਆਟਾ ਕੁਕੀਆਂ 700g 4.99 ea
VERKA DESI GHEE ਵੇਰਕਾ ਦੇਸੀ ਘਿਉ 3kg 41.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
FRESH ZUCCHINI ਤੋਰੀ 79¢ /lb
NANAK PANEER ਨਾਨਕ ਪਨੀਰ 341g 4.99 ea
FRESH BROCCOLI ਬਰੌਕੋਲੀ 1.49 /lb
INDIAN EGGPLANT ਦੇਸੀ ਵਤਾਊਂ 1.49 /lb
RUSSET POTATOES ਆਲੂ 10lb 3.99 ea
FRESH METHI ਮੇਥੀ Bunch 1.99 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. April 18, 2025 - Wed. April 23, 2025
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com